ਸ਼ਨੀਵਾਰ, 29 ਨਵੰਬਰ, 2025
14 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 179

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • SATURDAY, 29 NOVEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਫੈਕਸ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਦਾ ਵੱਜਿਆ ਢੋਲ

## ਪਰਚੀਆਂ 14 ਦਸੰਬਰ ਨੂੰ ਪੈਣਗੀਆਂ ਤੇ ਨਤੀਜੇ 17 ਨੂੰ ਨਿਕਲਣਗੇ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੀਆਂ 23 ਜ਼ਿਲ੍ਹਾ ਪ੍ਰੀਸ਼ਦਾਂ ਅਤੇ 154 ਪੰਚਾਇਤ ਸੰਮਤੀਆਂ ਦੀਆਂ ਚੋਣਾਂ 14 ਦਸੰਬਰ ਨੂੰ ਐਤਵਾਰੀ ਛੁੱਟੀ ਵਾਲੇ ਦਿਨ ਹੋਣਗੀਆਂ ਅਤੇ ਨਤੀਜੇ 17 ਦਸੰਬਰ ਨੂੰ ਐਲਾਨੇ ਜਾਣਗੇ। ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਵੱਲੋਂ ਸ਼ੁੱਕਰਵਾਰ ਇੱਥੇ ਚੋਣ ਪ੍ਰੋਗਰਾਮ ਜਾਰੀ ਕਰਨ ਦੇ ਨਾਲ ਹੀ ਸੂਬੇ 'ਚ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ ਹੈ। ਇਸਤੋਂ ਪਹਿਲਾਂ ਚੋਣਾਂ 19 ਸਤੰਬਰ 2018 ਨੂੰ ਹੋਈਆਂ ਸੀ।

ਚੋਣ ਪ੍ਰੋਗਰਾਮ ਅਨੁਸਾਰ ਜ਼ਿਲ੍ਹਾ ਪ੍ਰੀਸ਼ਦ ਦੇ 357 ਜ਼ੋਨਾਂ ਤੇ ਪੰਚਾਇਤ ਸੰਮਤੀਆਂ ਦੇ 2863 ਜ਼ੋਨਾਂ 'ਚ ਵੋਟਾਂ 14 ਦਸੰਬਰ ਨੂੰ ਸਵੇਰ 8 ਵਜੇ ਤੋਂ ਸ਼ਾਮ ਚਾਰ ਵਜੇ ਤੱਕ ਪੈਣਗੀਆਂ। ਨਾਮਜ਼ਦਗੀ ਕਾਗਜ਼ ਦਾਖਲ ਕਰਨ ਦਾ ਕੰਮ ਪਹਿਲੀ ਦਸੰਬਰ ਤੋਂ ਸ਼ੁਰੂ ਹੋਵੇਗਾ ਅਤੇ ਉਮੀਦਵਾਰ 4 ਦਸੰਬਰ ਨੂੰ ਤਿੰਨ ਵਜੇ ਤੱਕ ਕਾਗਜ਼ ਦਾਖਲ ਕਰ ਸਕਣਗੇ। ਨਾਮਜ਼ਦਗੀ ਕਾਗਜ਼ਾਂ ਦੀ ਪੜਤਾਲ 5 ਦਸੰਬਰ ਨੂੰ ਹੋਵੇਗੀ। ਨਾਮਜ਼ਦਗੀ ਕਾਗਜ਼ 6 ਦਸੰਬਰ ਨੂੰ ਵਾਪਸ ਲਏ ਜਾ ਸਕਣਗੇ। ਉਸ ਉਪਰੰਤ ਚੋਣ ਪ੍ਰਚਾਰ ਸ਼ੁਰੂ ਹੋ ਜਾਵੇਗਾ। ਨਾਮਜ਼ਦਗੀ ਕਾਗਜ਼ ਦਾਖਲ ਕਰਨ ਮੌਕੇ ਵੀਡੀਓ ਗਰਾਫੀ ਵੀ ਕਰਾਈ ਜਾਵੇਗੀ। ਉਮੀਦਵਾਰਾਂ ਲਈ ਜ਼ਿਲ੍ਹਾ ਪ੍ਰੀਸ਼ਦ ਚੋਣ ਵਾਸਤੇ 400 ਰੁਪਏ ਅਤੇ ਪੰਚਾਇਤ ਸੰਮਤੀ ਲਈ 200 ਰੁਪਏ ਜ਼ਮਾਨਤ ਰਾਸ਼ੀ ਰੱਖੀ ਗਈ ਹੈ। ਐੱਸ ਸੀ ਅਤੇ ਬੀ ਸੀ ਉਮੀਦਵਾਰਾਂ ਲਈ ਫੀਸ 50 ਫੀਸਦੀ ਘੱਟ ਹੋਵੇਗੀ। ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਵੱਧ ਤੋਂ ਵੱਧ 2.55 ਲੱਖ ਰੁਪਏ ਅਤੇ ਪੰਚਾਇਤ ਸੰਮਤੀ ਉਮੀਦਵਾਰ 1.10 ਲੱਖ ਰੁਪਏ ਤੱਕ ਚੋਣ ਖਰਚ ਕਰ ਸਕਣਗੇ। ਚੋਣਾਂ ਬੈਲਟ ਬਾਕਸ ਜ਼ਰੀਏ ਹੋਣਗੀਆਂ ਅਤੇ ਇਨ੍ਹਾਂ ਚੋਣਾਂ 'ਚ ਔਰਤਾਂ ਲਈ 50 ਫੀਸਦੀ ਰਾਖਵਾਂਕਰਨ ਲਾਗੂ ਰਹੇਗਾ। ਉਮੀਦਵਾਰ ਲਈ ਨਾਮਜ਼ਦਗੀ ਕਾਗਜ਼ ਦਾਖਲ ਕਰਨ ਸਮੇਂ ਸਵੈ ਘੋਸ਼ਣਾ ਪੱਤਰ ਦੇਣਾ ਵੀ ਲਾਜ਼ਮੀ ਹੋਵੇਗਾ, ਜਿਸ 'ਚ ਉਮੀਦਵਾਰ ਆਪਣੀ ਸੰਪਤੀ ਅਤੇ ਦਰਜ ਕੇਸਾਂ ਦਾ ਵੇਰਵਾ ਨਸ਼ਰ ਕਰੇਗਾ। ਰਾਜ ਚੋਣ ਕਮਿਸ਼ਨਰ ਨੇ ਦੱਸਿਆ ਕਿ ਆਜ਼ਾਦ ਉਮੀਦਵਾਰਾਂ ਨੂੰ ਸਿਆਸੀ ਪਾਰਟੀਆਂ ਵੀ ਸਪਾਂਸਰ ਕਰ ਸਕਣਗੀਆਂ।

ਇਨ੍ਹਾਂ ਚੋਣਾਂ ਲਈ 19,181 ਪੋਲਿੰਗ ਬੂਥ ਅਤੇ 13013 ਪੋਲਿੰਗ ਸਟੇਸ਼ਨ ਬਣਾਏ ਗਏ ਹਨ, ਜਿਨ੍ਹਾਂ 'ਚੋਂ 915 ਅੱਤ ਸੰਵੇਦਨਸ਼ੀਲ ਐਲਾਨੇ ਗਏ ਹਨ। ਇਨ੍ਹਾਂ ਚੋਣਾਂ 'ਚ 1.36 ਕਰੋੜ ਦਿਹਾਤੀ ਵੋਟਰ ਆਪਣੇ ਸਿਆਸੀ ਹੱਕ ਦਾ ਇਸਤੇਮਾਲ ਕਰ ਸਕਣਗੇ। ਚੋਣ ਅਮਲੇ ਦੇ ਕਰੀਬ 96 ਹਜ਼ਾਰ ਮੁਲਾਜ਼ਮ ਡਿਊਟੀ 'ਤੇ ਤਾਇਨਾਤ ਹੋਣਗੇ ਅਤੇ 50 ਹਜ਼ਾਰ ਪੁਲਸ ਮੁਲਾਜ਼ਮਾਂ ਦੀ ਤਾਇਨਾਤੀ ਹੋਵੇਗੀ। ਹਰ ਜ਼ਿਲ੍ਹੇ 'ਚ ਇੱਕ ਚੋਣ ਅਬਜ਼ਰਵਰ ਦੀ ਵੀ ਤਾਇਨਾਤ ਹੋਵੇਗੀ, ਜੋ ਕਿ ਆਈ ਏ ਐੱਸ ਜਾਂ ਸੀਨੀਅਰ ਪੀ ਸੀ ਐੱਸ ਰੈਂਕ ਦਾ ਅਧਿਕਾਰੀ ਹੋਵੇਗਾ। ਹਰ ਜ਼ਿਲ੍ਹੇ 'ਚ ਪੁਲਸ ਅਬਜ਼ਰਵਰ ਵੀ ਤਾਇਨਾਤ ਰਹੇਗਾ।

ਚੋਣਾਂ ਦੇ ਐਲਾਨ ਨਾਲ ਹੀ ਸਿਆਸੀ ਧਿਰਾਂ ਨੇ ਸਰਗਰਮੀ ਵਧਾ ਦਿੱਤੀ ਹੈ ਅਤੇ ਇਹ ਚੋਣਾਂ ਸਭ ਸਿਆਸੀ ਧਿਰਾਂ ਦੀ ਕਾਰਗੁਜ਼ਾਰੀ ਮਾਪਣ ਦਾ ਪੈਮਾਨਾ ਵੀ ਬਣਨਗੀਆਂ। 'ਆਪ' ਸਰਕਾਰ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਪਹਿਲੀ ਵਾਰ ਹੋ ਰਹੀ ਹਨ ਜਦੋਂ ਕਿ ਪੰਚਾਇਤਾਂ ਦੀਆਂ ਚੋਣਾਂ ਵੀ ਕਰੀਬ ਇੱਕ ਸਾਲ ਪਹਿਲਾਂ 15 ਅਕਤੂਬਰ 2024 ਨੂੰ ਕਰਾਈਆਂ ਗਈਆਂ ਸਨ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਹਾਈ ਕੋਰਟ 'ਚ ਇਹ ਚੋਣਾਂ ਪੰਜ ਦਸੰਬਰ ਤੱਕ ਕਰਾਏ ਜਾਣ ਬਾਰੇ ਹਲਫੀਆ ਬਿਆਨ ਦਾਇਰ ਕੀਤਾ ਸੀ ਪਰ ਬਲਾਕਾਂ ਦੇ ਪੁਨਰਗਠਨ ਅਤੇ ਹੜ੍ਹ ਆਉਣ ਕਰਕੇ ਇਨ੍ਹਾਂ ਚੋਣਾਂ ਨੂੰ ਟਾਲਣਾ ਪਿਆ।

# ਸਰਹੱਦੀ ਜ਼ਿਲ੍ਹਿਆਂ ਲਈ 300 ਮਾਹਰ ਡਾਕਟਰ ਸੂਚੀਬੱਧ ਕਰਨ ਦੀ ਸਹਿਮਤੀ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਪੰਜਾਬ ਕੈਬਨਿਟ ਨੇ ਸ਼ੁੱਕਰਵਾਰ ਸਰਹੱਦੀ ਖੇਤਰਾਂ 'ਚ ਡਾਕਟਰਾਂ ਦੀ ਤਾਇਨਾਤੀ ਲਈ ਨਵੀਂ ਨੀਤੀ ਬਣਾਉਣ ਦਾ ਫੈਸਲਾ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ 'ਚ ਲਏ ਗਏ ਫੈਸਲੇ ਮੁਤਾਬਕ ਸੱਤ ਸਰਹੱਦੀ ਜ਼ਿਲ੍ਹਿਆਂ 'ਚ ਤਾਇਨਾਤ ਹੋਣ ਵਾਲੇ ਡਾਕਟਰਾਂ ਨੂੰ ਨਵੀਂ ਨੀਤੀ ਦੇ ਹੋਂਦ 'ਚ ਆਉਣ ਉਪਰੰਤ ਵਿਸ਼ੇਸ਼ ਭੱਤਾ ਮਿਲੇਗਾ। ਕੈਬਨਿਟ ਨੇ 12 ਅਹਿਮ ਸ਼੍ਰੇਣੀਆਂ, ਜਿਨ੍ਹਾਂ ਵਿੱਚ ਮੈਡੀਸਨ, ਪੈਡੀਐਟ੍ਰਿਕ (ਬੱਚਿਆਂ ਦੇ ਮਾਹਿਰ), ਸਾਈਕੈਟਰੀ (ਮਨੋਰੋਗਾਂ ਦੇ ਮਾਹਿਰ), ਡਰਮਾਟੋਲੋਜੀ (ਚਮੜੀ ਰੋਗਾਂ ਦੇ ਮਾਹਿਰ), ਚੈਸਟ ਤੇ ਟੀ.ਬੀ. (ਛਾਤੀ ਦੇ ਰੋਗਾਂ ਦੇ ਮਾਹਿਰ), ਸਰਜਰੀ, ਗਾਇਨਾਕੋਲੋਜੀ (ਔਰਤਾਂ ਦੇ ਰੋਗਾਂ ਦੇ ਮਾਹਿਰ), ਓਰਥੋਪੈਡਿਕਸ (ਹੱਡੀਆਂ ਦੇ ਮਾਹਿਰ), ਓਪਥਾਮੋਲੋਜੀ (ਅੱਖਾਂ ਦੇ ਰੋਗਾਂ ਦੇ ਮਾਹਿਰ), ਈ.ਐੱਨ.ਟੀ. (ਕੰਨ, ਨੱਕ ਤੇ ਗਲਾ ਰੋਗਾਂ ਦੇ ਮਾਹਿਰ) ਅਤੇ ਐਨਿਸਥੀਸੀਓਲੋਜੀ ਸ਼ਾਮਲ ਹਨ, ਦੇ 300 ਮਾਹਿਰ ਡਾਕਟਰਾਂ ਨੂੰ ਸੂਚੀਬੱਧ ਕਰਨ ਦਾ ਫੈਸਲਾ ਕੀਤਾ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੰਤਰੀ ਮੰਡਲ ਦੇ ਫੈਸਲਿਆਂ ਦੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸਰਹੱਦੀ ਜ਼ਿਲ੍ਹਿਆਂ 'ਚ ਅਸਾਮੀਆਂ ਖਾਲੀ ਰਹਿ ਜਾਂਦੀਆਂ ਹਨ, ਜਿਨ੍ਹਾਂ ਨੂੰ ਹੁਣ ਤਰਕਸੰਗਤ ਕੀਤਾ ਜਾਵੇਗਾ। ਵਿੱਤ ਮੰਤਰੀ ਨੇ ਦੱਸਿਆ ਕਿ ਸਿਹਤ ਖੇਤਰ 'ਚ ਬਿਹਤਰ ਸੇਵਾਵਾਂ ਲਈ ਤਿੰਨ ਸੌ ਪ੍ਰਾਈਵੇਟ ਮਾਹਰ ਡਾਕਟਰਾਂ ਨੂੰ ਪੈਨਲ 'ਚ ਸ਼ਾਮਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਨ੍ਹਾਂ ਪ੍ਰਾਈਵੇਟ ਡਾਕਟਰਾਂ ਨੂੰ ਓ ਪੀ ਡੀ ਅਤੇ ਆਈ ਪੀ ਡੀ 'ਚ ਸੇਵਾਵਾਂ ਬਦਲੇ ਪ੍ਰਤੀ ਮਰੀਜ਼ ਇੱਕ ਸੌ ਰੁਪਏ ਮਿਲਣਗੇ। ਓ ਪੀ ਡੀ 'ਚ ਇਹ ਡਾਕਟਰ 50 ਤੋਂ ਡੇਢ ਸੌ ਮਰੀਜ਼ ਚੈੱਕ ਕਰ ਸਕਣਗੇ ਜਦੋਂ ਕਿ ਆਈ ਪੀ ਡੀ 'ਚ ਦੋ ਤੋਂ 20 ਮਰੀਜ਼ਾਂ ਤੱਕ ਚੈੱਕ ਕਰਨ ਦੀ ਸੀਮਾ ਤੈਅ ਕੀਤੀ ਗਈ ਹੈ। ਚੀਮਾ ਨੇ ਦੱਸਿਆ ਕਿ ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਦੀ ਅਗਰ ਰਾਤ ਦੀ ਡਿਊਟੀ ਹੈ ਤਾਂ ਉਨ੍ਹਾਂ ਨੂੰ ਦਿਨ ਵਕਤ ਬੁਲਾਏ ਜਾਣ 'ਤੇ ਪ੍ਰਤੀ ਵਿਜ਼ਟ ਇੱਕ ਹਜ਼ਾਰ ਰੁਪਏ ਮਿਲਣਗੇ, ਜਦੋਂ ਕਿ ਰਾਤ ਨੂੰ ਬੁਲਾਏ ਜਾਣ 'ਤੇ ਪ੍ਰਤੀ ਵਿਜ਼ਟ ਦੋ ਹਜ਼ਾਰ ਰੁਪਏ ਮਿਲਣਗੇ। ਕੈਬਨਿਟ ਨੇ ਪੰਜਾਬ ਸਹਿਕਾਰੀ ਸਭਾਵਾਂ ਦੇ ਨਿਯਮ, 1963 ਤਹਿਤ ਨਿਯਮ 28ਏ-ਯੂਨੀਫਾਰਮ ਡਿਸਪਲਨਰੀ ਤੇ ਅਪੀਲੀ ਢਾਂਚੇ ਲਈ ਵੀ ਸਹਿਮਤੀ ਦਿੱਤੀ। ਇਹ ਅਪੀਲੀ ਚੈਨਲਾਂ ਦੀ ਨਕਲ ਰੋਕਣ ਨੂੰ ਯਕੀਨੀ ਬਣਾਏਗਾ ਅਤੇ ਬੋਰਡ ਜਾਂ ਇਸ ਦੀਆਂ ਕਮੇਟੀਆਂ ਦੇ ਅੰਦਰ ਵਿਰੋਧੀ ਫੈਸਲਿਆਂ ਤੋਂ ਬਚੇਗਾ ਅਤੇ ਅਨੁਸ਼ਾਸਨੀ ਕਾਰਵਾਈਆਂ ਵਿੱਚ ਕਮਾਂਡ ਦੀ ਲੜੀ ਨੂੰ ਸਪੱਸ਼ਟ ਕਰੇਗਾ।

ਮੰਤਰੀ ਮੰਡਲ ਨੇ ਮਾਈਨਿੰਗ ਸੇਵਾਵਾਂ ਨੂੰ ਵਧੇਰੇ ਕੁਸ਼ਲ, ਨਾਗਰਿਕ-ਪੱਖੀ ਅਤੇ ਪਾਰਦਰਸ਼ੀ ਬਣਾਉਣ ਲਈ ਪੰਜਾਬ ਰਾਜ ਮਾਈਨਰ ਮਿਨਰਲਜ਼ (ਸੋਧ) ਨੀਤੀ 2025 ਅਨੁਸਾਰ ਪੰਜਾਬ ਮਾਈਨਰ ਮਿਨਰਲ ਨਿਯਮ, 2013 ਵਿੱਚ ਸੋਧ ਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ।

ਸੂਬੇ ਵਿੱਚ ਅਲਾਟ ਕੀਤੀਆਂ ਜਾਣ ਵਾਲੀਆਂ ਕਰੱਸ਼ਰ ਮਾਈਨਿੰਗ ਸਾਈਟਾਂ ਅਤੇ ਜ਼ਮੀਨ ਮਾਲਕ ਦੀਆਂ ਮਾਈਨਿੰਗ ਸਾਈਟਾਂ ਦੇ ਮਾਈਨਿੰਗ ਲੀਜ਼ ਧਾਰਕਾਂ ਨੂੰ ਮਾਈਨਿੰਗ ਅਧਿਕਾਰਾਂ ਦੀ ਵੰਡ ਲਈ ਮੌਜੂਦਾ ਪੰਜਾਬ ਮਾਈਨਰ ਮਿਨਰਲਜ਼ ਰੂਲਜ਼ 2013 ਵਿੱਚ ਇਨ੍ਹਾਂ ਨਵੇਂ ਨਿਯਮਾਂ/ਸੋਧਾਂ ਨੂੰ ਜੋੜਨ/ਬਦਲਣ ਦੀ ਲੋੜ ਸੀ।

# ਵਕਫ ਜਾਇਦਾਦਾਂ ਬਾਰੇ ਸੁਣਵਾਈ ਪਹਿਲੀ ਨੂੰ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਵੱਖ-ਵੱਖ ਅਰਜ਼ੀਆਂ, ਜਿਨ੍ਹਾਂ ਵਿੱਚ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੀ ਅਰਜ਼ੀ ਵੀ ਸ਼ਾਮਲ ਹੈ, ਦੀ ਸੁਣਵਾਈ ਇੱਕ ਦਸੰਬਰ ਨੂੰ ਕਰਨ ਲਈ ਸਹਿਮਤੀ ਦੇ ਦਿੱਤੀ।

ਇਹ ਅਰਜ਼ੀਆਂ ਉਮੀਦ ਪੋਰਟਲ ਦੇ ਤਹਿਤ ਸਾਰੀਆਂ ਵਕਫ ਜਾਇਦਾਦਾਂ, ਜਿਸ ਵਿੱਚ ਵਕਫ ਬਾਏ ਯੂਜ਼ਰ ਵੀ ਸ਼ਾਮਲ ਹੈ, ਦੀ ਜ਼ਰੂਰੀ ਰਜਿਸਟਰੇਸ਼ਨ ਲਈ ਸਮਾਂ ਵਧਾਉਣ ਦੀ ਮੰਗ ਕਰਦੀਆਂ ਹਨ।

ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੀ ਬੈਂਚ ਨੇ ਪਟੀਸ਼ਨਕਰਤਾਵਾਂ ਵਿੱਚੋਂ ਇੱਕ ਵੱਲੋਂ ਪੇਸ਼ ਹੋਏ ਵਕੀਲ ਫੁਜ਼ੈਲ ਅਹਿਮਦ ਅੱਯੂਬੀ ਦੀਆਂ ਦਲੀਲਾਂ ਦਾ ਨੋਟਿਸ ਲਿਆ ਕਿ ਇਨ੍ਹਾਂ ਅਰਜ਼ੀਆਂ ਨੂੰ ਤੁਰੰਤ ਸੁਣਵਾਈ ਲਈ ਸੂਚੀਬੱਧ ਕਰਨ ਦੀ ਲੋੜ ਹੈ।

ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਤੋਂ ਇਲਾਵਾ, ਏ ਆਈ ਐੱਮ ਆਈ ਐੱਮ ਨੇਤਾ ਅਸਦੁਦੀਨ ਓਵੈਸੀ ਅਤੇ ਕਈ ਹੋਰਾਂ ਨੇ ਸਾਰੀਆਂ ਵਕਫ ਜਾਇਦਾਦਾਂ ਦੀ ਜ਼ਰੂਰੀ ਰਜਿਸਟਰੇਸ਼ਨ ਲਈ ਸਮਾਂ ਵਧਾਉਣ ਦੀ ਮੰਗ ਕਰਦੇ ਹੋਏ ਸਿਖਰਲੀ ਅਦਾਲਤ ਵਿੱਚ ਪਹੁੰਚ ਕੀਤੀ ਹੈ।

# ਟਰੰਪ ਵੱਲੋਂ ਤੀਜੀ ਦੁਨੀਆ ਦੇ ਪ੍ਰਵਾਸੀਆਂ 'ਤੇ ਸਖਤੀ ਦਾ ਐਲਾਨ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸ਼ੁੱਕਰਵਾਰ ਕਿਹਾ ਕਿ ਉਹ ਤੀਜੀ ਦੁਨੀਆ ਦੇ ਦੇਸ਼ਾਂ ਤੋਂ ਪ੍ਰਵਾਸ ਨੂੰ ਹਮੇਸ਼ਾ ਲਈ ਰੋਕ ਦੇਣਗੇ ਅਤੇ ਵਿਦੇਸ਼ੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇਣਗੇ, ਜੋ ਸੁਰੱਖਿਆ ਲਈ ਖਤਰਾ ਹਨ। ਉਨ੍ਹਾ ਦਾ ਇਹ ਬਿਆਨ ਇੱਕ ਅਫਗਾਨ ਨਾਗਰਿਕ ਵੱਲੋਂ ਨੈਸ਼ਨਲ ਗਾਰਡ ਮੈਂਬਰ ਦੀ ਹੱਤਿਆ ਤੋਂ ਬਾਅਦ ਆਇਆ ਹੈ। ਇਸ ਉਪਰੰਤ ਉਨ੍ਹਾ ਦੇ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ 'ਤੇ ਕਾਰਵਾਈ ਤੇਜ਼ ਕਰ ਦਿੱਤੀ ਹੈ।

ਟਰੰਪ ਪ੍ਰਸ਼ਾਸਨ ਨੇ ਵਾਸ਼ਿੰਗਟਨ ਡੀਸੀ ਵਿੱਚ ਹੋਈ ਗੋਲੀਬਾਰੀ ਦੇ ਮੱਦੇਨਜ਼ਰ 19 ਚਿੰਤਾਜਨਕ ਦੇਸ਼ਾਂ ਦੇ ਪ੍ਰਵਾਸੀਆਂ ਨੂੰ ਜਾਰੀ ਕੀਤੇ ਗਏ ਸਾਰੇ ਗ੍ਰੀਨ ਕਾਰਡਾਂ ਦੀ ਵਿਆਪਕ ਸਮੀਖਿਆ ਦਾ ਐਲਾਨ ਕੀਤਾ ਹੈ। ਗੋਲੀਬਾਰੀ ਦਾ ਸ਼ੱਕੀ ਅਫਗਾਨ ਨਾਗਰਿਕ ਰਹਿਮਾਨੁੱਲਾ ਲਕਨਵਾਲ, ਅਫਗਾਨਾਂ ਲਈ ਬਾਇਡਨ-ਯੁੱਗ ਦੇ ਮੁੜਵਸੇਬਾ ਪ੍ਰੋਗਰਾਮ ਅਪ੍ਰੇਸ਼ਨ ਅਲਾਈਜ਼ ਵੈਲਕਮ ਰਾਹੀਂ ਅਮਰੀਕਾ ਵਿੱਚ ਦਾਖਲ ਹੋਇਆ ਸੀ।

ਟਰੰਪ ਨੇ ਕਿਹਾ ਕਿ ਉਨ੍ਹਾ ਦੀ ਯੋਜਨਾ ਤੀਜੀ ਦੁਨੀਆ ਦੇ ਦੇਸ਼ਾਂ ਤੋਂ ਇਮੀਗ੍ਰੇਸ਼ਨ 'ਤੇ ਅਣਮਿੱਥੇ ਸਮੇਂ ਲਈ ਰੋਕ ਲਗਾਉਣ ਦੀ ਹੈ।

ਯੂ ਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੇ ਡਾਇਰੈਕਟਰ ਜੋਸਫ ਐਡਲੋ ਨੇ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਪ੍ਰਵਾਸੀਆਂ ਨੂੰ ਜਾਰੀ ਕੀਤੇ ਗਏ ਹਰੇਕ ਗ੍ਰੀਨ ਕਾਰਡ ਦੀ ਪੂਰੇ ਪੈਮਾਨੇ 'ਤੇ ਸਖਤ ਮੁੜ-ਜਾਂਚ ਦਾ ਆਦੇਸ਼ ਦਿੱਤਾ ਹੈ। ਐਡਲੋ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, "ਦੇਸ਼ ਅਤੇ ਅਮਰੀਕੀ ਲੋਕਾਂ ਦੀ ਸੁਰੱਖਿਆ ਸਭ ਤੋਂ ਮਹੱਤਵਪੂਰਨ ਹੈ।" ਉਨ੍ਹਾ ਪਿਛਲੇ ਪ੍ਰਸ਼ਾਸਨ ਦੀਆਂ ਲਾਪਰਵਾਹ ਮੁੜਵਸੇਬਾ ਨੀਤੀਆਂ ਦੀ ਆਲੋਚਨਾ ਕੀਤੀ। ਯੂ ਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਏਜੰਸੀ ਨੂੰ ਹੁਣ 19 ਉੱਚ-ਜੋਖਮ ਵਾਲੇ ਦੇਸ਼ਾਂ ਦੇ ਲੋਕਾਂ ਲਈ ਇਮੀਗ੍ਰੇਸ਼ਨ ਲਾਭਾਂ ਦਾ ਮੁਲਾਂਕਣ ਕਰਦੇ ਸਮੇਂ ਨਕਾਰਾਤਮਕ, ਦੇਸ਼-ਵਿਸ਼ੇਸ਼ ਕਾਰਕਾਂ 'ਤੇ ਵਿਚਾਰ ਕਰਨ ਲਈ ਅਧਿਕਾਰਤ ਕੀਤਾ ਗਿਆ ਹੈ। ਇਨ੍ਹਾਂ ਦੇਸ਼ਾਂ ਵਿੱਚ ਅਫਗਾਨਿਸਤਾਨ, ਮਿਆਂਮਾਰ, ਬੁਰੂੰਡੀ, ਚਾਡ, ਕਾਂਗੋ ਗਣਰਾਜ, ਕਿਊਬਾ, ਇਕਵਾਟੋਰੀਅਲ ਗਿਨੀ, ਇਰੀਟਰੀਆ, ਹੈਤੀ, ਈਰਾਨ, ਲਾਓਸ, ਲੀਬੀਆ, ਸੀਅਰਾ ਲਿਓਨ, ਸੋਮਾਲੀਆ, ਸੂਡਾਨ, ਟੋਗੋ, ਤੁਰਕਮੇਨਿਸਤਾਨ, ਵੈਨੇਜ਼ੁਏਲਾ ਅਤੇ ਯਮਨ ਸ਼ਾਮਲ ਹਨ।

ਇਹ ਦੇਸ਼ ਜੂਨ ਵਿੱਚ ਟਰੰਪ ਵੱਲੋਂ ਜਾਰੀ ਇੱਕ ਯਾਤਰਾ-ਪਾਬੰਦੀ ਘੋਸ਼ਣਾ ਵਿੱਚ ਵੀ ਸ਼ਾਮਲ ਸਨ, ਜੋ ਰਾਸ਼ਟਰੀ ਸੁਰੱਖਿਆ ਕਾਰਨਾਂ ਕਰਕੇ ਕੁਝ ਵਿਦੇਸ਼ੀ ਨਾਗਰਿਕਾਂ ਦੇ ਦਾਖਲੇ 'ਤੇ ਪਾਬੰਦੀ ਲਗਾਉਂਦਾ ਸੀ। ਹਾਲਾਂਕਿ ਇਹ ਨਵੀਂ ਜਾਂਚ ਬੁੱਧਵਾਰ ਨੂੰ ਯੂ ਐੱਸ ਆਰਮੀ ਸਪੈਸ਼ਲਿਸਟ ਸਾਰਾਹ ਬੈਕਸਟਰੋਮ (20) ਅਤੇ ਯੂ ਐੱਸ ਏਅਰ ਫੋਰਸ ਸਟਾਫ ਸਾਰਜੈਂਟ ਐਂਡਰਿਊ ਵੁਲਫ (24) ਉੱਤੇ ਗੋਲੀਬਾਰੀ ਤੋਂ ਬਾਅਦ ਆਈ ਹੈ।

ਟਰੰਪ ਨੇ ਧੰਨਵਾਦ ਦਿਵਸ 'ਤੇ ਐਲਾਨ ਕੀਤਾ ਕਿ ਬੈਕਸਟਰੋਮ ਦੀ ਮੌਤ ਹੋ ਗਈ ਹੈ, ਜਦੋਂ ਕਿ ਵੁਲਫ ਗੰਭੀਰ ਹਾਲਤ ਵਿੱਚ ਰਹੇ। ਟਰੰਪ ਨੇ ਡੀ ਸੀ ਗੋਲੀਬਾਰੀ ਨੂੰ ਇੱਕ ਅੱਤਵਾਦੀ ਹਮਲਾ ਦੱਸਿਆ ਅਤੇ ਪਿਛਲੀ ਅਫਗਾਨ ਨਿਕਾਸੀ ਕੋਸ਼ਿਸ਼ ਦੀ ਆਲੋਚਨਾ ਕਰਦੇ ਹੋਏ ਦਾਅਵਾ ਕੀਤਾ ਕਿ ਜਿਨ੍ਹਾਂ ਲੋਕਾਂ ਨੂੰ ਏਅਰਲਿਫਟ ਕੀਤਾ ਗਿਆ ਸੀ, ਉਨ੍ਹਾਂ ਦੀ ਨਾਕਾਫੀ ਸਕ੍ਰੀਨਿੰਗ ਕੀਤੀ ਗਈ ਸੀ।

# ਪਾਕਿਸਤਾਨ ਜ਼ਿੰਦਾਬਾਦ ਕਰਨ ਵਾਲੇ ਨੂੰ ਜ਼ਮਾਨਤ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅਪ੍ਰੇਸ਼ਨ ਸਿੰਧੂਰ ਦੌਰਾਨ 'ਪਾਕਿਸਤਾਨ ਜ਼ਿੰਦਾਬਾਦ' ਦਾ ਨਾਅਰਾ ਲਗਾਉਣ ਵਾਲੇ ਅਮੀਨ ਨੂੰ ਸ਼ੁੱਕਰਵਾਰ ਜ਼ਮਾਨਤ ਦੇ ਦਿੱਤੀ। ਪੰਚਕੂਲਾ ਦੇ ਅਮੀਨ ਵਿਰੁੱਧ ਦਾਇਰ ਸ਼ਿਕਾਇਤ ਵਿੱਚ ਇਲਜ਼ਾਮ ਲਗਾਇਆ ਗਿਆ ਸੀ ਕਿ ਉਸਨੇ ਭਾਰਤੀ ਫੌਜ ਦੇ ਪਾਕਿਸਤਾਨ ਵਿਰੁੱਧ ਅਪ੍ਰੇਸ਼ਨ ਸਿੰਧੂਰ ਦੌਰਾਨ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਏ ਸਨ। ਉਸਨੂੰ 10 ਮਈ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਪੰਚਕੂਲਾ ਸੈਸ਼ਨ ਕੋਰਟ ਨੇ ਉਸਦੀ ਜ਼ਮਾਨਤ ਰੱਦ ਕਰ ਦਿੱਤੀ ਸੀ।

ਹਾਈ ਕੋਰਟ ਨੇ ਕਿਹਾ ਕਿ ਉਹ ਮਾਮਲੇ ਦੀ ਯੋਗਤਾ 'ਤੇ ਟਿੱਪਣੀ ਨਹੀਂ ਕਰਨੀ ਚਾਹੁੰਦੀ ਪਰ ਮੁਕੱਦਮਾ ਚੱਲਣ ਤੋਂ ਪਹਿਲਾਂ ਹੀ ਉਹ ਛੇ ਮਹੀਨਿਆਂ ਤੋਂ ਅੰਦਰ ਹੈ, ਇਸ ਕਰਕੇ ਜ਼ਮਾਨਤ ਦੇ ਰਹੀ ਹੈ।

## ਕਪਿਲ ਮਾਮਲੇ 'ਚ ਲੁਧਿਆਣਾ ਤੋਂ ਸ਼ੱਕੀ ਗੈਂਗਸਟਰ ਨੱਪਿਆ



**ਨਵੀਂ ਦਿੱਲੀ** : ਪੁਲਸ ਨੇ 7 ਅਗਸਤ ਨੂੰ ਕੈਨੇਡਾ ਵਿੱਚ ਕਾਮੇਡੀਅਨ ਕਪਿਲ ਸ਼ਰਮਾ ਦੇ ਰੈਸਟੋਰੈਂਟ 'ਤੇ ਗੋਲੀਬਾਰੀ ਵਿੱਚ ਕਥਿਤ ਤੌਰ 'ਤੇ ਸ਼ਾਮਲ ਇੱਕ ਸ਼ੱਕੀ ਗੈਂਗਸਟਰ ਬੰਧੂ ਮਾਨ ਸਿੰਘ ਨੂੰ ਲੁਧਿਆਣਾ ਤੋਂ ਗ੍ਰਿਫਤਾਰ ਕੀਤਾ ਹੈ। ਦੋਸ਼ ਹੈ ਕਿ ਉਸ ਨੇ ਸ਼ੂਟਰਾਂ ਨੂੰ ਲੌਜਿਸਟਿਕ ਸਹਾਇਤਾ ਪ੍ਰਦਾਨ ਕੀਤੀ ਸੀ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਸ ਨੇ ਗੋਲੀਬਾਰੀ ਤੋਂ ਬਾਅਦ ਇੱਕ ਕਾਰ ਪ੍ਰਦਾਨ ਕਰਕੇ ਅਤੇ ਵਾਹਨ ਲਈ ਇੱਕ ਸੁਰੱਖਿਅਤ ਪਾਰਕਿੰਗ ਸਥਾਨ ਦਾ ਪ੍ਰਬੰਧ ਕਰਕੇ ਹਮਲਾਵਰਾਂ ਦੀ ਮਦਦ ਕੀਤੀ ਸੀ। ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਮੁਲਜ਼ਮ ਕੈਨੇਡਾ-ਅਧਾਰਤ ਗੈਂਗਸਟਰ ਗੋਲਡੀ ਦਾ ਨਜ਼ਦੀਕੀ ਸਾਥੀ ਹੈ। ਉਹ ਕੈਨੇਡਾ ਵਿੱਚ ਉਸ ਦੇ ਖਿਲਾਫ ਕੇਸ ਦਰਜ ਹੋਣ ਤੋਂ ਬਾਅਦ ਭੱਜ ਕੇ ਲੁਧਿਆਣਾ ਆ ਗਿਆ ਸੀ। ਉਸ ਦੇ ਕਬਜ਼ੇ ਵਿੱਚੋਂ ਇੱਕ ਚੀਨੀ ਪਿਸਤੌਲ ਬਰਾਮਦ ਕੀਤਾ ਗਿਆ ਹੈ।

## 79 ਪੁਲਸ ਅਫਸਰਾਂ ਦੇ ਤਬਾਦਲੇ

**ਚੰਡੀਗੜ੍ਹ** : ਪੰਜਾਬ ਪੁਲਸ ਵਿੱਚ ਸ਼ੁੱਕਰਵਾਰ ਵੱਡੇ ਫੇਰਬਦਲ 'ਚ 18 ਆਈ ਪੀ ਐੱਸ ਅਤੇ 61 ਡੀ ਐੱਸ ਪੀ ਰੈਂਕ ਦੇ ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਗਏ। ਇਨ੍ਹਾਂ ਵਿੱਚ ਇੱਕ ਡੀ ਆਈ ਜੀ, ਦੋ ਏ ਆਈ ਜੀ ਅਤੇ 15 ਐੱਸ ਪੀ ਸ਼ਾਮਲ ਹਨ। ਡੀ ਆਈ ਜੀ ਸੁਰਿੰਦਰਜੀਤ ਸਿੰਘ ਮਾਨ ਨੂੰ ਜੇਲ੍ਹ ਵਿਭਾਗ ਵਿੱਚ ਤਾਇਨਾਤ ਕੀਤਾ ਗਿਆ ਹੈ। ਪਰਮਬੀਰ ਸਿੰਘ ਪਰਮਾਰ ਨੂੰ ਏ ਆਈ ਜੀ, ਕਾਨੂੰਨ ਅਤੇ ਵਿਵਸਥਾ ਜਦੋਂ ਕਿ ਕੰਵਲਦੀਪ ਸਿੰਘ ਨੂੰ ਏ ਆਈ ਜੀ, ਬਿਊਰੋ ਆਫ ਇਨਵੈਸਟੀਗੇਸ਼ਨ ਲਾਇਆ ਗਿਆ ਹੈ।

## ਪੂਤਿਨ 4 ਨੂੰ ਆਉਣਗੇ

**ਨਵੀਂ ਦਿੱਲੀ** : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ 4 ਦਸੰਬਰ ਤੋਂ ਦੋ ਦਿਨਾਂ ਲਈ ਭਾਰਤ ਦੇ ਦੌਰੇ 'ਤੇ ਆਉਣਗੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਾਲਾਨਾ ਸੰਮੇਲਨ ਵਾਰਤਾ ਕਰਨਗੇ। ਵਿਦੇਸ਼ ਮੰਤਰਾਲੇ ਨੇ ਇਸ ਦੌਰੇ ਦਾ ਐਲਾਨ ਕਰਦਿਆਂ ਕਿਹਾ ਕਿ ਇਹ ਭਾਰਤ-ਰੂਸ ਦੀ 'ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਕ ਭਾਈਵਾਲੀ' ਨੂੰ ਹੋਰ ਮਜ਼ਬੂਤ ਕਰੇਗਾ। ਇਸਤੋਂ ਪਹਿਲਾਂ ਪੂਤਿਨ 2021 ਵਿੱਚ ਨਵੀਂ ਦਿੱਲੀ ਆਏ ਸਨ।

## ਤਿੰਨ ਪਾਕਿਸਤਾਨੀ ਛੱਡੇ

**ਅੰਮ੍ਰਿਤਸਰ** : ਭਾਰਤ ਸਰਕਾਰ ਵੱਲੋਂ ਸ਼ੁੱਕਰਵਾਰ ਤਿੰਨ ਪਾਕਿਸਤਾਨੀ ਕੈਦੀਆਂ ਨੂੰ ਰਿਹਾਅ ਕੀਤਾ ਗਿਆ, ਜੋ ਗੈਰਕਾਨੂੰਨੀ ਢੰਗ ਨਾਲ ਭਾਰਤ ਆਏ ਸਨ ਅਤੇ ਉਨ੍ਹਾਂ ਕੋਲੋਂ ਨਸ਼ੀਲਾ ਪਦਾਰਥ ਹੈਰੋਇਨ ਬਰਾਮਦ ਹੋਇਆ ਸੀ। ਵਤਨ ਵਾਪਸ ਪਰਤੇ ਪਾਕਿਸਤਾਨੀ ਕੈਦੀਆਂ ਨੇ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਕੈਦੀਆਂ ਦੀਆਂ ਨਿਰਧਾਰਤ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ, ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਆਪੋ-ਆਪਣੇ ਮੁਲਕ ਵਾਪਸ ਭੇਜਿਆ ਜਾਵੇ।

ਮੁਹੰਮਦ ਰਮਜ਼ਾਨ, ਮੁਹੰਮਦ ਇਕਬਾਲ ਅਤੇ ਅਸਗਰ ਅਲੀ ਨੂੰ ਅਟਾਰੀ ਸਰਹੱਦ 'ਤੇ ਪਾਕਿਸਤਾਨੀ ਰੇਂਜਰਾਂ ਹਵਾਲੇ ਕਰ ਦਿੱਤਾ ਗਿਆ।

# ਕੈਨੇਡਾ 'ਚ ਮਨਦੀਪ ਕੌਰ ਖਹਿਰਾ ਦੇ ਕਤਲ ਦੇ ਦੋਸ਼ 'ਚ ਦਿਓਰ ਗ੍ਰਿਫਤਾਰ



**ਵੈਨਕੂਵਰ** : ਕੈਨੇਡਾ ਦੇ ਡੈਲਟਾ ਸ਼ਹਿਰ ਵਿੱਚ ਇੱਕ ਮਹੀਨਾ ਪਹਿਲਾਂ ਹਾਈਵੇਅ 17 'ਤੇ 70 ਸਟਰੀਟ ਨੇੜੇ ਸੜੀ ਹੋਈ ਕਾਰ 'ਚੋਂ ਮਿਲੀ ਔਰਤ ਦੀ ਲਾਸ਼ ਸੰਬੰਧੀ ਮਾਮਲੇ ਦੀ ਪੜਤਾਲ ਦੌਰਾਨ ਪੁਲਸ ਨੇ ਮ੍ਰਿਤਕਾ ਮਨਦੀਪ ਕੌਰ ਖਹਿਰਾ ਦੇ ਦਿਓਰ ਨੂੰ ਗ੍ਰਿਫਤਾਰ ਕਰ ਲਿਆ ਹੈ। ਗੁਰਜੋਤ ਸਿੰਘ ਖਹਿਰਾ (24) ਵਾਸੀ ਸਰੀ ਉੱਤੇ ਦੂਜਾ ਦਰਜਾ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ, ਜਿਸ ਨੂੰ 11 ਦਸੰਬਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

ਮਨਦੀਪ ਕੌਰ ਪਹਿਲਾਂ ਐਡਮਿੰਟਨ ਰਹਿੰਦੀ ਸੀ, ਪਰ ਵਿਆਹ ਤੋਂ ਬਾਅਦ ਪਤੀ ਕੋਲ ਸਰੀ ਜਾ ਵਸੀ। ਉਹ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਗੁੱਜਰਵਾਲ ਤੋਂ ਸਿਧਵਾਂ ਬੇਟ ਨੇੜਲੇ ਪਿੰਡ ਲੋਧੀਵਾਲ ਦੇ ਪਿਛੋਕੜ ਵਾਲੇ ਪਰਵਾਰ 'ਚ ਵਿਆਹੀ ਗਈ ਸੀ। ਪੜਤਾਲ ਦੌਰਾਨ ਮ੍ਰਿਤਕਾ ਦੇ ਦਿਓਰ ਖਿਲਾਫ ਪੁਲਸ ਦੇ ਹੱਥ ਠੋਸ ਸਬੂਤ ਲੱਗੇ ਹਨ। ਡੈਲਟਾ ਪੁਲਸ ਵੱਲੋਂ ਹੱਤਿਆ ਦਾ ਕਾਰਨ ਅਤੇ ਹਾਦਸੇ ਦੇ ਵੇਰਵਿਆਂ ਬਾਰੇ ਪੂਰਾ ਖੁਲਾਸਾ ਨਹੀਂ ਕੀਤਾ ਗਿਆ ਹੈ। ਕੈਨੇਡਾ ਵਿੱਚ ਹੀ ਕਿਸੇ ਹੋਰ ਥਾਂ ਰਹਿੰਦੇ ਮਨਦੀਪ ਕੌਰ ਦੇ ਪਿਤਾ ਜਗਦੇਵ ਸਿੰਘ ਜੱਗੀ ਨੂੰ ਕਾਰ ਹਾਦਸੇ ਦੀ ਸੂਚਨਾ ਮਿਲੀ ਸੀ। 6 ਨਵੰਬਰ ਨੂੰ ਸਰੀ ਵਿਖੇ ਮਨਦੀਪ ਕੌਰ ਦਾ ਸਸਕਾਰ ਕਰਨ ਤੋਂ ਬਾਅਦ ਪਰਵਾਰ ਨੂੰ ਉੱਥੋਂ ਦੀ ਪੁਲਸ ਤੋਂ ਪਤਾ ਚੱਲਿਆ ਕਿ ਉਸ ਦੇ ਦਿਓਰ ਗੁਰਜੋਤ ਸਿੰਘ ਨੇ ਉਸ ਦੀ ਲਾਸ਼ ਨੂੰ ਇੱਕ ਥਾਂ ਤੋਂ ਦੂਸਰੀ ਥਾਂ ਤਬਦੀਲ ਕੀਤਾ ਸੀ, ਜਿਸ ਸੰਬੰਧ ਵਿੱਚ ਉਸ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਸ਼ੁੱਕਰਵਾਰ ਨੂੰ ਜਦੋਂ ਪਿਤਾ ਜਗਦੇਵ ਸਿੰਘ ਜੱਗੀ ਪਰਵਾਰ ਸਮੇਤ ਮਨਦੀਪ ਕੌਰ ਦੀਆਂ ਅਸਥੀਆਂ ਪ੍ਰਵਾਹ ਕਰਕੇ ਮੁੜੇ ਤਾਂ ਪਤਾ ਚੱਲਿਆ ਕਿ ਉਨ੍ਹਾਂ ਦੀ ਧੀ ਦਾ ਕਤਲ ਗੁਰਜੋਤ ਸਿੰਘ ਨੇ ਹੀ ਕੀਤਾ ਸੀ। ਜੱਗੀ ਨੇ ਤਸੱਲੀ ਪ੍ਰਗਟ ਕੀਤੀ ਕਿ ਜੇ ਕੈਨੇਡਾ ਦੀ ਪੁਲਸ ਸ਼ੱਕ ਦੇ ਅਧਾਰ 'ਤੇ ਕਾਰਵਾਈ ਨਾ ਕਰਦੀ ਤਾਂ ਉਨ੍ਹਾਂ ਨੂੰ ਕਦੇ ਵੀ ਇਹ ਪਤਾ ਨਹੀਂ ਲੱਗਣਾ ਸੀ ਕਿ ਦਰਿੰਦਿਆਂ ਨੇ ਉਸ ਦੀ ਬਲੀ ਲਈ ਹੈ।

# ਨੇਹਾ ਰੇਪ-ਕਤਲ ਕੇਸ 'ਚ ਮੋਨੂੰ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ



**ਚੰਡੀਗੜ੍ਹ** : ਸਥਾਨਕ ਫਾਸਟ ਟਰੈਕ ਵਿਸ਼ੇਸ਼ ਅਦਾਲਤ ਨੇ ਐੱਮ ਬੀ ਏ ਦੀ 21 ਸਾਲਾ ਵਿਦਿਆਰਥਣ ਨੇਹਾ ਅਹਿਲਾਵਤ ਨਾਲ ਬਲਾਤਕਾਰ ਅਤੇ ਕਤਲ ਦੇ ਦੋਸ਼ ਵਿੱਚ 35 ਸਾਲਾ ਮੋਨੂੰ ਕੁਮਾਰ ਨੂੰ ਸ਼ੁੱਕਰਵਾਰ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਇੱਕ ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ।

30 ਜੁਲਾਈ, 2010 ਨੂੰ, ਚੰਡੀਗੜ੍ਹ ਦੇ ਸੈਕਟਰ 38 ਦੇ ਜੰਗਲੀ ਖੇਤਰ ਵਿੱਚ ਇੱਕ ਕੁੜੀ ਦੀ ਖੂਨ ਨਾਲ ਲੱਥਪੱਥ ਲਾਸ਼ ਮਿਲਣ ਤੋਂ ਬਾਅਦ ਪੁਲਸ ਨੇ ਇੱਕ ਅਣਪਛਾਤੇ ਵਿਅਕਤੀ ਵਿਰੁੱਧ ਮਾਮਲਾ ਦਰਜ ਕੀਤਾ ਸੀ। ਕੁੜੀ ਦੇ ਪਿਤਾ ਨੇ ਦੱਸਿਆ ਸੀ ਕਿ 30 ਜੁਲਾਈ, 2010 ਨੂੰ, ਸ਼ਾਮ 6 ਵਜੇ ਦੇ ਕਰੀਬ, ਉਸ ਦੀ 21 ਸਾਲਾ ਧੀ ਨੇਹਾ, ਆਪਣੇ ਸਕੂਟਰ 'ਤੇ ਸੈਕਟਰ 15 ਲਈ ਅੰਗਰੇਜ਼ੀ ਦੀ ਕਲਾਸ ਲਈ ਘਰੋਂ ਨਿਕਲੀ ਸੀ। ਜਦੋਂ ਨੇਹਾ ਰਾਤ 9 ਵਜੇ ਤੱਕ ਵਾਪਸ ਨਹੀਂ ਆਈ, ਤਾਂ ਪਰਵਾਰ ਨੇ ਉਸ ਦੀ ਸਹੇਲੀ ਨੂੰ ਫੋਨ ਕਰਕੇ ਪੁੱਛਿਆ, ਪਰ ਉਹ ਉੱਥੇ ਵੀ ਨਹੀਂ ਗਈ।

ਬਾਅਦ ਵਿੱਚ ਨੇਹਾ ਦਾ ਦੋਸਤ ਉਸ ਦੇ ਘਰ ਆਇਆ ਅਤੇ ਕਿਹਾ ਕਿ ਨੇਹਾ ਸ਼ਾਮ 7:30 ਵਜੇ ਦੇ ਕਰੀਬ ਉਸ ਦੇ ਘਰ ਆਈ ਸੀ ਅਤੇ 7:45 ਵਜੇ ਦੇ ਕਰੀਬ ਚਲੀ ਗਈ ਸੀ। ਫਿਰ ਉਨ੍ਹਾਂ ਨੇ ਨੇਹਾ ਦੀ ਭਾਲ ਕੀਤੀ, ਪਰ ਉਹ ਨਹੀਂ ਮਿਲੀ। ਇਸ ਦੌਰਾਨ, ਉਸ ਨੂੰ ਉਸ ਦੇ ਦੋਸਤ ਦਾ ਫੋਨ ਆਇਆ ਕਿ ਨੇਹਾ ਦਾ ਸਕੂਟਰ ਸੈਕਟਰ 38 ਵੈਸਟ ਵਿੱਚ ਟੈਕਸੀ ਸਟੈਂਡ ਦੇ ਕੋਲ ਖੜ੍ਹਾ ਹੈ, ਜਿਸ 'ਤੇ ਖੂਨ ਦੇ ਧੱਬੇ ਹਨ। ਉਹ ਟੈਕਸੀ ਸਟੈਂਡ ਗਏ ਅਤੇ ਨੇਹਾ ਸੜਕ ਦੇ ਦੂਜੇ ਪਾਸੇ ਖੂਨ ਨਾਲ ਲੱਥਪੱਥ, ਅੱਧ ਨੰਗੀ, ਝਾੜੀਆਂ ਵਿੱਚ ਪਈ ਮਿਲੀ। ਉਸ ਨੂੰ ਪੀ ਜੀ ਆਈ ਲਿਜਾਇਆ ਗਿਆ, ਜਿੱਥੇ ਡਿਊਟੀ ਡਾਕਟਰ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਹਾਲਾਂਕਿ ਪੁਲਸ ਸਾਲਾਂ ਤੱਕ ਦੋਸ਼ੀ ਨੂੰ ਲੱਭਣ ਵਿੱਚ ਅਸਫਲ ਰਹੀ ਅਤੇ 2020 ਵਿੱਚ ਜਾਂਚ ਬੰਦ ਕਰ ਦਿੱਤੀ। ਮਾਮਲਾ ਉਦੋਂ ਹੀ ਹੱਲ ਹੋਇਆ ਜਦੋਂ ਦੋਸ਼ੀ ਨੂੰ 2022 ਵਿੱਚ ਉਸੇ ਖੇਤਰ ਵਿੱਚ ਇੱਕ ਹੋਰ ਔਰਤ ਮਨਦੀਪ ਕੌਰ ਦੇ ਕਤਲ ਅਤੇ ਜਬਰ-ਜ਼ਨਾਹ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ। ਇਸ ਮਾਮਲੇ ਵਿੱਚ ਵੀ ਮਨਦੀਪ ਦੀ ਲਾਸ਼ ਜੰਗਲੀ ਖੇਤਰ ਵਿੱਚੋਂ ਮਿਲੀ ਸੀ।

ਦੋਸ਼ੀ ਦੇ ਵਕੀਲ, ਸੁਨੀਲ ਕੁਮਾਰ ਪਾਂਡੇ ਨੇ ਕਿਹਾ ਕਿ ਦੋਸ਼ੀ ਨੂੰ ਇਸ ਮਾਮਲੇ ਵਿੱਚ ਝੂਠਾ ਫਸਾਇਆ ਗਿਆ ਸੀ। ਹਾਲਾਂਕਿ ਸਰਕਾਰੀ ਵਕੀਲ ਨੇ ਦਲੀਲ ਦਿੱਤੀ ਕਿ ਇਹ ਮਾਮਲਾ ਇੱਕ ਵਾਜਬ ਸ਼ੱਕ ਤੋਂ ਪਰ੍ਹੇ ਸਾਬਤ ਹੋ ਗਿਆ ਹੈ। ਦਲੀਲਾਂ ਸੁਣਨ ਤੋਂ ਬਾਅਦ, ਅਦਾਲਤ ਨੇ ਦੋਸ਼ੀ ਨੂੰ ਦੋਸ਼ੀ ਠਹਿਰਾਇਆ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।

# ਭਾਜਪਾ ਆਗੂ ਆਪਸ 'ਚ ਤੈਅ ਕਰਨ, ਝੂਠ ਕੌਣ ਬੋਲ ਰਿਹੈ : ਪੰਨੂ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਬਲਤੇਜ ਪੰਨੂ ਨੇ ਹੜ੍ਹ ਪੀੜਤਾਂ ਲਈ ਕੇਂਦਰ ਸਰਕਾਰ ਵੱਲੋਂ ਐਲਾਨੇ ਗਏ 1600 ਕਰੋੜ ਰੁਪਏ ਦੇ ਰਾਹਤ ਪੈਕੇਜ ਤੇ ਭਾਜਪਾ ਆਗੂਆਂ ਦੇ ਵੱਖੋ-ਵੱਖਰੇ ਬਿਆਨਾਂ ਨੂੰ ਲੈ ਕੇ ਭਾਜਪਾ ਨੂੰ ਘੇਰਿਆ ਹੈ। ਪੰਨੂ ਨੇ ਸਪਸ਼ਟ ਕੀਤਾ ਕਿ ਪ੍ਰਧਾਨ ਮੰਤਰੀ ਵੱਲੋਂ ਐਲਾਨੀ ਗਈ ਰਾਸ਼ੀ ਵਿੱਚੋਂ ਪੰਜਾਬ ਨੂੰ ਅਜੇ ਤੱਕ ਇੱਕ ਰੁਪਿਆ ਵੀ ਨਹੀਂ ਮਿਲਿਆ ਹੈ।

ਪੰਨੂ ਨੇ ਕਿਹਾ ਕਿ ਇੱਕ ਪਾਸੇ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਜੀ ਕਹਿੰਦੇ ਹਨ ਕਿ 1600 ਕਰੋੜ ਰੁਪਈਆ ਪੰਜਾਬ ਨੂੰ ਦਿੱਤਾ ਜਾ ਚੁੱਕਿਆ ਹੈ ਅਤੇ ਮੁੱਖ ਮੰਤਰੀ ਸਾਹਿਬ ਹਿਸਾਬ ਦੇਣ। ਜੇ ਹਿਸਾਬ ਨਹੀਂ ਦਿੰਦੇ ਤਾਂ ਉਹ ਝੂਠ ਬੋਲ ਰਹੇ ਨੇ। ਉਥੇ ਹੀ ਰਵਨੀਤ ਬਿੱਟੂ ਦਾ ਬਿਆਨ ਹੈ ਕਿ 800 ਕਰੋੜ ਰੁਪਈਆ ਸੈਂਟਰਲ ਫੰਡ ਦੇ ਵਿੱਚੋਂ ਆ ਚੁੱਕਿਆ ਹੈ। ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਅਨੁਸਾਰ 480 ਕਰੋੜ ਰੁਪਈਆ ਪੰਜਾਬ ਨੂੰ ਦਿੱਤਾ ਗਿਆ ਹੈ ਅਤੇ ਇਸਦੇ ਉਪਯੋਗਤਾ ਸਰਟੀਫਿਕੇਟ ਮਿਲਣ ਤੋਂ ਬਾਅਦ ਹੀ ਅਗਲੀ ਕਿਸ਼ਤ ਜਾਰੀ ਕੀਤੀ ਜਾਵੇਗੀ। ਪੰਨੂ ਨੇ ਭਾਜਪਾ ਆਗੂਆਂ ਨੂੰ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਹੁਣ ਆਪਸ ਵਿੱਚ ਤਿੰਨੇ ਨੇਤਾ ਫੈਸਲਾ ਕਰ ਲੈਣ ਕਿ ਇਹਨਾਂ ਤਿੰਨਾਂ ਵਿੱਚੋਂ ਝੂਠ ਕੌਣ ਬੋਲ ਰਿਹਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਅਸਲੀਅਤ ਇਹ ਹੈ ਕਿ 1600 ਕਰੋੜ ਜਿਹੜੇ ਪ੍ਰਧਾਨ ਮੰਤਰੀ ਜੀ ਐਲਾਨੇ ਸੀ ਉਨ੍ਹਾਂ 'ਚੋਂ ਇੱਕ ਪੈਸਾ ਨਹੀਂ ਆਇਆ।

## ਬੱਸਾਂ ਦੇ ਠੇਕਾ ਵਰਕਰਾਂ ਵੱਲੋਂ ਹੜਤਾਲ

ਲੁਧਿਆਣਾ. (ਰੈਕਟਰ ਕਥੂਰੀਆ) : ਕਿਲੋਮੀਟਰ ਸਕੀਮ ਦੀਆਂ ਬੱਸਾਂ ਪਾਉਣ ਸੰਬੰਧੀ ਜਾਰੀ ਰੇੜਕੇ ਨੂੰ ਲੈ ਕੇ ਪੀ ਆਰ ਟੀ ਸੀ, ਪੰਜਾਬ ਰੋਡਵੇਜ਼ ਅਤੇ ਪਨਬਸ ਕੰਟਰੈਕਟ ਵਰਕਰਜ਼ ਯੂਨੀਅਨ ਨੇ ਸ਼ੁੱਕਰਵਾਰ ਤੜਕੇ ਹੀ ਰਾਜਵਿਆਪੀ ਹੜਤਾਲ ਸ਼ੁਰੂ ਕਰਕੇ ਸਰਕਾਰੀ ਬੱਸਾਂ ਦਾ ਚੱਕਾ ਜਾਮ ਕਰ ਦਿੱਤਾ।

ਇਸ ਦੌਰਾਨ ਪੀ ਆਰ ਟੀ ਸੀ ਦੇ ਮੁੱਖ ਦਫਤਰ ਵਾਲੇ ਸ਼ਹਿਰ ਪਟਿਆਲਾ ਸਮੇਤ ਕਈ ਹੋਰ ਥਾਵਾਂ 'ਤੇ ਬੱਸ ਅੱਡਿਆਂ ਦੀ ਤਾਲਾਬੰਦੀ ਕਰਕੇ ਧਰਨੇ-ਪ੍ਰਦਰਸ਼ਨ ਕੀਤੇ। ਮੁਲਾਜ਼ਮਾਂ ਨੇ ਕਿਹਾ ਕਿ ਧਰਨਿਆਂ ਤੋਂ ਪਹਿਲਾਂ ਵੱਡੇ ਤੜਕੇ ਪਟਿਆਲਾ ਸਮੇਤ ਪੰਜਾਬ ਭਰ ਵਿੱਚੋਂ ਯੂਨੀਅਨ ਦੇ ਕਈ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਗਿਆ। ਯੂਨੀਅਨ ਆਗੂਆਂ ਨੇ ਦੱਸਿਆ ਕਿ ਸੰਘਰਸ਼ ਨੂੰ ਸਰਕਾਰੀ ਮੁਲਾਜ਼ਮਾਂ ਵੱਲੋਂ ਵੀ ਹਮਾਇਤ ਦਿੱਤੀ ਗਈ ਹੈ। ਪੰਜਾਬ ਪ੍ਰਧਾਨ ਟਰਾਂਸਪੋਰਟ ਯੂਨੀਅਨ ਦੇ ਪ੍ਰਧਾਨ ਰੇਸ਼ਮ ਸਿੰਘ ਨੇ ਕਿਹਾ ਕਿ ਜਿੰਨਾ ਸਮਾਂ ਸਰਕਾਰ ਨਵੀਂ ਸਕੀਮ ਦਾ ਟੈਂਡਰ ਰੱਦ ਨਹੀਂ ਕਰਦੀ ਅਤੇ ਹਿਰਾਸਤ 'ਚ ਲਏ ਗਏ ਮੁਲਾਜ਼ਮਾਂ ਨੂੰ ਰਿਹਾਅ ਨਹੀਂ ਕਰਦੀ, ਓਨਾ ਸਮਾਂ ਤੱਕ ਪੰਜਾਬ ਭਰ 'ਚ ਬੱਸਾਂ ਜਾ ਚੱਕਾ ਜਾਮ ਰੱਖਿਆ ਜਾਵੇਗਾ।

## ਅੱਜ-ਨਾਮਾ

ਆਇਆ ਏ ਅੰਤ ਨਵੰਬਰ ਤੇ ਯਾਦ ਰੱਖੋ,
ਲੱਗਾ ਰੁੱਤਾਂ ਦਾ ਬਦਲਣ ਕੁਝ ਰੰਗ ਬੇਲੀ।
ਕਰਦੀ ਕੁਦਰਤ ਨਹੀਂ ਕਦੇ ਪ੍ਰਵਾਹ ਕੋਈ,
ਹੁੰਦਾ ਹੋਵੇ ਪਿਆ ਕੋਈ ਫਿਰ ਤੰਗ ਬੇਲੀ।
ਸਰਦੀ ਝੱਲਣ ਲਈ ਪੈਂਦਾ ਪ੍ਰਬੰਧ ਕਰਨਾ,
ਜਿਹੋ ਜਿਹੀ ਜਾਪਦੀ ਸਮੇਂ ਦੀ ਮੰਗ ਬੇਲੀ।
ਪਹਿਲੇ ਹੌਲੇ ਜਦ ਬੁੱਲਾ ਕੁਝ ਲੱਗ ਜਾਂਦਾ,
ਡਾਢਾ ਹੁੰਦਾ ਫਿਰ ਉਹਦਾ ਈ ਡੰਗ ਬੇਲੀ।
ਮੁੜ-ਮੁੜ ਹੁੰਦਾ ਤਜਰਬਾ ਹੈ ਸਦਾ ਇਹੀ,
ਮੁੜ-ਮੁੜ ਹੁੰਦੀ ਹੈ ਅਸਾਂ ਤੋਂ ਭੁੱਲ ਬੇਲੀ।
ਚੇਤੇ ਕਰਨ ਤੇ ਸਿੱਖਣ ਦਾ ਨਾਂਅ ਕੁਦਰਤ,
ਮਿਲਦੀ ਅਕਲ ਨਾ ਮੰਗੀ ਆ ਮੁੱਲ ਬੇਲੀ।

-ਤੀਸ ਮਾਰ ਖਾਂ

# ਇਮਰਾਨ ਦੇ ਬੇਟੇ ਤੇ ਭੈਣ ਵੱਲੋਂ ਹਾਲਾਤ ਬੇਕਾਬੂ ਹੋ ਜਾਣ ਦੀ ਚਿਤਾਵਨੀ



**ਇਸਲਾਮਾਬਾਦ** : ਪਾਕਿਸਤਾਨ ਦੀ ਅਡਿਆਲਾ ਜੇਲ੍ਹ ਵਿੱਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਕਥਿਤ ਮੌਤ ਦੀਆਂ ਅਫਵਾਹਾਂ, ਅਫਗਾਨ ਮੀਡੀਆ ਦੀ ਇੱਕ ਅਣਪ੍ਰਮਾਣਤ ਰਿਪੋਰਟ ਤੋਂ ਬਾਅਦ, ਆਨਲਾਈਨ ਫੈਲ ਗਈਆਂ ਹਨ। ਇਸ ਦੇ ਜਵਾਬ ਵਿੱਚ ਉਨ੍ਹਾ ਦੇ ਪੁੱਤਰ ਕਾਸਿਮ ਖਾਨ ਨੇ ਜਨਤਕ ਤੌਰ 'ਤੇ ਮੰਗ ਕੀਤੀ ਹੈ ਕਿ ਉਨ੍ਹਾ ਦੇ ਪਿਤਾ ਦੇ ਜ਼ਿੰਦਾ ਹੋਣ ਦਾ ਸਬੂਤ ਦਿੱਤਾ ਜਾਵੇ ਅਤੇ ਉਨ੍ਹਾ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

ਐਕਸ 'ਤੇ ਇੱਕ ਪੋਸਟ ਵਿੱਚ ਕਾਸਿਮ ਖਾਨ ਨੇ ਕਿਹਾ, "ਮੇਰੇ ਪਿਤਾ ਨੂੰ 845 ਦਿਨਾਂ ਤੋਂ ਹਿਰਾਸਤ ਵਿੱਚ ਰੱਖਿਆ ਗਿਆ ਹੈ ਅਤੇ ਪਿਛਲੇ ਛੇ ਹਫਤਿਆਂ ਤੋਂ ਪੂਰੀ ਤਰ੍ਹਾਂ ਇਕਾਂਤਵਾਸ ਵਿੱਚ ਇੱਕ 'ਡੈਥ ਸੈੱਲ' ਵਿੱਚ ਇਕੱਲਿਆਂ ਰੱਖਿਆ ਗਿਆ ਹੈ। ਅਦਾਲਤ ਦੇ ਸਪੱਸ਼ਟ ਹੁਕਮਾਂ ਦੇ ਬਾਵਜੂਦ ਉਨ੍ਹਾ ਦੀਆਂ ਭੈਣਾਂ ਨੂੰ ਮੁਲਾਕਾਤਾਂ ਤੋਂ ਰੋਕ ਦਿੱਤਾ ਗਿਆ ਹੈ। ਕੋਈ ਫੋਨ ਕਾਲ ਨਹੀਂ, ਕੋਈ ਮੁਲਾਕਾਤ ਨਹੀਂ ਅਤੇ ਉਨ੍ਹਾ ਦੀ ਸਿਹਤ ਬਾਰੇ ਕੋਈ ਜਾਣਕਾਰੀ ਨਹੀਂ ਹੈ। ਮੇਰਾ ਅਤੇ ਮੇਰੇ ਭਰਾ ਦਾ ਉਨ੍ਹਾ ਨਾਲ ਕੋਈ ਸੰਪਰਕ ਨਹੀਂ ਹੋਇਆ ਹੈ।"

ਕਾਸਿਮ ਨੇ ਚਿਤਾਵਨੀ ਦਿੱਤੀ ਕਿ ਕਿਸੇ ਵੀ ਨੁਕਸਾਨ ਲਈ ਅਧਿਕਾਰੀਆਂ ਦੀ ਪੂਰੀ ਕਾਨੂੰਨੀ ਅਤੇ ਨੈਤਿਕ ਜ਼ਿੰਮੇਵਾਰੀ ਹੋਵੇਗੀ।

ਕਾਸਿਮ ਖਾਨ ਨੇ ਅੰਤਰਰਾਸ਼ਟਰੀ ਭਾਈਚਾਰੇ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਇਸ ਮਾਮਲੇ ਵਿੱਚ ਦਖਲ ਦੇਣ ਦੀ ਅਪੀਲ ਕੀਤੀ ਹੈ।

ਇਸੇ ਦੌਰਾਨ ਇਮਰਾਨ ਖਾਨ ਦੀ ਭੈਣ ਨੌਰੀਨ ਨਿਆਜ਼ੀ ਨੇ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਆਸਿਮ ਮੁਨੀਰ ਨੂੰ ਤਾਨਾਸ਼ਾਹ ਗਰਦਾਨਦਿਆਂ ਸ਼ਾਹਬਾਜ਼ ਸ਼ਰੀਫ ਦੀ ਸਰਕਾਰ ਨੂੰ ਦੇਸ਼ ਦੇ ਇਤਿਹਾਸ ਦੀ ਸਭ ਤੋਂ ਨਾਪਸੰਦੀਦਾ ਸਰਕਾਰ ਦੱਸਿਆ ਹੈ।

ਨੌਰੀਨ ਨੇ ਕਿਹਾ, "ਪਾਕਿਸਤਾਨ ਆਪਣੇ ਸਭ ਤੋਂ ਹਨੇਰੇ ਦੌਰ ਵਿੱਚੋਂ ਲੰਘ ਰਿਹਾ ਹੈ। ਅਸੀਂ ਜ਼ਾਲਮਾਂ ਦੀਆਂ ਕਹਾਣੀਆਂ ਪੜ੍ਹਦੇ ਹੁੰਦੇ ਸੀ, ਹੁਣ ਅਸੀਂ ਉਹ ਜੀਅ ਰਹੇ ਹਾਂ। ਲੋਕਾਂ ਨੂੰ ਅਗਵਾ ਕੀਤਾ ਜਾ ਰਿਹਾ ਹੈ ਅਤੇ ਮਾਰਿਆ ਜਾ ਰਿਹਾ ਹੈ। ਮੈਂ ਪਿਸ਼ਾਵਰ ਵਿੱਚ ਇੱਕ ਨੌਜਵਾਨ ਨੂੰ ਮਿਲੀ, ਜਿਸ ਨੂੰ ਪਿਛਲੇ ਸਾਲ 26 ਨਵੰਬਰ ਨੂੰ ਸਿਰ ਵਿੱਚ ਗੋਲੀ ਮਾਰੀ ਗਈ ਸੀ, ਉਹ ਅਧਰੰਗ ਪੀੜਤ ਹੈ, ਉਸ ਦਾ ਸਰੀਰ ਤਬਾਹ ਹੋ ਗਿਆ ਹੈ। ਅਜਿਹੇ ਅਣਗਿਣਤ ਮਾਮਲੇ ਹਨ। ਕਈ ਵਾਰ ਮੈਨੂੰ ਲੱਗਦਾ ਹੈ ਕਿ ਜਿਹੜੀਆਂ ਕਹਾਣੀਆਂ ਅਸੀਂ ਹਿਟਲਰ ਯੁੱਗ ਬਾਰੇ ਸੁਣੀਆਂ ਸਨ, ਜਿਸ ਤਰ੍ਹਾਂ ਲੋਕਾਂ ਨੂੰ ਬੇਸਮੈਂਟਾਂ ਵਿੱਚ ਘਸੀਟਿਆ ਜਾਂਦਾ ਸੀ, ਉਹ ਇੱਥੇ ਦੁਹਰਾਈਆਂ ਜਾ ਰਹੀਆਂ ਹਨ।" ਨੌਰੀਨ ਨੇ ਚਿਤਾਵਨੀ ਦਿੱਤੀ ਕਿ ਲੋਕਾਂ ਵਿੱਚ ਗੁੱਸਾ ਵਧ ਰਿਹਾ ਹੈ। ਨਾਗਰਿਕ ਸਰਕਾਰ ਤੇ ਇਮਰਾਨ ਖਾਨ ਦੀ ਕੈਦ ਤੋਂ ਤੰਗ ਆ ਚੁੱਕੇ ਹਨ ਅਤੇ ਇੱਕ ਛੋਟੀ ਜਿਹੀ ਚੰਗਿਆੜੀ ਵੀ ਵਿਆਪਕ ਵਿਰੋਧ ਪ੍ਰਦਰਸ਼ਨਾਂ ਨੂੰ ਭੜਕਾਅ ਸਕਦੀ ਹੈ।

# ਦਿੱਲੀ 'ਚ ਬੱਚਿਆਂ ਦਾ ਦਮ ਘੁੱਟ ਹੋ ਰਿਹੈ, ਮੋਦੀ ਸਰਕਾਰ ਚੁੱਪ : ਰਾਹੁਲ



**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਸ਼ੁੱਕਰਵਾਰ ਨੂੰ ਕੌਮੀ ਰਾਜਧਾਨੀ ਵਿੱਚ ਹਵਾ ਪ੍ਰਦੂਸ਼ਣ ਦੇ ਮੁੱਦੇ 'ਤੇ ਸੰਸਦ ਵਿੱਚ ਵਿਸਥਾਰਤ ਚਰਚਾ ਦੀ ਮੰਗ ਕੀਤੀ। ਉਨ੍ਹਾ ਇਸ ਸਿਹਤ ਐਮਰਜੈਂਸੀ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪ 'ਤੇ ਵੀ ਸਵਾਲ ਚੁੱਕੇ।

ਉਨ੍ਹਾ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਇੱਕ ਸਖਤ, ਲਾਗੂ ਕਰਨ ਯੋਗ ਕਾਰਜ ਯੋਜਨਾ ਦੀ ਮੰਗ ਵੀ ਕੀਤੀ ਅਤੇ ਪੁੱਛਿਆ ਕਿ ਮੋਦੀ ਸਰਕਾਰ ਇਸ ਮੁੱਦੇ 'ਤੇ ਕੋਈ ਜਲਦਬਾਜ਼ੀ ਜਾਂ ਜਵਾਬਦੇਹੀ ਕਿਉਂ ਨਹੀਂ ਦਿਖਾ ਰਹੀ ਹੈ।

ਰਾਹੁਲ ਨੇ ਇਸ ਮੁੱਦੇ 'ਤੇ ਆਪਣੀ ਰਿਹਾਇਸ਼ 'ਤੇ ਕੁਝ ਮਹਿਲਾਵਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਹੋਈ ਗੱਲਬਾਤ ਦੀ ਇੱਕ ਵੀਡੀਓ ਸਾਂਝੀ ਕੀਤੀ। ਉਨ੍ਹਾ 'ਐਕਸ' 'ਤੇ ਇੱਕ ਪੋਸਟ ਵਿੱਚ ਪੁੱਛਿਆ, "ਹਰ ਮਾਂ ਜਿਸ ਨੂੰ ਮੈਂ ਮਿਲਦਾ ਹਾਂ, ਉਹ ਮੈਨੂੰ ਇੱਕੋ ਗੱਲ ਦੱਸਦੀ ਹੈ : ਉਸ ਦਾ ਬੱਚਾ ਜ਼ਹਿਰੀਲੀ ਹਵਾ ਵਿੱਚ ਸਾਹ ਲੈ ਕੇ ਵੱਡਾ ਹੋ ਰਿਹਾ ਹੈ। ਉਹ ਥੱਕੀਆਂ ਹੋਈਆਂ ਹਨ, ਡਰੀਆਂ ਹੋਈਆਂ ਹਨ ਅਤੇ ਗੁੱਸੇ ਵਿੱਚ ਹਨ।"

ਉਨ੍ਹਾ ਸਵਾਲ ਕੀਤਾ, "ਮੋਦੀ ਜੀ, ਭਾਰਤ ਦੇ ਬੱਚੇ ਸਾਡੇ ਸਾਹਮਣੇ ਦਮ ਘੁੱਟ ਰਹੇ ਹਨ। ਤੁਸੀਂ ਚੁੱਪ ਕਿਵੇਂ ਰਹਿ ਸਕਦੇ ਹੋ? ਤੁਹਾਡੀ ਸਰਕਾਰ ਕੋਈ ਜਲਦਬਾਜ਼ੀ, ਕੋਈ ਯੋਜਨਾ, ਕੋਈ ਜਵਾਬਦੇਹੀ ਕਿਉਂ ਨਹੀਂ ਦਿਖਾਉਂਦੀ? ਸਾਡੇ ਬੱਚੇ ਸਾਫ਼ ਹਵਾ ਦੇ ਹੱਕਦਾਰ ਹਨ, ਨਾ ਕਿ ਬਹਾਨਿਆਂ ਅਤੇ ਧਿਆਨ ਭਟਕਾਉਣ ਦੇ।"

# ਬਾਬਾ ਫਲਾਹੀ ਦੀ ਦਰਗਾਹ 'ਤੇ ਕਰਾਏ ਕਬੱਡੀ ਕੱਪ 'ਚ ਚੰਦੋਲੀ ਕਲੱਬ ਜੇਤੂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਸ਼ੇਰਗੜ੍ਹ ਬੇਟ ਵਿਖੇ ਪੀਰ ਬਾਬਾ ਫਲਾਹੀ ਜੀ ਦੀ ਦਰਗਾਹ 'ਤੇ ਸਮੂਹ ਗ੍ਰਾਮ ਪੰਚਾਇਤ, ਪ੍ਰਵਾਸੀ ਪੰਜਾਬੀਆਂ ਦੇ ਸਹਿਯੋਗ ਨਾਲ ਸੇਵਾਦਾਰ ਰਹੇ ਬਾਬਾ ਸੰਤੋਖ ਸਿੰਘ ਜੀ ਦੀ ਯਾਦ ਵਿਚ ਕਬੱਡੀ ਕੱਪ ਕਰਵਾਇਆ ਗਿਆ। ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਦੀਪਾ ਫਲਾਹੀ ਨੇ ਦੱਸਿਆ ਕਿ ਕਬੱਡੀ ਓਪਨ ਮੁਕਾਬਲੇ 'ਚ ਸੂਬੇ ਦੇ 16 ਕਲੱਬਾਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ 'ਚ ਚੰਦੋਲੀ ਪਹਿਲੇ ਨੰਬਰ 'ਤੇ ਰਿਹਾ, ਜਿਸ ਨੂੰ 71 ਹਜ਼ਾਰ ਰੁਪਏ ਨਕਦ ਇਨਾਮ ਦਿੱਤਾ ਗਿਆ। ਇਸੇ ਤਰ੍ਹਾਂ ਦੂਜਾਂ ਕਲੱਬ ਨੇ ਦੂਜਾ ਸਥਾਨ ਪ੍ਰਾਪਤ ਕਰ ਕੇ 61 ਹਜ਼ਾਰ ਰੁਪਏ ਦਾ ਨਕਦ ਇਨਾਮ ਜਿੱਤਿਆ। ਮੁਕਾਬਲੇ 'ਚ ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ 15-15 ਹਜ਼ਾਰ ਰੁਪਏ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਦੀ ਰਸਮ ਬਾਬਾ ਦੀਪਾ ਅਤੇ ਮੁੱਖ ਮਹਿਮਾਨ ਵਜੋਂ ਪੁੱਜੇ ਬਲਾਕ ਸੰਮਤੀ ਦੇ ਸਾਬਕਾ ਚੇਅਰਮੈਨ ਸੋਹਣ ਲਾਲ ਸ਼ੇਰਪੁਰੀ ਨੇ ਅਦਾ ਕੀਤੀ। ਸੋਹਣ ਲਾਲ ਸ਼ੇਰਪੁਰੀ ਨੇ ਕਿਹਾ ਕਿ ਬਾਬਾ ਫਲਾਹੀ ਦੀ ਦਰਗਾਹ 'ਤੇ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਲਈ ਕਬੱਡੀ, ਕੁਸ਼ਤੀਆਂ ਤੇ ਹੋਰ ਵੱਖ-ਵੱਖ ਖੇਡ ਮੁਕਾਬਲੇ ਕਰਾਏ ਜਾਂਦੇ ਹਨ, ਜੋ ਸ਼ਲਾਘਾਯੋਗ ਉਪਰਾਲਾ ਹੈ।

# ਆਈ ਫ਼ੋਨ ਚੋਰੀ ਮਾਮਲੇ 'ਚ ਦੋਸ਼ੀ ਗ੍ਰਿਫ਼ਤਾਰ

**ਦੋਰਾਹਾ (ਹਰਮਿੰਦਰ ਸੇਠ)**

ਡੀ ਐਸ ਪੀ ਮੁੱਲਾਂਪੁਰ ਦਾਖਾ ਸ. ਵਰਿੰਦਰ ਸਿੰਘ ਖੋਸਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 21 ਨਵੰਬਰ 2025 ਨੂੰ ਮੁੱਲਾਂਪੁਰ ਪਿੰਡ ਦੇ ਰਹਿਣ ਵਾਲੇ ਹਰਵਿੰਦਰ ਸਿੰਘ ਆਪਣੀ ਪਤਨੀ ਜਸਵੀਰ ਕੌਰ ਨਾਲ ਸਕੂਟਰ 'ਤੇ ਬਜ਼ਾਰ ਜਾ ਰਹੇ ਸਨ। ਜਦ ਉਹ ਘਰ ਤੋਂ ਕੁਝ ਦੂਰੀ 'ਤੇ ਪਹੁੰਚੇ, ਤਾਂ ਇੱਕ ਨੌਜਵਾਨ ਤੇਜ਼ ਰਫ਼ਤਾਰ ਮੋਟਰਸਾਈਕਲ 'ਤੇ ਪਿੱਛੋਂ ਆ ਕੇ ਜਸਵੀਰ ਕੌਰ ਦੇ ਹੱਥੋਂ ਜਬਰਦਸਤੀ ਆਈ ਫ਼ੋਨ ਅਤੇ 7500 ਰੁਪਏ ਖੋਹ ਕੇ ਫ਼ਰਾਰ ਹੋ ਗਿਆ। ਇਸ ਘਟਨਾ ਦੌਰਾਨ ਹਰਵਿੰਦਰ ਸਿੰਘ ਦੇ ਘਰ ਦੀਆਂ ਚਾਬੀਆਂ ਵੀ ਚੋਰੀ ਹੋ ਗਈਆਂ। ਮਾਮਲਾ ਦਰਜ ਕਰਨ ਉਪਰੰਤ ਪੁਲਿਸ ਟੀਮ ਨੇ ਗੁਪਤ ਸੂਤਰਾਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਮੁੱਲਾਂਪੁਰ ਪਿੰਡ ਦੇ ਸਿਮਰਪਾਲ ਸਿੰਘ ਦੇ ਪੁੱਤਰ ਗੁਰਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਚੋਰੀ ਕੀਤਾ ਮੋਬਾਈਲ ਅਤੇ ਨਕਦੀ ਬਰਾਮਦ ਕਰ ਲਈ ਗਈ ਹੈ ਅਤੇ ਹਰ ਪੁੱਛਗਿੱਛ ਜਾਰੀ ਹੈ।ਡੀ.ਐਸ.ਪੀ. ਵਰਿੰਦਰ ਸਿੰਘ ਖੋਸਾ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਦਾਖਾ ਸਬ ਡਿਵੀਜ਼ਨ ਹੇਠ ਆਉਣ ਵਾਲੇ ਦਾਖਾ, ਜੋਧਾਂ ਅਤੇ ਸੁਧਾਰ ਪੁਲਿਸ ਸਟੇਸ਼ਨਾਂ ਵੱਲੋਂ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਪੂਰੀ ਤਿਆਰੀ ਹੈ ਅਤੇ ਸਾਵਧਾਨੀ ਜਾਰੀ ਹੈ।

# ਵਰਕਸ਼ਾਪ ਦੌਰਾਨ ਡਾ. ਵਨੀਤਾ ਤੇ ਡਾ. ਰੇਣੂਕਾ ਸਿੰਘ ਵੱਲੋਂ ਨਵੀਨ ਖੋਜ ਵਿਧੀਆਂ 'ਤੇ ਚਰਚਾ



**ਪਟਿਆਲਾ (ਰਜਿੰਦਰ ਸਿੰਘ ਥਿੰਦ)**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਦੀ ਰਹਿਨੁਮਾਈ ਅਧੀਨ ਪ੍ਰੋਫ਼ੈਸਰ ਗੁਰਦਿਆਲ ਸਿੰਘ ਚੇਅਰ, ਪੰਜਾਬੀ ਯੂਨੀਵਰਸਿਟੀ ਵੱਲੋਂ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਸੱਤ-ਰੋਜ਼ਾ ਵਰਕਸ਼ਾਪ ਦੇ ਦੂਜੇ ਦਿਨ ਦੀ ਕਾਰਵਾਈ ਪੰਜਾਬੀ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਕੀਤੀ ਗਈ।ਇਸ ਦੌਰਾਨ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਡਾ. ਵਨੀਤਾ ਅਤੇ ਸਮਾਜ ਵਿਗਿਆਨ ਦੇ ਪ੍ਰਸਿੱਧ ਚਿੰਤਕ ਡਾ. ਰੇਣੂਕਾ ਸਿੰਘ ਵੱਲੋਂ ਮੁੱਲਵਾਨ ਚਰਚਾ ਗਈ।ਚੇਅਰ ਤੇ ਵਰਕਸ਼ਾਪ ਦੇ ਕੋਆਰਡੀਨੇਟਰ ਡਾ. ਰਾਜਵੰਤ ਕੌਰ ਪੰਜਾਬੀ ਨੇ ਇਨ੍ਹਾਂ ਦੋਵਾਂ ਵਿਦਵਾਨਾਂ ਨੂੰ ਬੁਕੇ ਭੇਂਟ ਕਰਕੇ ਸਵਾਗਤ ਕੀਤਾ।ਉਨ੍ਹਾਂ ਪੁੱਜੇ ਵਿਦਵਾਨਾਂ, ਅਧਿਆਪਕਾਂ, ਖੋਜਾਰਥੀਆਂ ਤੇ ਵਿਦਿਆਰਥੀਆਂ ਨੂੰ ਜੀ ਆਇਆਂ ਕਹਿੰਦੇ ਹੋਏ ਵਰਕਸ਼ਾਪ ਦੇ ਵਿਸ਼ਿਆਂ ਬਾਰੇ ਤਫ਼ਸੀਲ ਨਾਲ ਜਾਣਕਾਰੀ ਦਿੱਤੀ। ਤੀਜੀ ਬੈਠਕ ਦੌਰਾਨ ਡਾ. ਵਨੀਤਾ ਨੇ ਆਪਣੇ ਮੁੱਖ ਭਾਸ਼ਣ ਦੌਰਾਨ ਨਾਰੀਵਾਦ ਦੇ ਸੰਕਲਪ ਨਾਲ ਗੱਲਬਾਤ ਆਰੰਭੀ।ਉਨ੍ਹਾਂ ਨਾਰੀਵਾਦ ਨੂੰ ਸਿਧਾਂਤਕ ਤੌਰ 'ਤੇ ਪ੍ਰਭਾਸ਼ਾਬੱਧ ਕਰਨ ਦੇ ਨਾਲ-ਨਾਲ, ਨਾਰੀਵਾਦ ਸੰਬੰਧੀ ਭਿੰਨ ਭਿੰਨ ਲਹਿਰਾਂ ਬਾਰੇ ਵਿਸ਼ੇਸ਼ ਗੱਲਬਾਤ ਕੀਤੀ।ਉਨ੍ਹਾਂ ਨੇ ਕਵਿਤਾ ਬਾਰੇ ਆਪਣੇ ਨਿਜੀ ਅਨੁਭਵਾਂ ਦੇ ਨਾਲ-ਨਾਲ ਹੋਰਨਾਂ ਰਾਸ਼ਟਰੀ, ਅੰਤਰ-ਰਾਸ਼ਟਰੀ ਤੇ ਪੰਜਾਬੀ ਕਵਿਤਰੀਆਂ ਦੀਆਂ ਰਚਨਾਵਾਂ ਦੇ ਹਵਾਲੇ ਨਾਲ ਨਾਰੀਵਾਦ ਲਹਿਰਾਂ ਵਿਚ ਆਉਣ ਵਾਲੇ ਬਦਲਾਵਾਂ ਸੰਬੰਧੀ ਸਿਧਾਂਤਾਂ ਨੂੰ ਵਿਹਾਰਕ ਪੱਧਰ 'ਤੇ ਸੂਤਰਬੱਧ ਕਰਨ ਦੇ ਨੁਕਤੇ ਸਾਂਝੇ ਕੀਤੇ।ਮੀਟਿੰਗ ਦਾ ਸੰਯੋਜਨ ਡਾ. ਰਾਜਮਹਿੰਦਰ ਕੌਰ ਨੇ ਕੀਤਾ। ਚੌਥੀ ਬੈਠਕ 'ਚ ਮੁੱਖ ਬੁਲਾਰੇ ਦੇ ਤੌਰ 'ਤੇ ਡਾ. ਰੇਣੂਕਾ ਸਿੰਘ ਨੇ ਸ਼ਿਰਕਤ ਕੀਤੀ।

ਉਨ੍ਹਾਂ ਨੇ ਸਮਾਜ ਵਿਗਿਆਨ ਦੇ ਹਵਾਲੇ ਨਾਲ ਦੱਸਿਆ ਕਿ ਖੋਜ ਦਾ ਗਿਣਨਾਤਮਕ ਹੋਣ ਨਾਲੋਂ ਵਧੇਰੇ ਜ਼ਰੂਰੀ ਹੈ ਕਿ ਉਹ ਗੁਣਾਤਮਕ ਹੋਵੇ।ਉਨ੍ਹਾਂ ਟ੍ਰਾਈਐਂਗੂਲੇਸ਼ਨ, ਮਾਈਕ੍ਰੋ ਤੇ ਮੈਕਰੋ ਵਰਗਾਂ ਦੀ ਖੋਜ ਬਾਰੇ ਵੀ ਅਹਿਮ ਨੁਕਤੇ ਸਾਂਝੇ ਕੀਤੇ।ਡਾ. ਰੇਣੂਕਾ ਸਿੰਘ ਨੇ ਅੱਗੇ ਉਦਾਰ-ਨਾਰੀਵਾਦ ਤੇ ਮਾਰਕਸਵਾਦੀ ਨਾਰੀਵਾਦ ਵਰਗੇ ਸੰਕਲਪਾਂ 'ਤੇ ਵੀ ਚਰਚਾ ਕੀਤੀ।ਇਸ ਬੈਠਕ ਦਾ ਸੰਯੋਜਨ ਡਾ. ਰਵਿੰਦਰ ਕੌਰ ਨੇ ਕੀਤਾ।ਦੋਵਾਂ ਬੈਠਕਾਂ ਦੌਰਾਨ ਖੋਜਾਰਥੀਆਂ ਤੇ ਵਿਦਿਆਰਥੀਆਂ ਨੇ ਮਾਹਿਰ ਵਿਦਵਾਨਾਂ ਨੂੰ ਸਵਾਲ ਵੀ ਪੁੱਛੇ, ਜਿਨ੍ਹਾਂ ਦੇ ਉਨ੍ਹਾਂ ਵੱਲੋਂ ਤਰਕ ਸੰਗਤ ਉੱਤਰ ਦਿੱਤੇ ਗਏ।

# ਪ੍ਰਾਇਮਰੀ ਹੈੱਡ ਟੀਚਰ ਦੇ ਦੁਰਵਿਹਾਰ ਤੋਂ ਮਾਪੇ ਪ੍ਰੇਸ਼ਾਨ, ਬਦਲੀ ਨਾ ਹੋਣ 'ਤੇ ਵਿੱਢਾਂਗੇ ਸੰਘਰਸ਼ : ਪਿੰਡ ਵਾਸੀ



**ਲਹਿਰਾਗਾਗਾ (ਗੀਤਵਾਲ)**-ਪਿੰਡ ਲਹਿਲ ਕਲਾਂ ਦੇ ਪ੍ਰਾਇਮਰੀ ਸਕੂਲ ਨਾਲ ਸੰਬੰਧਤ ਮੁੱਖ ਅਧਿਆਪਕ ਤੋਂ ਸਮੂਹ ਪਿੰਡ ਵਾਸੀ ਤੇ ਮਾਪੇ ਪ੍ਰੇਸ਼ਾਨ ਹਨ।ਸਕੂਲ ਵਿਖੇ ਗ੍ਰਾਮ ਪੰਚਾਇਤ ਲਹਿਲ ਕਲਾਂ, ਗੁਰੂ ਤੇਗ ਬਹਾਦਰ ਨਗਰ ਲਹਿਲ ਕਲਾਂ, ਸਕੂਲ ਮੈਨੇਜਮੈਂਟ ਕਮੇਟੀ ਤੇ ਮਾਪਿਆਂ ਦਾ ਇਕੱਠ ਹੋਇਆ।ਪਿੰਡ ਦੀ ਪੰਚਾਇਤ ਤੇ ਹਾਜ਼ਰ ਵਿਅਕਤੀਆਂ ਨੇ ਦੱਸਿਆ ਕਿ ਪ੍ਰਾਇਮਰੀ ਦੀ ਹੈੱਡ ਅਧਿਆਪਕ ਬੇਅੰਤ ਕੌਰ ਜੋ ਬੱਚਿਆਂ, ਉਨ੍ਹਾਂ ਦੇ ਮਾਤਾ-ਪਿਤਾ, ਸਕੂਲ ਮੈਨੇਜਮੈਂਟ ਕਮੇਟੀ, ਸਕੂਲ ਸਟਾਫ਼, ਮਿਡ ਡੇਅ ਮੀਲ ਸਟਾਫ਼ ਨਾਲ ਦੁਰਵਿਹਾਰ ਕਰਦੀ ਹੈ।ਉਨ੍ਹਾਂ ਦੱਸਿਆ ਕਿ ਇਸ ਅਧਿਆਪਕ ਵੱਲੋਂ ਸਕੂਲ ਦੀ ਜ਼ਿਲ੍ਹਾ ਪੱਧਰੀ ਖੇਡਣ ਜਾਣ ਵਾਲੀ ਟੀਮ ਵੀ ਨਹੀਂ ਭੇਜੀ ਗਈ।ਉਨ੍ਹਾਂ ਦੱਸਿਆ ਕਿ ਮਿਡ ਡੇਅ ਮੀਲ ਰਾਹੀਂ ਬੱਚਿਆਂ ਨੂੰ ਮਹੀਨੇ ਵਿੱਚ ਚਾਰ ਵਾਰ ਫਲ ਖਾਣ ਲਈ ਦਿੱਤਾ ਜਾਂਦਾ ਹੈ।ਉਹ ਇਸ ਇੰਚਾਰਜ ਵੱਲੋਂ ਸਾਲ 'ਚ ਤਿੰਨ ਵਾਰ ਹੀ ਬੱਚਿਆਂ ਨੂੰ ਫਲ ਖਾਣ ਲਈ ਦਿੱਤਾ ਗਿਆ ਹੈ।ਇਸ ਲਈ ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਮੈਡਮ ਬੇਅੰਤ ਕੌਰ ਦੀ ਇੱਥੋਂ ਤੁਰੰਤ ਬਦਲੀ ਕੀਤੀ ਜਾਵੇ।ਜੇ ਬਦਲੀ ਨਹੀਂ ਹੁੰਦੀ ਤਾਂ ਇਸ ਨੂੰ ਡੈਪੂਟੇਸ਼ਨ ਤੇ ਭੇਜਿਆ ਜਾਵੇ।ਉਪਰੋਕਤ ਮਾਪੇ ਵੱਲੋਂ ਪਿੰਡਾਂ ਦੀਆਂ ਪੰਚਾਇਤਾਂ, ਮੈਨੇਜਮੈਂਟ ਕਮੇਟੀ, ਕਿਸਾਨ ਯੂਨੀਅਨ ਦੇ ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਾਡੀ ਮੰਗ ਵੱਲ ਗੌਰ ਨਹੀਂ ਕੀਤੀ ਜਾਂਦੀ ਤਾਂ ਸਾਨੂੰ ਸੰਘਰਸ਼ ਦਾ ਰਾਹ ਅਪਣਾਉਣਾ ਪਵੇਗਾ।

# ਕਾਂਗਰਸ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਪੂਰੀ ਤਾਕਤ ਨਾਲ ਲੜੇਗੀ : ਗੋਲਡੀ



**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**-ਪੰਜਾਬ ਅੰਦਰ ਹੋਣ ਵਾਲੀਆਂ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲੜਨ ਦੀਆਂ ਤਿਆਰੀਆਂ ਨੂੰ ਲ ਕੇ ਕਾਂਗਰਸ ਪਾਰਟੀ ਵੱਲੋਂ ਸਰਗਰਮੀਆਂ ਆਰੰਭ ਦਿੱਤੀਆਂ ਗਈਆਂ ਹਨ। ਇਹਨਾਂ ਚੋਣਾਂ ਨੂੰ ਲੈ ਕੇ ਸਾਬਕਾ ਹਲਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਵੱਲੋਂ ਆਪਣੇ ਸਥਾਨਕ ਨਿਵਾਸ 'ਤੇ ਆਪਣੇ ਹਲਕੇ ਅਧੀਨ ਆਉਂਦੇ ਬਾਲੀਆਂ ਜੋਨ ਦੇ ਪਿੰਡ ਕਾਂਝਲਾ, ਹਸਨਪੁਰ, ਕਾਤਰੋਂ, ਬੇਨੜਾ, ਬੁਗਰਾ, ਰਣੀਕੇ, ਕੱਕੜਵਾਲ, ਪੁੰਨਾਵਾਲ, ਪੇਧਨੀ ਕਲਾਂ, ਰਾਜੋਮਾਜਰਾ, ਰੰਗੀਆਂ ਅਤੇ ਕੁੰਭੜਵਾਲ ਦੇ ਆਪਣੇ ਸਾਥੀਆਂ ਨਾਲ ਖੁੱਲ੍ਹੀ ਵਿਚਾਰ ਚਰਚਾ ਕੀਤੀ ਗਈ।ਉਪਰੰਤ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਜਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਪੂਰੀ ਤਾਕਤ ਨਾਲ ਲੜੀਆਂ ਜਾਣਗੀਆਂ।ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਘਨੌਰੀ ਕਲਾਂ ਜੋਨ ਅਧੀਨ ਆਉਂਦੇ ਪਿੰਡਾਂ ਦੇ ਆਪਣੇ ਸਾਥੀਆਂ ਨਾਲ ਮੀਟਿੰਗ ਕੀਤੀ ਜਾ ਚੁੱਕੀ ਹੈ ਅਤੇ ਮੀਮਸਾ ਜੋਨ ਦੇ ਸਾਥੀਆਂ ਨਾਲ 1 ਦਸੰਬਰ ਸੋਮਵਾਰ ਨੂੰ ਮੀਟਿੰਗ ਕੀਤੀ ਜਾਵੇਗੀ। ਇਸ ਮੌਕੇ ਜਿਲ੍ਹਾ ਪ੍ਰੀਸ਼ਦ ਮੈਂਬਰ ਇੰਦਰਪਾਲ ਸਿੰਘ ਗੋਲਡੀ ਕਹੇਰੂ, ਚਮਕੌਰ ਸਿੰਘ ਕੁੰਭੜਵਾਲ, ਜਗਤਾਰ ਸਿੰਘ ਤਾਰਾ ਬੇਨੜਾ , ਬਹਾਦਰ ਸਿੰਘ ਪੁੰਨਾਵਾਲ ਅਤੇ ਕਾਕਾ ਤੂਰ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਮੌਜੂਦ ਸਨ।

# ਮੁੱਖ ਮੰਤਰੀ ਤੀਰਥ ਯਾਤਰਾ ਲਈ ਬੱਸਾਂ ਰਵਾਨਾ



**ਮਾਨਸਾ (ਆਤਮਾ ਸਿੰਘ ਪਮਾਰ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਖੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਜ਼ਿਲ੍ਹੇ ਦੇ ਤਿੰਨੋਂ ਹਲਕਿਆਂ ਤੋਂ ਬੱਸਾਂ ਰਵਾਨਾ ਹੋਈਆਂ।ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀ ਬੱਸ ਦੇ ਪਹਿਲੇ ਜੱਥੇ ਨੂੰ ਵਿਧਾਇਕ ਸਰਦੂਲਗੜ੍ਹ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਪਿੰਡ ਖੋਖਰ ਕਲਾਂ ਤੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਉਨ੍ਹਾਂ ਨਾਲ ਐਸ.ਡੀ.ਐਮ. ਸਰਦੂਲਗੜ੍ਹ ਅਜੀਤਪਾਲ ਸਿੰਘ ਚਹਿਲ ਤੋਂ ਇਲਾਵਾ ਸਰਪੰਚ, ਪੰਚ ਤੇ ਪਿੰਡ ਵਾਸੀ ਮੌਜੂਦ ਸਨ।ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਦੀ ਧਰਮ ਪਤਨੀ ਸ੍ਰੀਮਤੀ ਅਨੀਤਾ ਸਿੰਗਲਾ ਵੱਲੋਂ ਪਿੰਡ ਅਕਲੀਆ ਤੋਂ ਸ੍ਰੀ ਹਰਿਮੰਦਰ ਸਾਹਿਬ, ਅਕਾਲ ਤਖ਼ਤ ਸਾਹਿਬ ਤੇ ਹੋਰ ਪਵਿੱਤਰ ਸਥਾਨਾਂ ਦੇ ਦਰਸ਼ਨਾਂ ਲਈ ਬੱਸ ਨੂੰ ਰਵਾਨਾ ਕੀਤਾ ਗਿਆ।ਐਸ.ਡੀ.ਐਮ. ਮਾਨਸਾ ਸ੍ਰੀ ਕਾਲਾ ਰਾਮ ਕਾਂਸਲ ਤੇ ਪਿੰਡ ਅਕਲੀਆ ਦੀ ਸਮੂਹ ਨਗਰ ਪੰਚਾਇਤ ਵੀ ਮੌਜੂਦ ਸੀ।ਪਿੰਡ ਖੀਵਾ ਮੀਹਾਂ ਸਿੰਘ ਵਾਲਾ ਤੋਂ ਤੀਰਥ ਯਾਤਰਾ ਲਈ ਬੱਸ ਰਵਾਨਾ ਕਰਨ ਮੌਕੇ ਐਸ.ਡੀ.ਐਮ. ਗਗਨਦੀਪ ਸਿੰਘ ਮੌਜੂਦ ਸਨ।ਬੱਸਾਂ ਰਵਾਨਾ ਕਰਨ ਮੌਕੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪਵਿੱਤਰ ਸਥਾਨਾਂ ਦੀ ਯਾਤਰਾ ਦੀ ਸਹੂਲਤ ਦੇ ਕੇ ਪੰਜਾਬੀਆਂ ਵਿੱਚ ਸਮਾਜਿਕ ਤੇ ਧਾਰਮਿਕ ਸਦਭਾਵਨਾ ਨੂੰ ਮਜ਼ਬੂਤ ਕਰਨ ਲਈ ਇੱਕ ਵਿਸ਼ੇਸ਼ ਪਹਿਲਕਦਮੀ ਕੀਤੀ ਗਈ ਹੈ।ਉਨ੍ਹਾਂ ਇਹ ਵੀ ਕਿਹਾ ਕਿ ਇਹ ਯੋਜਨਾ ਹਰ ਵਰਗ ਦੇ ਲੋਕਾਂ ਲਈ ਹੈ, ਜੋ ਸਰਕਾਰ ਦਾ ਇੱਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਪਿੰਡ ਖੀਵਾ ਮੀਹਾਂ ਸਿੰਘ ਵਾਲਾ ਵਿਖੇ ਚੇਅਰਮੈਨ ਕੋਆਪਰੇਟਿਵ ਸੁਸਾਇਟੀ ਸੋਹਣਾ ਸਿੰਘ ਕਲੀਪੁਰ ਤੇ ਪਿੰਡ ਵਾਸੀ ਹਾਜ਼ਰ ਸਨ।

# ਡਾ. ਬਲਬੀਰ ਸਿੰਘ ਨੇ 7 ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਵੰਡੇ ਚੈੱਕ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਆਪਣੇ ਹਲਕੇ ਅੰਦਰ ਵਿਕਾਸ ਤੇ ਫੰਡਾ ਦੀ ਲਹਿਰ ਅਧੀਨ ਜੱਸੋਵਾਲ, ਬਖ਼ਸ਼ੀਵਾਲਾ, ਕਿਸ਼ਨਗੜ੍ਹ, ਆਲੋਵਾਲ, ਲੌਟ, ਧਨੌਰੀ ਤੇ ਕਾਠ ਮੱਠੀ ਪਿੰਡਾਂ ਦਾ ਦੌਰਾ ਕਰਕੇ ਵਿਕਾਸ ਕਾਰਜਾਂ ਲਈ ਫੰਡ ਜਾਰੀ ਕੀਤੇ।ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਏਜੰਡਾ ਵਿਕਾਸ ਹੈ, ਇਸ ਲਈ ਸਾਰੇ ਪਿੰਡਾਂ ਦਾ ਬਿਨ੍ਹਾਂ ਕਿਸੇ ਪੱਖਪਾਤ ਤੋਂ ਲੋਕਾਂ ਦੀ ਤਰਜੀਹ ਮੁਤਾਬਕ ਵਿਕਾਸ ਕਰਾਇਆ ਜਾ ਰਿਹਾ ਹੈ।ਸਿਹਤ ਮੰਤਰੀ ਨੇ ਲੋਕਾਂ ਨਾਲ ਮੁਲਾਕਾਤ ਕਰਦਿਆਂ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਟਿਆਲਾ ਦਿਹਾਤੀ ਤੇਜ਼ੀ ਨਾਲ ਵਿਕਾਸ ਦੇ ਰਾਹ 'ਤੇ ਹੈ ਅਤੇ ਉਨ੍ਹਾਂ ਦਾ ਮੁੱਖ ਟੀਚਾ ਲੋਕਾਂ ਦੇ ਸਹਿਯੋਗ ਨਾਲ, ਲੋਕਾਂ ਦੀ ਭਲਾਈ ਕਰਨਾ ਹੈ।ਉਨ੍ਹਾਂ ਦੱਸਿਆ ਕਿ ਜਿਹੜੇ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਫੰਡ ਜਾਰੀ ਕੀਤੇ ਗਏ ਹਨ, ਇੱਥੇ ਗਲੀਆਂ-ਨਾਲੀਆਂ ਸਮੇਤ ਸਾਰੇ ਕਾਰਜਾਂ ਦੀ ਗੁਣਵੱਤਾ ਨੂੰ ਤਰਜੀਹ ਦਿੰਦਿਆਂ 5 ਸਾਲਾਂ ਦੀ ਗਾਰੰਟੀ ਵਾਲੀਆਂ ਸੜਕਾਂ ਸਮੇਤ ਖੇਡ ਮੈਦਾਨ, ਸੀਵਰੇਜ ਤੇ ਸੁੰਦਰੀਕਰਨ ਲਈ ਕੰਮ ਸ਼ੁਰੂ ਕੀਤੇ ਜਾ ਚੁੱਕੇ ਹਨ।ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਨੂੰ ਆਧੁਨਿਕ ਸਹੂਲਤਾਂ ਨਾਲ ਜੋੜਨ ਲਈ ਪੂਰੀ ਤਰ੍ਹਾਂ ਦੇ ਨਾਲ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸੁੰਦਰੀਕਰਨ ਅਤੇ ਮੁੱਢਲੀਆਂ ਸਹੂਲਤਾਂ ਲਈ ਫੰਡ ਖਰਚੇ ਜਾ ਰਹੇ ਹਨ ਤੇ ਲੋਕਾਂ ਦੀਆਂ ਵਿਕਾਸ ਸਬੰਧੀ ਕੋਈ ਵੀ ਸ਼ਿਕਾਇਤ ਬਾਕੀ ਨਹੀਂ ਰਹੇਗੀ।

# ਸਕੂਲ ਵਿੱਚ ਸ਼ਹੀਦੀ ਪੁਰਬ ਨੂੰ ਸਮਰਪਤ ਵਿਸ਼ੇਸ਼ ਸਮਾਗਮ



**ਦੋਰਾਹਾ (ਹਰਮਿੰਦਰ ਸੇਠ)**-ਖਾਲਸਾ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਇੱਕ ਸ਼ਰਧਾ ਭਰਿਆ ਅਤੇ ਗੰਭੀਰ ਸਮਾਗਮ ਆਯੋਜਿਤ ਕੀਤਾ ਗਿਆ।ਸਮੂਹ ਸਕੂਲ ਪ੍ਰਬੰਧਕ ਮੰਡਲ, ਅਧਿਆਪਕ ਵਰਗ ਅਤੇ ਵਿਦਿਆਰਥੀਆਂ ਨੇ ਇਸ ਪਵਿੱਤਰ ਦਿਹਾੜੇ ਨੂੰ ਪੂਰੀ ਭਗਤੀ ਅਤੇ ਸਤਿਕਾਰ ਨਾਲ ਮਨਾਇਆ।ਇਸ ਮੌਕੇ ਸਕੂਲ ਦੇ ਬੱਚਿਆਂ ਵੱਲੋਂ ਸ਼ਹੀਦੀ ਪੁਰਬ ਨੂੰ ਸਮਰਪਿਤ ਕਵਿਤਾਵਾਂ, ਗਾਥਾਵਾਂ, ਸ਼ਬਦ ਕੀਰਤਨ ਅਤੇ ਸਲੋਕਾਂ ਦੀ ਸੁੰਦਰ ਅਤੇ ਭਾਵਪੂਰਨ ਪੇਸ਼ਕਾਰੀ ਕੀਤੀ ਗਈ।ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।

# ਖੇਤੀ ਵਾਲੀਆਂ ਮਸ਼ੀਨਾਂ 'ਤੇ ਸਬਸਿਡੀ ਲਈ ਕਿਸਾਨ 4 ਦਸੰਬਰ ਤੱਕ ਦੇਣ ਬਿਨੈ ਪੱਤਰ : ਮੁੱਖ ਖੇਤੀਬਾੜੀ ਅਫ਼ਸਰ

**ਜਗਰਾਉਂ (ਨਛੱਤਰ ਸੰਧੂ)**



ਮੁੱਖ ਖੇਤੀਬਾੜੀ ਅਫ਼ਸਰ ਲੁਧਿਆਣਾ ਡਾ. ਗੁਰਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਖੇਤੀ ਵਿੱਚ ਵੱਖ-ਵੱਖ ਫਸਲਾਂ ਲਈ ਮਸ਼ੀਨੀਕਰਨ ਨੂੰ ਉਤਸ਼ਾਹਤ ਕਰਨ ਹਿੱਤ ਇਨ੍ਹਾਂ ਖੇਤੀ ਮਸ਼ੀਨਾਂ 'ਤੇ ਸਬਸਿਡੀ ਦੇਣ ਦਾ ਫੈਸਲਾ ਲਿਆ ਗਿਆ ਹੈ।ਇਹ ਮਸ਼ੀਨਾਂ ਕਿਸਾਨਾਂ ਨੂੰ ਸਬ-ਮਿਸ਼ਨ ਆਨ ਐਗਰੀਕਲਚਰਲ ਮੈਕਾਨਾਈਜ਼ੇਸ਼ਨ (ਸਮੈਮ) ਸਕੀਮ ਤੇ ਫਸਲੀ ਵਿਭਿੰਨਤਾ ਸਕੀਮ ਅਧੀਨ ਸਬਸਿਡੀ 'ਤੇ ਦਿੱਤੀਆਂ ਜਾਣਗੀਆਂ।ਇਨ੍ਹਾਂ ਵਿੱਚ ਵੱਖ-ਵੱਖ ਤਕਨੀਕਾਂ ਵਾਲੀਆਂ ਖੇਤੀ ਮਸ਼ੀਨਾਂ ਉੱਤੇ ਸਬਸਿਡੀ ਮੁਹੱਈਆ ਕਰਾਉਣ ਲਈ ਕਿਸਾਨਾਂ ਤੋਂ ਬਿਨੈ-ਪੱਤਰਾਂ ਦੀ ਮੰਗ ਕੀਤੀ ਗਈ ਹੈ।ਕਿਸਾਨ ਇਹ ਬਿਨੈ-ਪੱਤਰ ਆਨਲਾਈਨ ਮਾਧਿਅਮ ਰਾਹੀਂ ਖੇਤੀਬਾੜੀ ਵਿਭਾਗ ਦੇ ਪੋਰਟਲ grimachinerypb.com 'ਤੇ 4 ਦਸੰਬਰ ਨੂੰ ਸ਼ਾਮ 5:00 ਵਜੇ ਤੱਕ ਦੇ ਸਕਦੇ ਹਨ।

ਮੁੱਖ ਖੇਤੀਬਾੜੀ ਅਫ਼ਸਰ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਇਸ ਸਕੀਮ ਅਧੀਨ ਦਿੱਤੀ ਜਾ ਰਹੀ ਸਬਸਿਡੀ ਦਾ ਲਾਭ ਪ੍ਰਾਪਤ ਕਰਨ ਤਾਂ ਜੁ ਜ਼ਿਲ੍ਹਾ ਲੁਧਿਆਣਾ ਪਹਿਲਾਂ ਦੀ ਤਰ੍ਹਾ ਖੇਤੀ ਮਸ਼ੀਨੀਕਰਨ ਵਿੱਚ ਰਾਜ ਦੇ ਮੋਹਰੀ ਜਿਲ੍ਹਿਆਂ ਵਿੱਚ ਸ਼ਾਮਲ ਰਹਿ ਕੇ ਖੇਤੀ ਖਰਚੇ ਤੇ ਕੁਦਰਤੀ ਸੋਮਿਆਂ ਦੀ ਬੱਚਤ ਕਰ ਸਕੇ।ਇੰਜ. ਅਮਨਪ੍ਰੀਤ ਸਿੰਘ ਘੇਈ, ਸਹਾਇਕ ਖੇਤੀਬਾੜੀ ਇੰਜਨੀਅਰ ਨੇ ਦੱਸਿਆ ਕਿ ਸਾਉਣੀ ਦੇ ਸੀਜ਼ਨ ਦੌਰਾਨ ਕਿਸਾਨ ਡੀ.ਐਸ.ਆਰ ਡਰਿੱਲ ਦੀ ਵਰਤੋਂ ਕਰਕੇ ਜਿੱਥੇ ਪਾਣੀ ਤੇ ਬਿਜਲੀ ਦੀ ਬੱਚਤ ਕਰ ਸਕਦੇ ਹਨ, ਉਥੇ ਮੱਕੀ ਤੇ ਹੋਰ ਫਸਲੀ ਵਿਭਿੰਨਤਾ ਵਾਲੀਆਂ ਫਸਲਾਂ ਲਈ ਨਿਊਮੈਟਿਕ ਪਲਾਂਟਰ ਵਰਤ ਕੇ ਬਿਜਾਈ ਦਾ ਕੰਮ ਵਧੀਆ ਤਰੀਕੇ ਨਾਲ ਤੇ ਘੱਟ ਸਮੇਂ ਵਿੱਚ ਕਰਕੇ ਸਮੇਂ ਦੀ ਬੱਚਤ ਅਤੇ ਵਾਧੂ ਬੀਜ ਦੇ ਖਰਚੇ ਦੀ ਬੱਚਤ ਕਰ ਸਕਦੇ ਹਨ।ਉਨ੍ਹਾਂ ਅੱਗੇ ਦੱਸਿਆ ਕਿ ਅਰਜੀ ਭਰਨ ਸਮੇਂ ਕਿਸਾਨਾਂ ਕੋਲ ਆਧਾਰ ਕਾਰਡ, ਪਾਸਪੋਰਟ ਸਾਈਜ਼ ਫੋਟੋ, ਜ਼ਮੀਨ ਦੀ ਮਾਲਕੀ ਦੀ ਫਰਦ ਤੇ ਅਨੁਸੂਚਿਤ ਜਾਤੀ ਸਰਟੀਫਿਕੇਟ (ਜੇਕਰ ਬਿਨੇਕਾਰ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੋਵੇ) ਆਦਿ ਦੀਆਂ ਸਕੈਨਡ ਕਾਪੀਆਂ ਹੋਣਾ ਲਾਜ਼ਮੀ ਹੈ।ਕੇਵਲ 5000 ਰੁਪਏ ਦੀ ਮੋੜਨਯੋਗ ਟੋਕਨ ਮਨੀ ਜਮ੍ਹਾਂ ਕਰਾਉਣ ਵਾਲੇ ਬਿਨੈਕਾਰ ਨੂੰ ਹੀ ਸਕੀਮ ਅਧੀਨ ਵਿਚਾਰਿਆ ਜਾਵੇਗਾ।ਕਸਟਮ ਹਾਇਰਿੰਗ ਸੈਂਟਰ ਖੋਲਣ ਲਈ ਸਹਿਕਾਰੀ ਸਭਾਵਾਂ, ਗ੍ਰਾਮ ਪੰਚਾਇਤਾਂ ਤੇ ਫਾਰਮਰ ਪ੍ਰੋਡਿਊਸਰ ਸੰਸਥਾਵਾਂ ਦੇ ਮੁਖੀ ਅਤੇ ਮੈਂਬਰਾਂ ਦੇ ਆਧਾਰ ਕਾਰਡ ਨੰਬਰ ਤੇ ਰਜਿਸਟਰੇਸ਼ਨ ਸਰਟੀਫਿਕੇਟ ਹੋਣਾ ਜ਼ਰੂਰੀ ਹੈ।

# ਪਿੱਤੇ ਦੀ ਪੱਥਰੀ ਦਾ ਆਪਰੇਸ਼ਨ ਕਰਵਾਉਣ ਆਏ 45 ਸਾਲਾ ਵਿਅਕਤੀ ਦੀ ਭੇਦਭਰੇ ਹਾਲਾਤ 'ਚ ਮੌਤ

**ਦੋਰਾਹਾ (ਹਰਮਿੰਦਰ ਸੇਠ)**-ਦੋਰਾਹਾ ਦੇ ਇੱਕ ਨਿੱਜੀ ਹਸਪਤਾਲ 'ਚ ਪਿੱਤੇ ਦੀ ਪੱਥਰੀ ਦਾ ਅਪਰੇਸ਼ਨ ਕਰਵਾਉਣ ਆਏ 45 ਸਾਲਾ ਨਰੇਸ਼ ਦੀ ਅਪਰੇਸ਼ਨ ਬਾਅਦ ਅਚਾਨਕ ਹਾਲਤ ਵਿਗੜਨ ਨਾਲ ਮੌਤ ਹੋ ਗਈ ਜਿਸ ਤੋਂ ਰੋਸ ਵਿੱਚ ਆਏ ਮ੍ਰਿਤਕ ਦੇ ਪਰਿਵਾਰ ਨੇ ਹਸਪਤਾਲ ਦੇ ਅੱਗੇ ਧਰਨਾ ਲਗਾ ਦਿੱਤਾ ਜਿਸ ਕਰਕੇ ਹਾਈਵੇ ਨੰਬਰ 44 ਨਾਲ ਲਗਦੇ ਸਰਵਿਸ ਰੋਡ ਦਾ ਟਰੈਫਿਕ ਪੂਰੀ ਤਰ੍ਹਾਂ ਜਾਮ ਹੋ ਗਿਆ। ਪਰਿਵਾਰਕ ਮੈਂਬਰਾਂ ਵਿੱਚੋਂ ਮ੍ਰਿਤਕ ਦੀ ਪਤਨੀ ਪਾਰਵਤੀ ਜੋ ਕਿ ਦੋਰਾਹਾ ਦੇ ਮਧੂ ਮਾਂਗਟ ਵਾਲੀ ਗਲੀ ਵਿੱਚ ਰਹਿਣ ਵਾਲੀ ਹੈ ਨੇ ਦੋਸ਼ ਲਗਾਇਆ ਕਿ ਉਸ ਦੇ ਪਤੀ ਦੀ ਮੌਤ ਡਾਕਟਰਾਂ ਦੀ ਅਣਗਹਿਲੀ ਕਰਕੇ ਹੋਈ ਹੈ ਅਤੇ ਉਹ ਧਰਨਾ ਉਦੋਂ ਤੱਕ ਨਹੀਂ ਉਠਾਉਣਗੇ ਜਦੋਂ ਤੱਕ ਇਨਸਾਫ ਨਹੀਂ ਮਿਲਦਾ। ਡੀ ਐਸ ਪੀ ਪਾਇਲ ਨੇ ਮੌਕੇ 'ਤੇ ਪੁੱਜ ਕੇ ਮ੍ਰਿਤਕ ਦੀ ਪਤਨੀ ਨੂੰ ਧਰਨਾ ਉਠਾਉਣ ਦੀ ਅਪੀਲ ਕੀਤੀ ਅਤੇ ਇਸ ਮਾਮਲੇ ਵਿੱਚ ਪੂਰੀ ਤਰ੍ਹਾਂ ਜਾਂਚ ਪੜਤਾਲ ਕਰਕੇ ਬਣਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਬਾਅਦ ਧਰਨਾ ਉਠਾ ਦਿੱਤਾ ਗਿਆ



# ਗੁਰਪ੍ਰੀਤ ਸਿੰਘ ਭੁੱਚਰ ਨੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਦਾ ਅਹੁਦਾ ਸੰਭਾਲਿਆ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਾਤਾ ਹਰਪਾਲ ਕੌਰ ਦੀ ਮੌਜੂਦਗੀ 'ਚ ਗੁਰਪ੍ਰੀਤ ਸਿੰਘ ਭੁੱਚਰ ਨੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਵਜੋਂ ਆਪਣਾ ਅਹੁਦਾ ਸੰਭਾਲਿਆ।ਇਸ ਮੌਕੇ ਮਾਤਾ ਹਰਪਾਲ ਕੌਰ ਤੋਂ ਇਲਾਵਾ ਵਿਧਾਇਕ ਮਾਨਸਾ ਵਿਜੈ ਸਿੰਗਲਾ, ਵਿਧਾਇਕ ਸਰਦੂਲਗੜ੍ਹ ਗੁਰਪ੍ਰੀਤ ਸਿੰਘ ਬਣਾਂਵਾਲੀ ਸਮੇਤ ਸਮੁੱਚੀ ਲੀਡਰਸ਼ਿਪ ਨੇ ਨਵ-ਨਿਯੁਕਤ ਚੇਅਰਮੈਨ ਨੂੰ ਮੁਬਾਰਕਬਾਦ ਦਿੱਤੀ।ਮੀਡੀਆ ਨਾਲ ਗੱਲ ਕਰਦਿਆਂ ਮਾਤਾ ਹਰਪਾਲ ਕੌਰ ਨੇ ਕਿਹਾ ਕਿ ਇਹ ਬੇਹੱਦ ਖ਼ੁਸ਼ੀ ਦੀ ਗੱਲ ਹੈ ਕਿ ਆਮ ਘਰਾਂ 'ਚੋਂ ਆਏ ਮਿਹਨਤੀ ਵਰਕਰਾਂ ਨੂੰ ਅਹੁਦਿਆਂ ਨਾਲ ਨਿਵਾਜਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਉਹ ਗੁਰਪ੍ਰੀਤ ਸਿੰਘ ਭੁੱਚਰ ਨੂੰ ਮੁਬਾਰਕਬਾਦ ਅਤੇ ਸ਼ੁਭਕਾਮਨਾਵਾਂ ਦਿੰਦੇ ਹਨ ਤੇ ਉਮੀਦ ਕਰਦੇ ਹਨ ਕਿ ਸੂਬੇ ਦੇ ਸਾਰੇ ਅਹੁਦੇਦਾਰ ਪੂਰੀ ਮਿਹਨਤ ਤੇ ਤਨਦੇਹੀ ਨਾਲ ਕੰਮ ਕਰਨਗੇ ਅਤੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣਗੇ।ਵਿਧਾਇਕ ਡਾ. ਵਿਜੈ ਸਿੰਗਲਾ ਨੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਮਾਨਸਾ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਰਲ-ਮਿਲ ਕੇ ਸਾਂਝੇ ਉੱਦਮਾਂ ਨਾਲ ਵਿਕਾਸ ਦੇ ਕੰਮ ਨੇਪਰੇ ਚਾੜ੍ਹੇ ਜਾਣਗੇ।ਵਿਧਾਇਕ ਸਰਦੂਲਗੜ੍ਹ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਵੀ ਨਵ-ਨਿਯੁਕਤ ਚੇਅਰਮੈਨ ਨੂੰ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਲੋਕ ਪੱਖੀ ਨੀਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰ ਰਹੀ ਹੈ।ਚੇਅਰਮੈਨ ਗੁਰਪ੍ਰੀਤ ਸਿੰਘ ਭੁੱਚਰ ਨੇ ਕਿਹਾ ਕਿ ਉਹ ਇਸ ਅਹਿਮ ਜ਼ਿੰਮੇਵਾਰੀ ਸਾਰੀ ਲੀਡਰਸ਼ਿਪ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦੇ ਹਨ।

# ਦੋ ਰੋਜ਼ਾ ਸੱਭਿਆਚਾਰਕ ਮੇਲਾ 'ਸੱਤ ਰੰਗ' ਯਾਦਗਾਰੀ ਹੋ ਨਿੱਬੜਿਆ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਵੱਲੋਂ ਆਯੋਜਿਤ ਦੋ ਰੋਜ਼ਾ ਸੱਭਿਆਚਾਰਕ ਮੇਲਾ 'ਸੱਤ ਰੰਗ' ਵਿਰਾਸਤੀ ਰੰਗਾਂ ਨਾਲ ਰੰਗਿਆ ਨਜ਼ਰ ਆਇਆ, ਜਿਸ ਵਿੱਚ ਮੁੱਖ ਮਹਿਮਾਨ ਵਿਕਟੋਰੀਅਸ ਕਾਨਵੈਂਟ ਸਕੂਲ ਦੇ ਚੇਅਰਮੈਨ ਪੁਸ਼ਪਿੰਦਰ ਸਿੰਘ ਸਾਰੋ ਨੇ ਸ਼ਿਰਕਤ ਕਰਦੇ ਹੋਏ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨਾਂ ਦੀ ਪ੍ਰਸ਼ੰਸਾ ਕੀਤੀ।

ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਡਾ. ਬੂਟਾ ਸਿੰਘ ਕਲੇਰ (ਮਾਲਵਾ ਦੁੱਖ ਨਿਵਾਰਨ ਹਸਪਤਾਲ ਮੌੜ), ਗੁਰਪ੍ਰੀਤ ਸਿੰਘ ਸਿੱਧੂ (ਲਹਿਰਾ ਧੂਰਕੋਟ) ਅਤੇ ਜਸਵਿੰਦਰ ਸਿੰਘ ਜੱਸੀ ਹਾਜ਼ਰ ਰਹੇ। ਸਮਾਰੋਹ ਦੌਰਾਨ ਸਕਿੱਟ, ਨਾਟਕ, ਮਿਮਿਕਰੀ, ਭੰਡ ਅਤੇ ਫੈਸ਼ਨ ਟੈਕਨਾਲੋਜੀ ਵਿਭਾਗ ਵੱਲੋਂ ਫੈਸ਼ਨ ਸ਼ੋਅ ਦੀ ਵਿਸ਼ੇਸ਼ ਪ੍ਰਸਤੁਤੀ ਨੇ ਦਰਸ਼ਕਾਂ ਦਾ ਖੂਬ ਮੰਨੋਰੰਜਨ ਕੀਤਾ, ਜਦ ਕਿ ਗਾਇਕ ਹਰਵਿੰਦਰ ਹੈਰੀ, ਪਰਮ ਸਿੱਧੂ, ਸਲੀਮ ਖਾਨ ਤੇ ਚੰਨੀ ਗਿੱਲ ਦੀਆਂ ਪੇਸ਼ਕਾਰੀਆਂ ਨੇ ਪੰਡਾਲ ਦਾ ਮਾਹੌਲ ਖੁਸ਼ਗਵਾਰ ਬਣਾ ਦਿੱਤਾ।ਅਕਾਦਮਿਕ, ਖੇਡਾਂ ਅਤੇ ਯੂਥ ਫੈਸਟੀਵਲ ਵਿੱਚ ਕਾਮਯਾਬੀਆਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੰਚ 'ਤੇ ਸਨਮਾਨਿਤ ਕੀਤਾ ਗਿਆ।ਚੇਅਰਮੈਨ ਐਸ.ਐਸ. ਚੱਠਾ ਨੇ ਕਿਹਾ ਕਿ 'ਸੱਤ ਰੰਗ' ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਆਪਣੀ ਸੱਭਿਆਚਾਰਕ ਵਿਰਾਸਤ ਨਾਲ ਜੋੜਨਾ ਹੈ। ਐਮ.ਡੀ. ਮਨਜੀਤ ਕੌਰ ਚੱਠਾ, ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ, ਸਹਾਇਕ ਡਾਇਰੈਕਟਰ ਤੇ ਪ੍ਰੋਗਰਾਮ ਕਨਵੀਨਰ ਹਰਪ੍ਰੀਤ ਸ਼ਰਮਾ, ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ ਅਤੇ ਪ੍ਰਿੰਸੀਪਲ ਬਘੇਲ ਸਿੰਘ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਵਿਦਿਆਰਥੀਆਂ ਦੀ ਜੋਸ਼ੀਲੀ ਭਾਗੀਦਾਰੀ ਅਤੇ ਰਚਨਾਤਮਿਕਤਾ ਨੇ ਮੇਲੇ ਨੂੰ ਯਾਦਗਾਰੀ ਬਣਾਇਆ। ਆਈ ਟੀ ਸੈਲ ਦੇ ਮੁਖੀ ਪ੍ਰੋ. ਸੋਨਵਿੰਦਰ ਸਿੰਘ, ਪ੍ਰੋ. ਕੁਮਾਰੀ ਸ਼ੈਲਜਾ,ਪ੍ਰੋ. ਸੰਦੀਪ ਕੌਰ, ਪ੍ਰੋ. ਮਨਦੀਪ ਕੌਰ, ਪ੍ਰੋ. ਕੁਲਦੀਪ ਸਿੰਘ, ਪ੍ਰੋ. ਵਰਿੰਦਰ ਕੌਰ, ਪ੍ਰੋ. ਹਰਜੀਤ ਕੌਰ, ਪ੍ਰੋ. ਅਨੀਤਾ ਗਰਗ, ਪ੍ਰੋ. ਦੀਪੀਕਾ, ਪ੍ਰੋ. ਜਸਪ੍ਰੀਤ ਕੌਰ, ਮੁੱਖ ਸਟੇਜ ਸੰਚਾਲਕ ਪ੍ਰੋ. ਕਿਸਨ ਸਿੰਘ, ਪ੍ਰੋ. ਰੋਬਿਨ ਮੰਗਲਾ ਸਮੇਤ ਸਮੂਹ ਸਟਾਫ ਮੈਂਬਰਾਂ ਨੇ ਸਮਾਰੋਹ ਨੂੰ ਚਾਰ ਚੰਨ ਲਗਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ।

# ਵਿਦਿਆਰਥੀ ਆਨੰਦਪੁਰ ਸਾਹਿਬ ਨਤਮਸਤਕ ਹੋਏ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਤਾ ਸੁੰਦਰੀ ਇੰਸਟੀਚਿਊਟ ਆਫ ਨਰਸਿੰਗ ਢੱਡੇ ਦੀਆਂ ਵਿਦਿਆਰਥਣਾਂ ਨੂੰ ਪਾਤਸ਼ਾਹੀ ਨੌਵੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਪਾਵਨ ਸਮਾਗਮ ਮੌਕੇ ਸ੍ਰੀ ਅਨੰਦਪੁਰ ਸਾਹਿਬ ਨਤਮਸਕਤ ਹੋਣ ਦਾ ਸੁਭਾਗ ਪ੍ਰਾਪਤ ਹੋਇਆ।

ਚੇਅਰਮੈਨ ਕੁਲਵੰਤ ਸਿੰਘ ਸਿੱਧੂ ਤੇ ਐਮ.ਡੀ. ਗੁਰਬਿੰਦਰ ਸਿੰਘ ਬੱਲੀ ਨੇ ਕਿਹਾ ਕਿ ਇਸ ਪਵਿੱਤਰ ਯਾਤਰਾ ਦੌਰਾਨ ਵਿਦਿਆਰਥੀਆਂ ਨੇ ਗੁਰਦੁਆਰਾ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਅਰਦਾਸ ਕਰਕੇ ਗੁਰੂ ਸਾਹਿਬ ਵੱਲੋਂ ਮਨੁੱਖਤਾ ਦੀ ਖਾਤਰ ਦਿੱਤੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕੀਤੀ।ਵਿਦਿਆਰਥੀਆਂ ਨੇ ਇਸ ਯਾਤਰਾ ਰਾਹੀਂ ਨਾ ਸਿਰਫ਼ ਆਤਮਿਕ ਸ਼ਾਂਤੀ ਪ੍ਰਾਪਤ ਕੀਤੀ ਹੈ, ਸਗੋਂ ਸੇਵਾ, ਨਿਮਰਤਾ ਤੇ ਸਮਰਪਣ ਦੇ ਗੁਰਬਾਣੀ ਸੰਦੇਸ਼ ਨੂੰ ਵੀ ਆਪਣੇ ਜੀਵਨ ਵਿੱਚ ਅਪਣਾਉਣ ਦਾ ਸੰਕਲਪ ਕੀਤਾ।ਸੰਸਥਾ ਦੇ ਡਾਇਰੈਕਟਰ ਐਡਮਿਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਗੁਰੂ ਸਾਹਿਬ ਦੀ ਕੁਰਬਾਨੀ ਨਾ ਸਿਰਫ਼ ਸਿੱਖ ਕੌਮ ਲਈ, ਸਗੋਂ ਸਾਰੀ ਮਨੁੱਖਤਾ ਲਈ ਹੈ।ਸੰਸਥਾ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਕਿਹਾ ਕਿ ਨੇ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਸਾਨੂੰ ਧੀਰਜ, ਹਿੰਮਤ ਤੇ ਮਨੁੱਖਤਾ ਲਈ ਖੜ੍ਹੇ ਰਹਿਣ ਦਾ ਸੰਦੇਸ਼ ਦਿੰਦੀ ਹੈ।ਸੰਸਥਾ ਦੇ ਸੀਨੀਅਰ ਪ੍ਰੋ. ਰਾਜਵਿੰਦਰ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਸਾਨੂੰ ਮਨੁੱਖਤਾ, ਧਰਮ ਅਤੇ ਸੱਚ ਲਈ ਅਡੋਲ ਖੜ੍ਹੇ ਰਹਿਣ ਦੀ ਪ੍ਰੇਰਣਾ ਦਿੰਦੀ ਹੈ।

# ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਦਿੱਲੀ 'ਚ ਹੋਈ ਕੌਮੀ ਰੈਲੀ



**ਮਾਨਸਾ (ਆਤਮਾ ਸਿੰਘ ਪਮਾਰ)**-ਦੇਸ਼ ਭਰ ਦੇ ਮੁਲਾਜ਼ਮਾਂ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਐਨ ਐਮ ਓ ਪੀ ਐਸ ਦੇ ਸੱਦੇ 'ਤੇ ਦਿੱਲੀ ਦੇ ਜੰਤਰ-ਮੰਤਰ ਵਿਖੇ ਦੇਸ ਪੱਧਰੀ ਰੈਲੀ ਦਾ ਆਯੋਜਨ ਕੀਤਾ ਗਿਆ।

ਰੈਲੀ 'ਚ ਪੰਜਾਬ ਸਮੇਤ ਕਈ ਵੱਖ-ਵੱਖ ਰਾਜਾਂ ਤੋਂ ਹਜ਼ਾਰਾਂ ਮੁਲਾਜ਼ਮਾਂ ਨੇ ਭਾਗ ਲਿਆ।ਸੀਪੀਐਫ਼ ਕ੍ਰਮਚਾਰੀ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤੇ ਐਨ ਐਮ ਓਪੀਐਸ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਸੁਖਜੀਤ ਸਿੰਘ ਨੇ ਦੱਸਿਆ ਕਿ ਮੁਲਾਜ਼ਮਾਂ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਨੂੰ ਦੁਬਾਰਾ ਲਾਗੂ ਕਰਨ ਦੀ ਮੰਗ ਜੋਰ-ਸ਼ੋਰ ਨਾਲ ਉਠਾਈ ਗਈ।ਉਨ੍ਹਾਂ ਕਿਹਾ ਕਿ ਐਨਪੀਐਸ ਤੇ ਯੂਪੀਐਸ ਮੁਲਾਜ਼ਮ ਵਿਰੋਧੀ ਨੀਤੀਆਂ ਹਨ, ਜਿਸ ਕਾਰਨ ਦੇਸ਼ ਭਰ ਦੇ ਮੁਲਾਜ਼ਮ ਰੋਸ ਤੇ ਤਣਾਅ ਵਾਲਾ ਮਹੌਲ ਬਣਿਆ ਹੋਇਆ ਹੈ, ਜਿਸ ਕਾਰਨ ਸਮੁੱਚੇ ਮੁਲਾਜ਼ਮ ਇਕਸੁਰ ਹੋ ਕੇ ਇਹਨਾਂ ਨੀਤੀਆਂ ਦਾ ਵਿਰੋਧ ਕਰ ਰਹੇ ਹਨ।

ਸੀ.ਪੀ.ਐਫ਼ ਕ੍ਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਹੀਰੇਵਾਲਾ ਨੇ ਕਿਹਾ ਕਿ ਪੰਜਾਬ 'ਚ 2027 ਦੀਆਂ ਵਿਧਾਨ ਸਭਾ ਚੋਣਾਂ ਨਜ਼ਦੀਕ ਹਨ ਤੇ ਇਸ ਕਾਰਨ ਸਾਲ 2026 'ਚ ਪੰਜਾਬ ਦਾ ਸਮੂਹ ਮੁਲਾਜ਼ਮ ਵਰਗ ਵੱਡੇ ਪੱਧਰ 'ਤੇ ਸੰਘਰਸ਼ ਦਾ ਐਲਾਨ ਕਰੇਗਾ।ਉਨ੍ਹਾਂ ਸਪੱਸ਼ਟ ਕੀਤਾ ਕਿ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਤੱਕ ਇਹ ਅੰਦੋਲਨ ਬਾਦਸਤੂਰ ਜਾਰੀ ਰਹੇਗਾ।

# ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਲਿਖਤੀ ਮੁਕਾਬਲਾ ਕਰਵਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਿੱਖ ਧਰਮ ਦੇ ਨੌਵੇਂ ਗੁਰੂ ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਅਮਰ ਸ਼ਹਾਦਤ ਨੂੰ ਯਾਦ ਕਰਦੇ ਹੋਏ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਵਿਖੇ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਅਗਵਾਈ ਹੇਠ ਵਿਦਿਆਰਥੀਆਂ 'ਚ ਵਿਸ਼ੇਸ਼ ਲਿਖਤੀ ਮੁਕਾਬਲੇ ਕਰਵਾਏ ਗਏ। ਸਕੂਲ ਦੇ ਮੀਡੀਆ ਇੰਚਾਰਜ ਡਾ. ਰਣਜੋਧ ਸਿੰਘ (ਲੈਕ. ਇਕਨੌਮਿਕਸ) ਨੇ ਦੱਸਿਆ ਕਿ ਹਾਲ ਹੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਤ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਨੌਵੀਂ ਪਾਤਸ਼ਾਹੀ ਨਾਲ ਸਬੰਧਤ ਤਿੰਨਾਂ ਭਾਗਾਂ ਅਤੇ ਟ੍ਰੈਕਟਾਂ ਵਿਚੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਮਹੱਤਵਪੂਰਨ ਸਿੱਖਿਆਤਮਕ ਸਮੱਗਰੀ ਸਕੂਲਾਂ ਨੂੰ ਭੇਜੀ ਸੀ। ਇਸ ਸਮੱਗਰੀ ਨੂੰ 10 ਨਵੰਬਰ ਤੋਂ 27 ਨਵੰਬਰ ਤੱਕ ਹਰ ਰੋਜ਼ ਸਵੇਰ ਦੀ ਸਭਾ ਦੌਰਾਨ ਪੰਜਾਬੀ ਅਧਿਆਪਕ ਜਰਨੈਲ ਸਿੰਘ ਵੱਲੋਂ ਬਾਖੂਬੀ ਵਿਦਿਆਰਥੀਆਂ ਨਾਲ ਵਿਸਤਾਰਪੂਰਵਕ ਸਾਂਝਾ ਕੀਤਾ ਗਿਆ। ਇਸ ਅਧਿਆਤਮਿਕ ਅਤੇ ਇਤਿਹਾਸਕ ਗਿਆਨ ਦੀ ਵਿਦਿਆਰਥੀਆਂ ਵਿੱਚ ਪੈਦਾ ਹੋਈ ਸਮਝ ਦੀ ਪਰਖ ਕਰਨ ਲਈ ਲਿਖਤੀ ਮੁਕਾਬਲੇ ਦਾ ਆਯੋਜਨ ਕੀਤਾ ਗਿਆ।

ਛੇਵੀਂ ਤੋਂ ਅੱਠਵੀਂ ਸ਼੍ਰੇਣੀ ਦੀ ਕੈਟਾਗਰੀ 'ਚੋਂ (7ਵੀਂ ਬੀ) ਸ਼੍ਰੇਣੀ ਦੇ ਵਿਦਿਆਰਥੀਆਂ ਨਵਦੀਪ ਕੌਰ, ਲਵਦੀਪ ਸਿੰਘ ਅਤੇ ਹਰਮਨਜੋਤ ਕੌਰ ਨੇ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਜਦੋਂ ਕਿ ਨੌਵੀਂ ਤੋਂ ਬਾਰਵੀਂ ਸ਼੍ਰੇਣੀ ਦੀ ਕੈਟਾਗਰੀ 'ਚੋਂ ਪਹਿਲੇ ਸਥਾਨ 'ਤੇ ਲਵਪ੍ਰੀਤ ਕੌਰ (ਨੌਵੀਂ ਬੀ) ਰਹੀ, ਦੂਜਾ ਸਥਾਨ (ਨੌਵੀਂ ਏ) ਦੀਆਂ ਰਾਜਦੀਪ ਕੌਰ ਅਤੇ ਖੁਸ਼ਦੀਪ ਕੌਰ ਨੇ ਸਾਂਝਾ ਅਤੇ ਤੀਸਰਾ ਸਥਾਨ ਗਗਨਦੀਪ ਕੌਰ (ਨੌਵੀਂ ਬੀ) ਨੇ ਪ੍ਰਾਪਤ ਕੀਤਾ। ਪ੍ਰਿੰਸੀਪਲ ਬੇਗਾ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਸਾਨੂੰ ਅਨਿਆਂ ਦੇ ਖ਼ਿਲਾਫ਼ ਅਡੋਲ ਰਹਿਣ ਦਾ ਸੰਦੇਸ਼ ਦਿੰਦੀ ਹੈ।

# ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਮੂਣਕ 'ਚ ਗਿਆਰਾਂ ਹੜ੍ਹ ਪੀੜਤਾਂ ਨੂੰ ਵੱਡੀ ਨਕਦ ਮਾਇਕ ਸਹਾਇਤਾ

**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)**




ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਮੀਤ ਪ੍ਰਧਾਨ ਹਰਦੇਵ ਸਿੰਘ ਜਵੰਧਾ ਨੇ ਦੱਸਿਆ ਕਿ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਦੇ ਨਿਰਦੇਸ਼ਾਂ ਅਨੁਸਾਰ ਜਥੇਬੰਦੀ ਵੱਲੋਂ ਹੜ੍ਹ ਪੀੜਤਾਂ ਦੇ ਦਰਦ ਨੂੰ ਮਹਿਸੂਸ ਕਰਦਿਆਂ ਸੰਗਰੂਰ ਜ਼ਿਲ੍ਹੇ ਦੇ ਮੂਣਕ ਇਲਾਕੇ 'ਚ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ 11 ਲੋੜਵੰਦ ਪਰਵਾਰਾਂ ਨੂੰ ਮੀਂਹ ਕਾਰਨ ਉਨ੍ਹਾਂ ਦੇ ਘਰਾਂ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਨਕਦ ਮਾਇਕ ਸਹਾਇਤਾ ਵੰਡੀ ਗਈ।

ਜਵੰਧਾ ਅਨੁਸਾਰ ਇਸ 'ਤੇ ਪਹਿਲਾਂ ਜਥੇਬੰਦੀ ਵੱਲੋਂ ਫ਼ਿਰੋਜ਼ਪੁਰ, ਸੁਲਤਾਨਪੁਰ ਲੋਧੀ, ਫ਼ਾਜ਼ਿਲਕਾ ਤੇ ਜਲਾਲਾਬਾਦ ਦੇ ਕੇ ਇਲਾਕਿਆਂ 'ਚ ਹੜ੍ਹ ਪੀੜਤਾਂ ਦੀ ਮਾਇਕ ਸਹਾਇਤਾ ਕੀਤੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਮੂਣਕ ਇਲਾਕੇ ਦੇ ਵੱਖ ਵੱਖ ਪਿੰਡਾਂ ਦਾ ਨਿਰੀਖਣ ਕਰਨ ਤੋਂ ਬਾਅਦ 11 ਲੋੜਵੰਦ ਪਰਵਾਰਾਂ ਦੀ ਸਨਾਖ਼ਤ ਕੀਤੀ ਗਈ ਸੀ, ਜਿਨ੍ਹਾਂ ਨੂੰ ਸਹਾਇਤਾ ਵੰਡਣ ਲਈ ਸੂਬਾ ਜਨਰਲ ਸਕੱਤਰ ਸੁਰਿੰਦਰ ਰਾਮ ਕੁੱਸਾ ਦੀ ਅਗਵਾਈ ਹੇਠ ਉਪ ਮੰਡਲ ਧੂਰੀ ਦੇ ਪ੍ਰਧਾਨ ਜੈ ਦੇਵ ਸ਼ਰਮਾ, ਭਗਤਾ ਭਾਈ ਦੇ ਪ੍ਰਧਾਨ ਆਤਮਤੇਜ ਸ਼ਰਮਾ, ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਬਿੱਕਰ ਸਿੰਘ ਮਾਛੀਕੇ, ਅਮਰਜੀਤ ਸਿੰਘ ਖ਼ਜ਼ਾਨਚੀ ਭਗਤਾ ਭਾਈ, ਜਗਤਾਰ ਸਿੰਘ ਹਸਨਪੁਰ, ਗੁਰਦਿਆਲ ਸਿੰਘ ਮੀਰਹੇੜੀ, ਕੰਵਰ ਕੌਰ ਸਿੰਘ ਤੇ ਜਸਪਾਲ ਸਿੰਘ ਕੰਡਾ ਬਾਘਾਪੁਰਾਣਾ ਪੁੱਜੇ।

ਉਨ੍ਹਾਂ ਕਿਹਾ ਕਿ ਮੁਲਾਜ਼ਮ ਤੇ ਪੈਨਸ਼ਨਰ ਜਿੱਥੇ ਆਪਣੀਆਂ ਮੰਗਾਂ ਮਸਲੇ ਹੱਲ ਕਰਾਉਣ ਖਾਤਰ ਸਰਕਾਰਾਂ ਦੇ ਖਿਲਾਫ਼ ਸ਼ੰਘਰਸ਼ ਦੇ ਮੈਦਾਨ 'ਚ ਕੁੱਦਦੇ ਹਨ, ਉਥੇ ਆਪਣਾ ਇਨਸਾਨੀ ਫ਼ਰਜ਼ ਸਮਝਦਿਆਂ ਲੋੜਮੰਦ ਲੋਕਾਂ 'ਤੇ ਆਈਆਂ ਹੜ੍ਹਾਂ ਵਰਗੀਆਂ ਕੁਦਰਤੀ ਆਫ਼ਤਾਂ ਸਮੇਂ ਉਨ੍ਹਾਂ ਦੇ ਦੁੱਖ ਦਰਦ ਨੂੰ ਮਹਿਸੂਸ ਕਰਦਿਆਂ ਉਨ੍ਹਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਲਈ ਵੀ ਆਪਣੇ ਯਤਨ ਜੁਟਾਉਂਦੇ ਹਨ ਤੇ ਲੋੜਵੰਦ ਪਰਵਾਰਾਂ ਦੀ ਮਦਦ ਲਈ ਜਥੇਬੰਦੀ ਵੱਲੋਂ ਨਕਦ ਰਾਸ਼ੀ ਭੇਟ ਕਰਕੇ ਮਨੁੱਖਤਾ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਈ ਗਈ ਹੈ।

ਉਨ੍ਹਾਂ ਕਿਹਾ ਕਿ ਜਥੇਬੰਦੀ ਦੇ ਆਗੂਆਂ ਨੇ ਅਹਿਦ ਕੀਤਾ ਕਿ ਅਜਿਹੀਆਂ ਕੁਦਰਤੀ ਆਫ਼ਤਾਂ ਤੇ ਮਹਾਂਮਾਰੀਆਂ ਸਮੇਂ ਲੋੜਵੰਦ ਮਜ਼ਦੂਰਾਂ ਤੇ ਕਿਸਾਨਾਂ ਤੇ ਸਕੂਲੀ ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਪਣਾ ਯੋਗਦਾਨ ਪਾਉਂਦੇ ਰਹਿਣਗੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਰੰਗਲਾ ਪੰਜਾਬ ਸਕੀਮ ਤਹਿਤ 1 ਕਰੋੜ 20 ਲੱਖ 81 ਹਜ਼ਾਰ ਰੁਪਏ ਦੀ ਪਹਿਲੀ ਕਿਸ਼ਤ ਜਾਰੀ : ਬਹਿਲ



**ਗੁਰਦਾਸਪੁਰ (ਦਿਨੇਸ਼ ਕੁਮਾਰ)**- ਪੰਜਾਬ ਦੀ ਧਰਤੀ ਨੂੰ ਵਿਕਸਤ, ਸੁੱਚਾ ਅਤੇ ਭ੍ਰਿਸ਼ਟਾਚਾਰ-ਰਹਿਤ ਬਣਾਉਣਾ ਆਪ ਸਰਕਾਰ ਦੀ ਪਹਿਲੀ ਤਰਜੀਹ ਹੈ।ਇਸ ਸਕੀਮ ਰਾਹੀਂ ਪਿੰਡਾਂ ਦੇ ਬੁਨਿਆਦੀ ਢਾਂਚੇ ਦੇ ਸੁਧਾਰ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਨਵੀਂ ਮਜ਼ਬੂਤੀ ਪ੍ਰਾਪਤ ਹੋਏਗੀ, ਜਿਸ ਨਾਲ ਹਰ ਪਿੰਡ ਤੱਕ ਵਿਕਾਸ ਦੀ ਲਹਿਰ ਪਹੁੰਚੇਗੀ।ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਗੁਰਦਾਸਪੁਰ ਹਲਕੇ ਦੇ ਇੰਚਾਰਜ ਰਮਨ ਬਹਿਲ ਵੱਲੋਂ ਰੰਗਲਾ ਪੰਜਾਬ ਸਕੀਮ ਅਧੀਨ ਪਹਿਲੀ ਕਿਸ਼ਤ ਦੇ ਤੌਰ 'ਤੇ 1 ਕਰੋੜ 20 ਲੱਖ 81 ਹਜ਼ਾਰ ਰੁਪਏ ਦੀ ਰਕਮ 26 ਪਿੰਡਾਂ ਦੇ ਸਰਪੰਚ ਸਾਹਿਬਾਨ ਨੂੰ ਵੱਖ-ਵੱਖ ਵਿਕਾਸ ਕਾਰਜਾਂ ਲਈ ਚੈੱਕ ਦੇ ਰੂਪ ਵਿੱਚ ਤਕਸੀਮ ਕੀਤੀ ਗਈ।ਰਮਨ ਬਹਿਲ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਹਲਕਾ ਗੁਰਦਾਸਪੁਰ ਲਈ ਰੰਗਲਾ ਪੰਜਾਬ ਸਕੀਮ ਅਧੀਨ ਪਹਿਲੀ ਕਿਸ਼ਤ ਜਾਰੀ ਕਰਨ 'ਤੇ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਹਲਕਾ ਗੁਰਦਾਸਪੁਰ ਅੰਦਰ ਚਹੁੰਪੱਖੀ ਵਿਕਾਸ ਕਾਰਜ ਨਿਰੰਤਰ ਜਾਰੀ ਹਨ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਪਹਿਲ ਦੇ ਆਧਾਰ ਤੇ ਨਿਪਟਾਰਾ ਕੀਤਾ ਜਾ ਰਿਹਾ ਹੈ।ਇਸ ਮੌਕੇ ਯੁੱਧ ਨਸ਼ੇ ਵਿਰੁੱਧ ਹਲਕਾ ਕੋਆਰਡੀਨੇਟਰ ਨੀਰਜ ਸਲਹੋਤਰਾ, ਐਡਵੋਕੇਟ ਸੁੱਚਾ ਸਿੰਘ ਮੁਲਤਾਨੀ ਹਨੀ ਬਹਿਲ, ਪਵਨ ਕੁਮਾਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਭੁੱਲਰ ਨੇ 674 ਲਾਭਪਾਤਰੀ ਪਰਿਵਾਰਾਂ ਨੂੰ ਮਕਾਨਾਂ ਦੀ ਉਸਾਰੀ ਲਈ ਵੰਡੇ ਮਨਜ਼ੂਰੀ ਪੱਤਰ

**ਪੱਟੀ (ਬਲਦੇਵ ਸਿੰਘ ਸੰਧੂ)**- ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪੱਟੀ ਵਿਖੇ ਹਲਕੇ ਨਾਲ ਸਬੰਧਤ 674 ਲਾਭਪਾਤਰੀ ਪਰਿਵਾਰਾਂ ਨੂੰ ਨਵੇਂ ਮਕਾਨ ਬਣਾਉਣ ਲਈ ਮਨਜ਼ੂਰੀ ਪੱਤਰ ਜਾਰੀ ਕੀਤੇ ਹਨ।ਇਨ੍ਹਾਂ ਲਾਭਪਾਤਰੀ ਪਰਿਵਾਰਾਂ ਵਿੱਚ ਨਗਰ ਕੌਂਸਲ ਪੱਟੀ ਅਧੀਨ ਆਉਂਦੇ 237 ਅਤੇ ਪੱਟੀ ਹਲਕੇ ਦੇ ਵੱਖ-ਵੱਖ ਪਿੰਡਾਂ ਨਾਲ ਸਬੰਧਤ 437 ਪਰਿਵਾਰ ਸ਼ਾਮਲ ਹਨ।ਇਸ ਮੌਕੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਭੁੱਲਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਅਵਾਸ ਯੋਜਨਾ ਸਕੀਮ ਤਹਿਤ ਸ਼ਹਿਰੀ ਖੇਤਰ ਨਾਲ ਸਬੰਧਤ ਲਾਭਪਾਤਰੀ ਪਰਿਵਾਰਾਂ ਨੂੰ 2 ਲੱਖ 50 ਹਜ਼ਾਰ ਰੁਪਏ ਮਕਾਨ ਬਣਾਉਣ ਲਈ ਦਿੱਤੇ ਜਾਣਗੇ ਅਤੇ ਪੇਂਡੂ ਖੇਤਰ ਨਾਲ ਸਬੰਧਤ ਲਾਭਪਾਤਰੀ ਪਰਿਵਾਰਾਂ ਨੂੰ 1 ਲੱਖ 20 ਹਜ਼ਾਰ ਰੁਪਏ ਮਕਾਨ ਬਣਾਉਣ ਅਤੇ ਮਨਰੇਗਾ ਸਕੀਮ ਤਹਿਤ ਘਰ ਵਿੱਚ ਮਜ਼ਦੂਰੀ ਕਰਨ ਲਈ 31 ਹਜ਼ਾਰ ਰੁਪਏ ਸਮੇਤ 12 ਹਜ਼ਾਰ ਰੁਪਏ ਬਾਥਰੂਮ ਬਣਾਉਣ ਲਈ ਵੱਖਰੇ ਤੌਰ ਤੇ ਦਿੱਤੇ ਜਾਣਗੇ।ਉਨ੍ਹਾਂ ਨੇ ਮਕਾਨ ਉਸਾਰਨ ਲਈ ਸਬੰਧਤ ਅਧਿਕਾਰੀਆਂ ਅਤੇ ਪੰਚਾਇਤਾਂ ਨੂੰ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਬਿਨ੍ਹਾਂ ਕਿਸੇ ਦੇਰੀ ਦੇ ਲਾਭਪਾਤਰੀ ਪਰਿਵਾਰਾਂ ਨੂੰ ਇਸ ਸਕੀਮ ਦਾ ਫਾਇਦਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿੱਚ ਪੱਟੀ ਹਲਕੇ ਅੰਦਰ ਹੜ੍ਹ ਦੇ ਪਾਣੀ ਨੇ ਫ਼ਸਲਾਂ ਤੇ ਰਿਹਾਇਸ਼ੀ ਮਕਾਨਾਂ ਦਾ ਭਾਰੀ ਨੁਕਸਾਨ ਕੀਤਾ ਸੀ ਅਤੇ ਸਰਕਾਰ ਵੱਲੋਂ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਪਹਿਲਾਂ ਹੀ ਪੀੜਤ ਕਿਸਾਨਾਂ ਨੂੰ ਜਾਰੀ ਕਰ ਦਿੱਤਾ ਗਿਆ ਹੈ ਅਤੇ ਹੁਣ ਪੇਂਡੂ ਖੇਤਰਾਂ ਵਿੱਚ ਹੜ੍ਹ ਪੀੜਤ ਪਰਿਵਾਰਾਂ ਦੇ ਨੁਕਸਾਨੇ ਗਏ ਰਿਹਾਇਸ਼ੀ ਘਰਾਂ ਨੂੰ ਨਵੇਂ ਸਿਰਿਓਂ ਉਸਾਰਨ ਲਈ ਇਸ ਯੋਜਨਾਂ ਦਾ ਲਾਭ ਵੀ ਦਿੱਤਾ ਜਾ ਰਿਹਾ ਹੈ।ਮੰਤਰੀ ਭੁੱਲਰ ਨੇ ਕਿਹਾ ਕਿ ਉਹ ਬਿਨ੍ਹਾਂ ਕਿਸੇ ਭੇਦ ਭਾਵ ਦੇ ਪੱਟੀ ਹਲਕੇ ਦੇ ਲੋਕਾਂ ਦੀਆਂ ਦੁੱਖ ਤਕਲੀਫਾਂ ਨੂੰ ਦੂਰ ਕਰਨ ਲਈ ਯਤਨਸ਼ੀਲ ਹਨ।ਇਸ ਮੌਕੇ ਬੀਡੀਪੀਓ ਗੁਰਜੀਤ ਸਿੰਘ ਪੱਟੀ, ਚੇਅਰਮੈਨ ਦਿਲਬਾਗ ਸਿੰਘ, ਵਰਿੰਦਰਜੀਤ ਹੀਰਾ ਭੁੱਲਰ, ਚੇਅਰਮੈਨ ਗੁਰਪਿੰਦਰ ਸਿੰਘ ਉੱਪਲ ਮੀਡੀਆ ਸਲਾਹਕਾਰ ਅਵਤਾਰ ਸਿੰਘ ਢਿੱਲੋਂ, ਸੋਸ਼ਲ ਮੀਡੀਆ ਇੰਚਾਰਜ ਮੋਹਿਤ ਅਰੋੜਾ, ਕੌਂਸਲਰ ਕਮਲ ਕੁਮਾਰ, ਬਿੱਲਾ ਜੋਸਨ, ਮਲਕੀਤ ਮੱਲ੍ਹ, ਐੱਸਐੱਚਓ ਕੁਲਵੰਤ ਰਾਏ, ਸਰਪੰਚ ਗੁਰਦਿਆਲ ਸਿੰਘ ਮਰਹਾਣਾ, ਸਰਪੰਚ ਗੁਰਪ੍ਰਤਾਪ ਸਿੰਘ ਲਾਡੀ, ਮਨਪ੍ਰੀਤ ਸਿੰਘ ਮੰਨਾ, ਸੋਨੂੰ ਭੁੱਲਰ ਕਿਰਤੋਵਾਲ, ਗੁਰਪ੍ਰੀਤ ਸਿੰਘ ਲਾਲ, ਧਰਮਿੰਦਰ ਸਿੰਘ ਕੌਂਸਲਰ, ਰਣਜੀਤ ਸਿੰਘ ਮਾਹਲਾ ਆਦਿ ਹਾਜ਼ਰ ਸਨ।





# ਰੋਟਰੀ ਮੇਨ ਦੇ ਸੀਨੀਅਰ ਮੈਂਬਰ 'ਰੋਟਰੀ ਐਵਾਰਡ' ਨਾਲ ਸਨਮਾਨਿਤ

**ਅੰਮ੍ਰਿਤਸਰ (ਅਰੋੜਾ)**: ਰੋਟਰੀ ਇੰਟਰਨੈਸ਼ਨਲ ਵੱਲੋਂ ਨਿਰਧਾਰਿਤ ਨਿਯਮਾਂ ਦੇ ਅਨੁਸਾਰ ਹਰੇਕ ਜ਼ਿਲ੍ਹਾ ਗਵਰਨਰ ਵੱਲੋਂ ਆਪਣੇ ਆਪਣੇ ਅਧਿਕਾਰ ਖੇਤਰ ਵਿਚ ਪੈਣ ਵਾਲੀਆਂ ਰੋਟਰੀ ਕਲੱਬਾਂ ਦੇ ਕੰਮ ਕਾਜ ਅਤੇ ਉਨ੍ਹਾਂ ਵੱਲੋਂ ਕੀਤੇ ਜਾਣ ਵਾਲੇ ਪ੍ਰਾਜੈਕਟਾਂ ਦੇ ਨਿਰੀਖਣ ਦੀ ਪ੍ਰਥਾ ਚੱਲਦੀ ਆ ਰਹੀ ਹੈ। ਇਸੇ ਪ੍ਰਥਾ ਦੇ ਚੱਲਦੇ ਰੋਟਰੀ 3070 ਦੇ ਗਵਰਨਰ ਰੋਹਿਤ ਓਬਰਾਏ ਵੱਲੋਂ ਰੋਟਰੀ ਕਲੱਬ ਅੰਮ੍ਰਿਤਸਰ ਮੇਨ ਦੇ ਪ੍ਰਾਜੈਕਟਾਂ ਅਤੇ ਕੰਮਕਾਜ ਦਾ ਨਿਰੀਖਣ ਕੀਤਾ ਗਿਆ।ਰੋਟਰੀ ਕਲੱਬ ਮੇਨ ਦੇ ਪ੍ਰਧਾਨ ਮਹਿੰਦਰਪਾਲ ਸ਼ਰਮਾ, ਸਕੱਤਰ ਇੰਜੀ. ਮਨਜੀਤ ਸਿੰਘ ਅਤੇ ਚੇਅਰਮੈਨ ਸਾਬਕਾ ਜ਼ਿਲ੍ਹਾ ਗਵਰਨਰ ਸੀਏ ਦਵਿੰਦਰ ਸਿੰਘ ਦੀ ਪ੍ਰਧਾਨਗੀ ਵਿੱਚ ਬੈਠਕ ਹੋਈ। ਰੋਟਰੀ 3070 ਦੇ ਗਵਰਨਰ ਰੋਹਿਤ ਓਬਰਾਏ ਮੁੱਖ ਮਹਿਮਾਨ ਅਤੇ ਰੋਟਰੀ ਦੇ ਜ਼ੋਨਲ ਚੇਅਰਮੈਨ ਵਿਜੇ ਭਸੀਨ, ਸੁਦਰਸ਼ਨ ਕਪੂਰ, ਸੀਏ ਵਿਕਾਸ ਕੁਮਾਰ, ਗੀਟਾ ਸ਼ਰਮਾ, ਸੁਰਿੰਦਰ ਸਿੰਘ ਗਾਂਧੀ, ਸਹਾਇਕ ਗਵਰਨਰ ਜਸਪਾਲ ਸਿੰਘ ਸ਼ਾਮਿਲ ਹੋਏ।ਬਹੁਤ ਸਾਰੇ ਮੈਂਬਰਾਂ ਨੇ ਰੋਟਰੀ ਫਾਊਂਡੇਸ਼ਨ ਲਈ ਆਪਣੇ ਚੈੱਕ ਰੋਟਰੀ ਗਵਰਨਰ ਨੂੰ ਭੇਟ ਕੀਤੇ।ਇਸ ਮੌਕੇ ਲੰਬੇ ਸਮੇਂ ਤੋਂ ਦੇਸ਼ ਅਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਆਪਣਾ ਖਾਸ ਯੋਗਦਾਨ ਦੇਣ ਵਾਲੇ ਰੋਟਰੀ ਮੈਂਬਰਾਂ ਅਤੇ ਸਾਬਕਾ ਪ੍ਰਧਾਨਾਂ ਨੂੰ ਰੋਟਰੀ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਸਾਬਕਾ ਪ੍ਰਧਾਨ ਰਜੇਸ਼ ਮੇਹਰਾ, ਸਾਬਕਾ ਪ੍ਰਧਾਨ ਦੀਪਕ ਖੰਨਾ, ਸੀ. ਏ. ਵਿਕਾਸ ਕੁਮਾਰ, ਗੀਟਾ ਸ਼ਰਮਾ, ਨਿਰਮਲ ਸਿੰਘ ਆਨੰਦ, ਸੁਰਿੰਦਰ ਸਿੰਘ ਮਹੇਸ਼ ਸਾਗਰ, ਸੰਜੀਵ ਸੂਦ, ਰਾਜੀਵ ਖੰਨਾ, ਡਾ. ਤੇਜਪਾਲ, ਡਾ. ਪੀ. ਐੱਸ ਮਲਹੋਤਰਾ, ਦਲਜੀਤ ਅਰੋੜਾ, ਬੀ. ਐੱਮ ਸਿੰਘ, ਅਸ਼ੋਕ ਸ਼ਰਮਾ, ਜੀ. ਐੱਸ ਸਵਾਨੀ, ਵਿਜੇ ਨਈਅਰ ਦੇ ਨਾਮ ਮੁੱਖ ਰਹੇ। ਮੁੱਖ ਮਹਿਮਾਨ ਅਤੇ ਖਾਸ ਮਹਿਮਾਨ ਨੂੰ ਸਨਮਾਨਿਤ ਵੀ ਕੀਤਾ ਗਿਆ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਕੀਤਾ ਨਮਨ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ ਰਸੂਲਪੁਰ ਬੇਟ ਵਿੱਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ, ਸਤਿਕਾਰ ਅਤੇ ਪਵਿੱਤਰ ਭਾਵਨਾਵਾਂ ਨਾਲ ਮਨਾਇਆ ਗਿਆ। ਇਸ ਸਬੰਧੀ ਅਕੈਡਮੀ ਦੇ ਪ੍ਰਿੰਸੀਪਲ ਅਮਨਦੀਪ ਕੌਰ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਲੋਕ ਮਹਲਾ ਨੌਵਾਂ ਦੇ ਉਚਾਰਨ ਅਤੇ ਅਰਦਾਸ ਨਾਲ ਕੀਤੀ ਗਈ। ਇਸ ਤੋਂ ਬਾਅਦ ਅਕਾਲ ਅਕੈਡਮੀ ਦੇ ਬੱਚਿਆਂ ਵੱਲੋਂ ਸ਼ਬਦ ਕੀਰਤਨ, ਕਵਿਤਾਵਾਂ ਅਤੇ ਕਵੀਸ਼ਰੀਆਂ ਰਾਹੀਂ ਗੁਰੂ ਸਾਹਿਬ ਦੇ ਗੁਣ ਗਾਏ ਗਏ। ਹਰ ਜਮਾਤ ਵੱਲੋਂ ਧਾਰਮਿਕ ਪ੍ਰਸਤੁਤੀਆਂ ਨੇ ਸੰਗਤ ਦਾ ਮਨ ਮੋਹ ਲਿਆ। ਇਸ ਮੌਕੇ ਪੰਜਾਬੀ ਅਧਿਆਪਕਾ ਪਰਮਿੰਦਰ ਕੌਰ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਜੀਵਨੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਭਾਈ ਮੱਖਣ ਸ਼ਾਹ ਲੁਬਾਣਾ ਜੀ ਨੇ "ਗੁਰੂ ਲਾਧੋ ਰੇ!" ਦਾ ਜੈਕਾਰਾ ਲਾ ਕੇ ਆਪ ਜੀ ਨੂੰ ਗੁਰਤਾ-ਗੱਦੀ ਉਪਰ ਬਿਰਾਜਮਾਨ ਕੀਤਾ। ਗੁਰੂ ਸਾਹਿਬ ਨੇ ਪੰਜਾਬ ਤੋਂ ਲੈ ਕੇ ਪੂਰਬੀ ਭਾਰਤ ਦੇ ਦੂਰ-ਦੁਰਾਡੇ ਇਲਾਕਿਆਂ ਤੱਕ ਧਰਮ ਪ੍ਰਚਾਰ ਲਈ ਵਿਆਪਕ ਯਾਤਰਾਵਾਂ ਕੀਤੀਆਂ। ਆਪ ਜੀ ਨੇ ਆਨੰਦਪੁਰ ਸਾਹਿਬ ਦੀ ਨੀਂਹ ਰੱਖੀ ਅਤੇ ਆਪਣੀ ਬਾਣੀ ਰਾਹੀਂ ਲੋਕਾਂ ਨੂੰ ਡਰ-ਰਹਿਤ, ਸਚਿਆਰ ਤੇ ਨਿਸ਼ਕਾਮ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ। 59 ਸ਼ਬਦਾਂ ਅਤੇ 57 ਸਲੋਕਾਂ ਵਾਲੀ ਆਪ ਜੀ ਦੀ ਅਲੌਕਿਕ ਬਾਣੀ ਸਾਰਿਆਂ ਲਈ ਮਾਰਗ ਦਰਸ਼ਨ ਹੈ। ਸਮਾਗਮ ਦੇ ਸਮਾਪਤੀ ਸਮੇਂ ਆਨੰਦ ਸਾਹਿਬ ਦੀਆਂ ਛੇ ਪੌੜੀਆਂ ਦੇ ਪਾਠ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਅੰਤ ਵਿੱਚ ਪ੍ਰਿੰਸੀਪਲ ਅਮਨਦੀਪ ਕੌਰ ਨੇ ਸਾਰੀ ਸੰਗਤ ਦਾ ਧੰਨਵਾਦ ਕੀਤਾ। ਸਮਾਗਮ ਵਿੱਚ ਅਕੈਡਮੀ ਦੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਸ਼ਾਮਲ ਸਨ।



# ਖੇਤੀਬਾੜੀ ਦੇ ਟਿਕਾਊ ਵਿਕਾਸ ਅਤੇ ਕਿਸਾਨਾਂ ਦੀ ਭਲਾਈ ਲਈ ਰਾਜ ਪੱਧਰੀ ਮੇਲਾ ਆਯੋਜਿਤ

**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**- ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਦੇ ਟਿਕਾਊ ਵਿਕਾਸ ਅਤੇ ਕਿਸਾਨਾਂ ਦੀ ਭਲਾਈ ਲਈ ਚਲਾਈ ਜਾ ਰਹੀ ਲੜੀਬੱਧ ਮੁਹਿੰਮ ਅਧੀਨ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਹੇਠ ਜੰਡਿਆਲਾ ਦਾਣਾ ਮੰਡੀ ਵਿਖੇ ਜ਼ਿਲ੍ਹਾ ਪੱਧਰੀ ਕਿਸਾਨ ਮੇਲਾ ਸਫ਼ਲਤਾਪੂਰਵਕ ਆਯੋਜਿਤ ਕੀਤਾ ਗਿਆ।ਇਹ ਮੇਲਾ ਡਾ. ਜਸਵੰਤ ਸਿੰਘ, ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੀ ਰਹਿਨੁਮਾਈ ਵਿੱਚ ਲਗਾਇਆ ਗਿਆ, ਜਿਸ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਨਵੀਨ ਖੇਤੀ ਤਕਨੀਕਾਂ, ਵਿਗਿਆਨਕ ਤਰੀਕਿਆਂ, ਸਰਕਾਰੀ ਯੋਜਨਾਵਾਂ ਅਤੇ ਆਧੁਨਿਕ ਖੇਤੀਬਾੜੀ ਸਾਧਨਾਂ ਬਾਰੇ ਜਾਣੂ ਕਰਵਾਉਣਾ ਸੀ।ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਹਰਭਜਨ ਸਿੰਘ ਈਟੀਓ., ਕੈਬਨਿਟ ਮੰਤਰੀ, ਲੋਕ ਨਿਰਮਾਣ ਵਿਭਾਗ ਨੇ ਹਾਜ਼ਰੀ ਭਰੀ।ਮੇਲੇ ਦਾ ਮੁੱਖ ਆਕਰਸ਼ਣ ਡਾ. ਰਜਿੰਦਰ ਪਾਲ ਸਿੰਘ, ਇੰਚਾਰਜ ਬਾਇਓਕੰਟਰੋਲ ਲੈਬ ਅਤੇ ਫਾਰਮ ਮੈਨੇਜਰ, ਖਾਲਸਾ ਕਾਲਜ, ਖੇਤੀਬਾੜੀ ਵਿਭਾਗ, ਅੰਮ੍ਰਿਤਸਰ ਵੱਲੋਂ ਲਗਾਇਆ ਗਿਆ ਖ਼ਾਸ ਤਕਨੀਕੀ ਸਟਾਲ ਸੀ।ਉਨ੍ਹਾਂ ਨੇ ਜੈਵਿਕ ਕੀਟ ਪ੍ਰਬੰਧਨ, ਬਾਇਓਕੰਟਰੋਲ ਤਕਨੀਕਾਂ ਅਤੇ ਖੇਤੀ ਵਿੱਚ ਘੱਟ ਲਾਗਤ ਨਾਲ ਵਧੇਰੇ ਲਾਭ ਲੈਣ ਵਾਲੀਆਂ ਵਿਗਿਆਨਕ ਪ੍ਰਣਾਲੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਮੁਹੱਈਆ ਕਰਵਾਈ।



# ਸਕੂਲਾਂ ਦੇ ਬੁਨਿਆਦੀ ਢਾਂਚੇ 'ਚ ਸੁਧਾਰ ਲਈ ਈਟੀਓ ਨੇ ਵੱਖ-ਵੱਖ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈਟੀਓ ਨੇ ਹਲਕਾ ਜੰਡਿਆਲਾ ਗੁਰੂ ਵਿਖੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਕਰੀਬ 40 ਲੱਖ ਰੁਪਏ ਦੀ ਲਾਗਤ ਨਾਲ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਵੱਖ-ਵੱਖ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਣ ਸਮੇਂ ਕੀਤਾ।ਉਨ੍ਹਾਂ ਕਿਹਾ ਕਿ ਸਰਕਾਰੀ ਕੰਨਿਆ ਹਾਈ ਸਕੂਲ ਪਿੰਡ ਮਹਿਤਾ ਵਿਖੇ 15 ਲੱਖ ਰੁਪਏ ਦੀ ਲਾਗਤ ਨਾਲ, ਸਰਕਾਰੀ ਐਲੀਮੈਂਟਰੀ/ਮਿਡਲ ਸਕੂਲ ਲੜਕੇ ਪਿੰਡ ਮਹਿਤਾ ਵਿਖੇ 10 ਲੱਖ ਰੁਪਏ ਦੀ ਲਾਗਤ ਨਾਲ, ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਨੰਗਲੀ ਕਲਾਂ ਵਿੱਚ 9 ਲੱਖ ਰੁਪਏ ਦੀ ਨਾਲ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਲੜਕੀਆਂ ਪਿੰਡ ਮਹਿਤਾ ਵਿਖੇ 5 ਲੱਖ ਰੁਪਏ ਦੀ ਲਾਗਤ ਨਾਲ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਖਰਚ ਕੀਤੇ ਜਾਣਗੇ।ਉਨ੍ਹਾਂ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਦਿਆਂ ਕਿਹਾ ਕਿ ਸਾਰੇ ਸਰਕਾਰੀ ਸਕੂਲਾਂ ਦੇ ਕਲਾਸ ਰੂਮਾਂ ਦੀ ਰਿਪੇਅਰ, ਛੱਤਾਂ ਦੀ ਰਿਪੇਅਰ, ਇੰਟਰਲਾਕਿੰਗ ਟਾਇਲਾਂ ਆਦਿ ਲਗਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਇਹ ਕੰਮ ਸਬੰਧਤ ਠੇਕੇਦਾਰ ਨੂੰ ਅਲਾਟ ਕਰ ਦਿੱਤੇ ਗਏ ਹਨ ਅਤੇ ਆਉਂਦੇ ਚਾਰ ਮਹੀਨੇ ਦੌਰਾਨ ਸਾਰੇ ਕੰਮ ਮੁਕੰਮਲ ਹੋ ਜਾਣਗੇ।ਕੈਬਨਿਟ ਮੰਤਰੀ ਸ: ਈਟੀਓ ਨੇ ਇਸ ਉਪਰੰਤ ਪਿੰਡ ਨੰਗਲੀ ਕਲਾਂ ਵਿਖੇ 60 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਜਾਣ ਵਾਲੇ ਆਧੁਨਿਕ ਸੁਵਿਧਾਵਾਂ ਨਾਲ ਲੈਸ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਦਿਆਂ ਕਿਹਾ ਕਿ ਅੱਜ ਸਮੇਂ ਦੀ ਸਭ ਤੋਂ ਵੱਡੀ ਜ਼ਰੂਰਤ ਹੈ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾਵੇ।ਉਨ੍ਹਾਂ ਦੱਸਿਆ ਕਿ ਇਸ ਖੇਡ ਸਟੇਡੀਅਮ ਦੀ ਅਪਗ੍ਰੇਡੇਸ਼ਨ ਵੀ ਕੀਤੀ ਜਾਵੇ।ਇਸ ਸਟੇਡੀਅਮ ਵਿੱਚ ਫੁੱਟਬਾਲ ਗਰਾਊਂਡ, ਵਾਸ਼ਰੂਮ ਅਤੇ ਦਰਸ਼ਕਾਂ ਦੇ ਬੈਠਣ ਲਈ ਵਧੀਆ ਪ੍ਰਬੰਧ, ਪਵੇਲੀਅਨ ਆਦਿ ਬਣਾਇਆ ਜਾਵੇਗਾ।ਇਸ ਮੌਕੇ ਵੱਡੀ ਗਿਣਤੀ ਵਿੱਚ ਸਰਕਾਰੀ ਸਕੂਲਾਂ ਦੇ ਅਧਿਆਪਕ, ਬੱਚੇ ਅਤੇ ਇਲਾਕਾਨਿਵਾਸੀ ਹਾਜ਼ਰ ਸਨ।



# ਤਰੁਣ ਚੁੱਘ ਨੇ ਬਾਬਾ ਮਹਾਕਾਲੇਸ਼ਵਰ ਮੰਦਰ 'ਚ ਮੱਥਾ ਟੇਕਿਆ

**ਛੇਹਰਟਾ (ਮਨੋਜ ਕੁਮਾਰ)** : ਮੱਧ ਪ੍ਰਦੇਸ਼ ਦੀ ਫੇਰੀ ਦੌਰਾਨ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਉਜੈਨ ਵੀ ਗਏ ਅਤੇ ਪਵਿੱਤਰ ਬਾਬਾ ਮਹਾਕਾਲੇਸ਼ਵਰ ਮੰਦਰ ਵਿਚ ਨਤਮਸਤਕ ਹੋਏ ਤੇ ਪ੍ਰਾਰਥਨਾ ਕੀਤੀ। ਚੁੱਘ ਨੇ ਦੱਸਿਆ ਕਿ ਉਨ੍ਹਾਂ ਨੇ ਮੰਦਰ ਵਿਚ ਮੱਥਾ ਟੇਕਦੇ ਹੋਏ ਦੇਸ਼ ਵਾਸੀਆਂ ਦੀ ਖੁਸ਼ਹਾਲੀ ਤੇ ਦੇਸ਼ ਦੀ ਤਰੱਕੀ ਲਈ ਪ੍ਰਾਰਥਨਾ ਕੀਤੀ। ਚੁੱਘ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਦੇਸ਼ ਆਪਣੀ ਸੱਭਿਆਚਾਰਕ ਸ਼ਾਨ ਤੇ ਅਧਿਆਤਮਿਕ ਵਿਰਾਸਤ ਨੂੰ ਨਵੇਂ ਯੁੱਗ ਵਿਚ ਮੁੜ ਬਹਾਲ ਕਰ ਰਿਹਾ ਹੈ। ਉਜੈਨ ਵਿਚ ਬਣਿਆ ਮਹਾਕਾਲ ਕੋਰੀਡੋਰ ਇਸ ਦੀ ਜਿਊਂਦੀ ਜਾਗਦੀ ਉਦਾਹਰਣ ਹੈ, ਜੋ ਸ਼ਰਧਾਲੂਆਂ ਨੂੰ ਆਧੁਨਿਕ ਸਹੂਲਤਾਂ ਦੇ ਨਾਲ ਦੇਸ਼ ਦੀਆਂ ਪ੍ਰਾਚੀਨ ਪ੍ਰੰਪਰਾਵਾਂ ਦਾ ਸ਼ਾਨਦਾਰ ਅਨੁਭਵ ਪ੍ਰਦਾਨ ਕਰਦਾ ਹੈ। ਚੁੱਘ ਨੇ ਕਿਹਾ ਕਿ ਬਾਬਾ ਮਹਾਕਾਲ ਦੇ ਆਸ਼ੀਰਵਾਦ ਨਾਲ ਦੇਸ਼ ਹੋਰ ਸੁਰੱਖਿਅਤ, ਖੁਸ਼ਹਾਲ ਤੇ ਸ਼ਕਤੀਸ਼ਾਲੀ ਬਣੇਗਾ ਅਤੇ ਹਰ ਨਾਗਰਿਕ ਦੇ ਜੀਵਨ ਵਿਚ ਸ਼ਾਂਤੀ, ਸਦਭਾਵਨਾ ਤੇ ਤਰੱਕੀ ਦੀ ਰੌਸ਼ਨੀ ਫੈਲੇਗੀ



# ਭੱਠਾ ਮਜ਼ਦੂਰਾਂ ਵੱਲੋਂ ਪਹਿਲੀ ਦਸੰਬਰ ਨੂੰ ਧਰਨਾ ਦੇਣ ਦਾ ਐਲਾਨ



**ਪਠਾਨਕੋਟ (ਦਵਿੰਦਰ ਸਿੰਘ)**- ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਪਠਾਨਕੋਟ ਵੱਲੋਂ ਪਹਿਲੀ ਦਸੰਬਰ ਨੂੰ ਜ਼ਿਲ੍ਹਾ ਹੈੱਡਕੁਆਰਟਰ ਪਠਾਨਕੋਟ ਧਰਨਾ-ਪ੍ਰਦਰਸ਼ਨ ਕੀਤਾ ਜਾਵੇਗਾ।ਭੱਠਿਆਂ ਉਪਰ ਔਰਤਾਂ ਤੇ ਮਰਦ ਬੱਚਿਆਂ ਸਮੇਤ ਰਹਿ ਕੇ ਪਥੇਰ, ਪੱਕੀਆਂ ਇੱਟਾਂ ਦੀ ਨਿਕਾਸੀ, ਲੋਡ-ਅਨਲੋਡ, ਭਰਾਈ ਤੇ ਜਲਾਈ ਦਾ ਕੰਮ ਕਰਦੇ ਹਨ ਪਰ ਉਨ੍ਹਾਂ ਦੀ ਰਿਹਾਇਸ਼ ਦਾ ਕੋਈ ਠੀਕ ਪ੍ਰਬੰਧ ਨਹੀਂ। ਸ਼ੌਚਾਲਯ ਤੇ ਬਿਜਲੀ ਦੀ ਕੋਈ ਵਿਵਸਥਾ ਨਾ ਹੋਣ ਕਰਕੇ ਹਰੇਕ ਸੀਜ਼ਨ ਵਿੱਚ ਕੋਈ ਨਾ ਕੋਈ ਮਾੜੀ ਘਟਨਾ ਵਾਪਰ ਜਾਂਦੀ ਹੈ।ਅਸੀਂ ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਜ਼ਿਲ੍ਹਾ ਪਠਾਨਕੋਟ ਵੱਲੋਂ ਮਜ਼ਦੂਰਾਂ ਨੂੰ ਰਹਿਣ ਸਬੰਧੀ ਪੇਸ਼ ਆ ਰਹੀਆਂ ਮੁਸ਼ਕਲਾਂ ਦੂਰ ਕਰਨ ਲਈ ਡਿਪਟੀ ਡਾਇਰੈਕਟਰ ਫੈਕਟਰੀਜ਼ ਨੂੰ ਲਿਖਤੀ ਰੂਪ ਵਿੱਚ ਮੰਗ ਪੱਤਰ ਦੇ ਚੁੱਕੇ ਹਾਂ ਪ੍ਰੰਤੂ ਅਧਿਕਾਰੀਆਂ ਵੱਲੋਂ ਪੱਤਰਾਂ ਨੂੰ ਅਣਡਿੱਠ ਕਰ ਦਿੱਤਾ ਜਾਂਦਾ ਹੈ।ਭੱਠਾ ਮਾਲਕ ਹਰ ਸਾਲ ਸਮਝੌਤੇ ਵੇਲੇ ਪੱਕੇ ਕਵਾਟਰ ਸ਼ੌਚਾਲਯ ਸਮੇਤ ਬਣਾਉਣ ਦਾ ਵਾਅਦਾ ਕਰਦੇ ਹਨ ਪਰ ਅਮਲ ਨਹੀਂ ਕੀਤਾ ਜਾਂਦਾ।ਇਸ ਸਬੰਧੀ 6 ਨਵੰਬਰ ਨੂੰ ਡਿਪਟੀ ਕਮਿਸ਼ਨਰ ਜ਼ਿਲ੍ਹਾ ਪਠਾਨਕੋਟ ਨੂੰ ਮੰਗ ਪੱਤਰ ਦਿੱਤਾ ਗਿਆ ਸੀ।ਪਿਛਲੇ ਇੱਕ ਹਫ਼ਤੇ ਤੋਂ ਯੂਨੀਅਨ ਦੇ ਆਗੂਆਂ ਕਾਮਰੇਡ ਸ਼ਿਵ ਕੁਮਾਰ ਅਤੇ ਮਨਹਰਨ ਵੱਲੋਂ ਭੱਠਿਆਂ ਉਪਰ ਮਜ਼ਦੂਰਾਂ ਦੀਆਂ ਮੀਟਿੰਗਾਂ ਕਰਨ ਸਮੇਂ ਸਾਹਮਣੇ ਆਇਆ ਹੈ ਕਿ ਕਿਸੇ ਵੀ ਭੱਠੇ ਉਪਰ ਕੋਈ ਵੀ ਅਧਿਕਾਰੀ ਮਜ਼ਦੂਰਾਂ ਦੀ ਦਿੱਕਤ/ਪ੍ਰੇਸ਼ਾਨੀ ਸੁਣਨ ਨਹੀਂ ਆਇਆ। ਆਗੂਆਂ ਨੇ ਮਜ਼ਦੂਰਾਂ ਨੂੰ ਵੱਡੀ ਪੱਧਰ 'ਤੇ ਜ਼ਿਲ੍ਹਾ ਹੈੱਡਕੁਆਰਟਰ ਪਠਾਨਕੋਟ ਮਲਿਕਪੁਰ ਵਿਖੇ ਪਹੁੰਚਣ ਦੀ ਅਪੀਲ ਕੀਤੀ।

# 19ਵਾਂ ਪੰਜਾਬ ਇੰਟਰਨੈਸ਼ਨਲ ਟਰੇਡ ਐਕਸਪੋ (ਪਾਈਟੈਕਸ) ਮੇਲਾ 4 ਦਸੰਬਰ ਤੋਂ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**- ਪੀ. ਐੱਚ. ਡੀ. ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਵੱਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ 19ਵਾਂ ਪੰਜਾਬ ਇੰਟਰਨੈਸ਼ਨਲ ਟਰੇਡ ਐਕਸਪੋ (ਪਾਈਟੈਕਸ) ਨਾ ਸਿਰਫ਼ ਪੰਜਾਬ ਦੇ ਕਾਰੋਬਾਰੀਆਂ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ ਬਲਕਿ ਇਹ ਸਮਾਗਮ ਪੰਜਾਬ ਵਿੱਚ ਸੈਰ-ਸਪਾਟੇ ਨੂੰ ਵੀ ਉਤਸ਼ਾਹਿਤ ਕਰਦਾ ਹੈ।ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਵੱਖ-ਵੱਖ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਸਮੇਂ ਕੀਤਾ।ਉਨ੍ਹਾਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਾਈਟੈਕਸ ਮੇਲਾ ਗੁਰੂ ਨਗਰੀ ਵਿਖੇ ਮਨਾਇਆ ਜਾ ਰਿਹਾ ਹੈ।ਇਹ ਮੇਲਾ 4 ਦਸੰਬਰ ਤੋਂ 8 ਦਸੰਬਰ ਤੱਕ ਮਨਾਇਆ ਜਾ ਰਿਹਾ ਹੈ।ਇਸ ਪਾਈਟੈਕਸ ਵਿੱਚ ਦੇਸ਼ ਵਿਦੇਸ਼ ਤੋਂ 500 ਕਾਰੋਬਾਰੀ ਹਿੱਸਾ ਲੈਣਗੇ।ਡਿਪਟੀ ਕਮਿਸ਼ਨਰ ਨੇ ਪਾਈਟੈਕਸ ਮੇਲੇ ਦੀਆਂ ਤਿਆਰੀਆਂ ਸਬੰਧੀ ਜਾਇਜ਼ਾ ਲੈਂਦੇ ਹੋਏ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹਰੇਕ ਵਿਭਾਗ ਆਪਣਾ ਇਕ ਨੋਡਲ ਅਫ਼ਸਰ ਜ਼ਰੂਰ ਨਾਮਜ਼ਦ ਕਰੇ ਤਾਂ ਜੋ ਲੋੜ ਪੈਣ ਤੇ ਕਿਸੇ ਕਿਸਮ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।ਮੀਟਿੰਗ ਵਿੱਚ ਏਡੀਸੀ ਰੋਹਿਤ ਗੁਪਤਾ, ਨਗਰ ਨਿਗਮ ਤੋਂ ਡਾ. ਰਮਾ, ਉਦਯੋਗ ਵਿਭਾਗ ਤੋਂ ਗੁਰਇਕਬਾਲ ਸਿੰਘ, ਜੈ ਦੀਪ ਸਿੰਘ, ਹਰਦੀਪ ਸਿੰਘ, ਸੁਮਿਤ ਕੁਮਾਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।



# ਮਾਨ ਨੇ ਗੰਨੇ ਦਾ ਭਾਅ 416 ਰੁਪਏ ਪ੍ਰਤੀ ਕੁਇੰਟਲ ਕਰਕੇ ਕਿਸਾਨਾਂ ਨੂੰ ਦਿੱਤਾ ਵੱਡਾ ਤੋਹਫ਼ਾ : ਸੇਖਵਾਂ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਕਾਦੀਆਂ ਹਲਕੇ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਗੰਨੇ ਦਾ ਭਾਅ 401 ਰੁਪਏ ਤੋਂ ਵਧਾ ਕੇ 416 ਰੁਪਏ ਪ੍ਰਤੀ ਕੁਇੰਟਲ ਕਰਨ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਹੈ।ਐਡਵੋਕੇਟ ਸੇਖਵਾਂ ਨੇ ਕਿਹਾ ਕਿ ਹਲਕਾ ਕਾਦੀਆਂ ਦਾ ਬੇਟ ਇਲਾਕਾ ਗੰਨੇ ਦੀ ਬੈਲਟ ਹੋਣ ਕਾਰਨ ਕਿਸਾਨਾਂ ਨੂੰ ਇਸ ਨਾਲ ਬਹੁਤ ਲਾਭ ਮਿਲੇਗਾ ।ਉਨ੍ਹਾਂ ਕਿਹਾ ਕਿ ਗੰਨੇ ਦੀ ਫਸਲ ਦੇ ਮੁੱਲ ਵਿਚ 15 ਰੁਪਏ ਵਾਧਾ ਕਰਕੇ ਮੁੱਖ ਮੰਤਰੀ ਨੇ ਕਿਸਾਨਾਂ ਦਾ ਦਿਲ ਜਿੱਤ ਲਿਆ ਹੈ।ਉਨ੍ਹਾਂ ਕਿਹਾ ਪੰਜਾਬ ਸਰਕਾਰ ਨੇ ਕਿਸਾਨ ਹਿਤੈਸ਼ੀ ਹੋਣ ਦਾ ਸਬੂਤ ਦਿੱਤਾ ਹੈ ਅਤੇ ਕਿਸਾਨਾਂ ਨੂੰ ਹਮੇਸ਼ਾ ਸਾਰੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਹਨ। ਕਿਸਾਨਾਂ ਦੀ ਫਸਲ ਦਾ ਹਮੇਸ਼ਾ ਵਧੀਆ ਮੁੱਲ ਦਿੱਤਾ ਹੈ ਤਾਂ ਜੋ ਸੂਬੇ ਦਾ ਕਿਸਾਨ ਆਰਥਿਕ ਪੱਖੋਂ ਮਜ਼ਬੂਤ ਹੋ ਸਕੇ।ਉਨ੍ਹਾਂ ਕਿਹਾ ਕਿ ਬੀਤੇ ਕੱਲ੍ਹ ਗੁਰਦਾਸਪੁਰ ਵਿਖੇ ਮੁੱਖ ਮੰਤਰੀ ਸ਼ੂਗਰ ਮਿੱਲ ਵਿਖੇ ਵੱਡੇ ਪ੍ਰੋਜੈਕਟ ਦਾ ਉਦਘਾਟਨ ਕਰਨ ਪਹੁੰਚੇ ਸਨ ਜਿੱਥੇ ਉਨ੍ਹਾਂ ਨੇ ਕਿਸਾਨਾਂ ਲਈ ਇਕ ਵੱਡਾ ਐਲਾਨ ਕਰਕੇ ਕਿਸਾਨ ਵੀਰਾਂ ਨੂੰ ਵੱਡੀ ਰਾਹਤ ਦਿੱਤੀ ਹੈ।



# ਨੌਵੇਂ ਪਾਤਸ਼ਾਹ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ

**ਮਜੀਠਾ (ਸੋਇਮ ਆਨੰਦ)**- ਬਾਬਾ ਬੁੱਢਾ ਪਬਲਿਕ ਸੀਨੀ: ਸੈਕੰ: ਸਕੂਲ ਮਜੀਠਾ ਵਿਖੇ ਸਕੂਲ ਦੇ 38ਵੇਂ ਸਥਾਪਨਾ ਸਪਤਾਹ ਦੇ ਚਲਦਿਆਂ ਮਹਾਨ ਕਵੀ ਦਰਬਾਰ ਤੇ ਵਿਚਾਰ ਗੋਸ਼ਟੀ ਸ਼ੰਗਾਰਾ ਸਿੰਘ ਐਜੂਕੇਸ਼ਨਲ ਚੈਰੀਟੇਬਲ ਸੁਸਾਇਟੀ ਮਜੀਠਾ ਵੱਲੋਂ ਸਾਂਝੀਵਾਲਤਾ ਸਾਹਿਤ ਸਭਾ ਮਜੀਠਾ ਦੇ ਸਹਿਯੋਗ ਨਾਲ ਪ੍ਰਧਾਨ ਨਵਜ਼ੋਤ ਸਿੰਘ ਭੰਗੂ ਅਤੇ ਕੁਲਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਕਰਵਾਈ ਗਈ ਜਿਸ ਵਿਚ ਇਲਾਕੇ ਭਰ ਦੇ ਨਾਮਵਰ ਕਵੀਆਂ, ਸਾਹਿਤਕਾਰਾਂ ਅਤੇ ਬੁੱਧੀਜੀਵੀਆਂ ਨੇ ਭਾਗ ਲਿਆ ।ਸਮਾਗਮ ਵਿਚ ਸੰਸਥਾ ਦੇ ਸੰਸਥਾਪਕ ਨੂੰ ਯਾਦ ਕਰਦਿਆਂ ਵਿਦਿਆ ਸ਼ਾਸਤਰੀ ਅਤੇ ਲੇਖਕ ਪ੍ਰਿੰ. ਨਿਰਮਲ ਸਿੰਘ ਭੰਗੂ (ਸਵ:) ਯਾਦਗਾਰੀ ਸਾਹਿਤਕ ਪੁਰਸਕਾਰ ਵੀ ਪ੍ਰਦਾਨ ਕੀਤੇ ਗਏ ਜਿਸ ਤਹਿਤ ਪ੍ਰਿੰ. ਨਿਰਮਲ ਸਿੰਘ ਭੰਗੂ ਮੈਮੋਰੀਅਲ ਐਜੂਕੇਸ਼ਨਲ ਸਪੋਰਟਸ ਐਂਡ ਕਲਚਰਲ ਤੇ ਵੈੱਲਫੇਅਰ ਸੁਸਾਇਟੀ ਮਜੀਠਾ ਵੱਲੋਂ ਪ੍ਰਿੰ, ਸਵਰਨ ਸਿੰਘ ਵਿਰਕ ਨੂੰ ਵਿੱਦਿਆ ਰਤਨ ਪੁਰਸਕਾਰ, ਮਨਜੀਤ ਸਿੰਘ ਸੋਹੀ ਅੰਤਰਰਾਸ਼ਟਰੀ ਕਵੀਸ਼ਰ ਨੂੰ ਕਵੀਸ਼ਰੀ ਰਤਨ ਪੁਰਸਕਾਰ ਅਤੇ ਪ੍ਰਸਿੱਧ ਕਵੀ ਤੇ ਸਾਹਿਤਕਾਰ ਡਾ: ਦੇਵਿੰਦਰ ਸੈਫ਼ੀ ਨੂੰ ਗਿਆਨ ਸਾਹਿਤ ਪੁਰਸਕਾਰ ਪ੍ਰਦਾਨ ਕੀਤੇ ਗਏ।ਕਵੀਆਂ ਅਤੇ ਸਾਹਿਤਕਾਰਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਦੀ ਜੀਵਨੀ ਅਤੇ ਅਦੁੱਤੀ ਸ਼ਹਾਦਤ ਤੇ ਕਵਿਤਾਵਾ, ਨਜ਼ਮਾ ਪੜ੍ਹੀਆਂ ਅਤੇ ਵਿਚਾਰ ਗੋਸ਼ਟੀ ਕੀਤੀ।ਸਮੂਹ ਕਵੀਆਂ, ਸਾਹਿਤਕਾਰਾਂ ਅਤੇ ਮੋਹਤਬਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸ਼ਾਮਲ ਕਵੀਆਂ, ਬੁੱਧੀਜੀਵੀਆਂ ਅਤੇ ਸਾਹਿਤਕਾਰਾਂ ਵਿਚ ਪ੍ਰਿੰ. ਸਵਰਨ ਸਿੰਘ ਵਿਰਕ, ਦੇਵਿੰਦਰ ਸੈਫ਼ੀ, ਨਿਰਮਲ ਕੌਰ ਕੋਟਲਾ, ਸੁਖਵੰਤ ਸਿੰਘ ਚੇਤਨਪੁਰੀ, ਕੁਲਦੀਪ ਸਿੰਘ ਕਾਹਲੋਂ, ਨਵਜੋਤ ਕੌਰ ਭੁੱਲਰ, ਮਨਦੀਪ ਸਿੰਘ ਗਿੱਲ ਮਜੀਠਾ, ਕਵੀ ਕੁਲਵੰਤ ਸਿੰਘ ਕੰਤ, ਕਵੀਸ਼ਰ ਸਰਵਣ ਸਿੰਘ, ਸੁਖਬੀਰ ਭੁੱਲਰ ਭੋਮਾ, ਤਿਲਕ ਰਾਜ, ਲੈਕਚਰਾਰ ਰਾਜਬੀਰ ਕੌਰ ਬੀਰ, ਪ੍ਰੋ: ਸੰਦੀਪ ਕੌਰ ਬੱਲ, ਭੁਪਿੰਦਰ ਸਿੰਘ, ਨਿਰੰਜਣ ਸਿੰਘ ਦਬੁਰਜੀ ਤੋ ਇਲਾਵਾ ਬੀਬੀ ਬਲਵਿੰਦਰ ਕੌਰ ਭੰਗੂ, ਅਮਨਦੀਪ ਕੌਰ ਸੰਧੂ, ਆਪ ਦੇ ਜ਼ਿਲ੍ਹਾ ਆਗੂ ਪ੍ਰਿਤਪਾਲ ਸਿੰਘ ਬੱਲ, ਸਮਾਜ ਸੁਧਾਰ ਸੰਸਥਾ ਪੰਜਾਬ ਦੇ ਪ੍ਰਧਾਨ ਰਣਜੀਤ ਸਿੰਘ ਭੋਮਾ, ਦਸਮੇਸ਼ ਤਰਨਾ ਦਲ ਦੇ ਬਾਬਾ ਰਣਜੀਤ ਸਿੰਘ, ਪ੍ਰਿੰ. ਜੋਗਾ ਸਿੰਘ, ਗੱਜਣ ਸਿੰਘ ਪੰਨੂੰ, ਗੁਰਜੀਤ ਸਿੰਘ, ਗੋਪੀ ਮਜੀਠਾ, ਜਸਪਾਲ ਸਿੰਘ ਗਿੱਲ, ਮਨਿੰਦਰ ਸਿੰਘ ਸੋਖੀ, ਰਵਿੰਦਰ ਕਪਾਹੀ, ਪ੍ਰਿਥੀਪਾਲ ਸਿੰਘ ਸਿੱਧੂ, ਸੋਇਮ ਅਨੰਦ, ਪ੍ਰਮੋਦ ਕੁਮਾਰ, ਜਰਮਨਜੀਤ ਸਿੰਘ ਸਰਪੰਚ ਦਾਦੂਪੁਰਾ, ਰੌਸ਼ਨ ਸਿੱਧੂ ਸੁਪਾਰੀਵਿੰਡ, ਰਜਵੰਤ ਕੌਰ, ਪਿੰਕੀ ਜੱਸਲ, ਮੋਨਿਕਾ ਸ਼ਰਮਾ, ਰਾਜਨਪ੍ਰੀਤ ਕੌਰ, ਨਵਰੇਜ਼ ਕੌਰ, ਹਰਪ੍ਰੀਤ ਕੌਰ ਆਦਿ ਹਾਜ਼ਰ ਸਨ।



# ਕਿਰਤੋਵਾਲ ਕਲਾਂ 'ਚ ਸੀਵਰੇਜ ਜਾਮ, ਗਲੀਆਂ 'ਚ ਖੜ੍ਹਾ ਗੰਦਾ ਪਾਣੀ; ਪੰਚਾਇਤ ਬਣੀ ਮੂਕਦਰਸ਼ਕ !

**ਪੱਟੀ (ਬਲਦੇਵ ਸਿੰਘ ਸੰਧੂ)**- ਪਿੰਡ ਕਿਰਤੋਵਾਲ ਕਲਾਂ 'ਚ ਬੀਤੇ ਕਈ ਦਿਨਾਂ ਤੋਂ ਸੀਵਰੇਜ ਸਿਸਟਮ ਜਾਮ ਹੋਣ ਕਾਰਨ ਗੰਦਾ ਪਾਣੀ ਸੜਕ 'ਤੇ ਖੜ੍ਹਾ ਹੋਣ ਕਾਰਨ ਪਿੰਡ ਵਾਸੀ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਪਿੰਡ ਦੇ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀਆਂ ਸੰਗਤਾਂ ਗੰਦੇ ਪਾਣੀ ਵਿਚੋਂ ਲੰਘਣ ਲਈ ਮਜਬੂਰ ਹਨ। ਕਿਰਤੋਵਾਲ ਕਲਾਂ ਦੇ ਚੜ੍ਹਦੇ ਪਾਸੇ ਦੀ ਫਿਰਨੀ ਜਿੱਥੋਂ ਕਰੀਬ 15-20 ਪਿੰਡਾਂ ਦਾ ਆਉਣਾ ਜਾਣਾ ਹੈ ਉਥੇ ਹਰੀਕੇ ਖਾਲੜਾ ਰੋਡ ਤੋਂ ਪਿੰਡ ਨੂੰ ਜਾਣ ਵਾਲੀ ਮੇਨ ਸੜਕ ਅੰਦਰ ਹਰ ਵੇਲੇ ਗੰਦਾ ਪਾਣੀ ਖੜਾ ਰਹਿੰਦਾ ਹੈ। ਸੜਕ 'ਤੇ ਜਗ੍ਹਾ-ਜਗ੍ਹਾ ਡੂੰਘੇ ਟੋਇਆਂ 'ਚ ਗੰਦਾ ਪਾਣੀ ਖੜਾ ਹੋਣ ਕਾਰਨ ਆਉਣ ਜਾਣ ਵਾਲੇ ਲੋਕਾਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜ਼ਿਕਰਯੋਗ ਹੈ ਕਿ ਨੇੜਲੇ ਪਿੰਡਾਂ ਵਾਲਿਆ ਨੇ ਜਦੋਂ ਵੀ ਚੰਡੀਗੜ੍ਹ, ਦਿੱਲੀ ਜਾਣ ਲਈ ਬੱਸ ਲੈਣੀ ਹੁੰਦੀ ਹੈ ਤਾਂ ਕਿਰਤੋਵਾਲ ਬੱਸ ਸਟੈਂਡ ਆਉਣਾ ਪੈਂਦਾ ਹੈ ਪਰ ਮੇਨ ਸੜਕ 'ਤੇ ਤਾਂ ਗੰਦਾ ਪਾਣੀ ਬਦਬੂ ਮਾਰਦਾ ਫਿਰਦਾ। ਜਦੋਂ ਇਸ ਮਸਲੇ ਸਬੰਧੀ ਪਿੰਡ ਦੀ ਸਰਪੰਚ ਬੀਬੀ ਪਰਮਜੀਤ ਕੌਰ ਨਾਲ ਰਾਬਤਾ ਕਾਇਮ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਪਿੰਡ ਦੇ ਛੱਪੜ ਗੰਦਗੀ ਨਾਲ ਭਰੇ ਹੋਣ ਕਾਰਨ ਸੀਵਰੇਜ ਜਾਮ ਹੋ ਗਿਆ ਜਿਸ ਨੂੰ ਖੋਲ੍ਹਣ ਲਈ ਮਸ਼ੀਨਾਂ ਦਾ ਇੰਤਜ਼ਾਮ ਕੀਤਾ ਜਾ ਰਿਹਾ ਹੈ, ਜਲਦੀ ਹੀ ਪਿੰਡ ਵਾਲਿਆਂ ਨੂੰ ਗੰਦੇ ਪਾਣੀ ਤੋਂ ਨਿਜਾਤ ਦਿਵਾਈ ਜਾਵੇਗੀ।ਇਸ ਮਸਲੇ ਸਬੰਧੀ ਬੀਡੀਪੀਓ ਗੁਰਜੀਤ ਸਿੰਘ ਨਾਲ ਵੀ ਫੋਨ 'ਤੇ ਰਾਬਤਾ ਕਾਇਮ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਹ ਹੁਣੇ ਮੌਕੇ 'ਤੇ ਕਰਮਚਾਰੀ ਭੇਜ ਕੇ ਮੌਕਾ ਵੇਖਣ ਉਪਰੰਤ ਗੰਦੇ ਪਾਣੀ ਦੇ ਨਿਕਾਸ ਦਾ ਇੰਤਜ਼ਾਮ ਕਰਵਾਉਣਗੇ।ਐੱਸਡੀਐੱਮ ਪੱਟੀ ਪ੍ਰੀਤਇੰਦਰ ਸਿੰਘ ਨਾਲ ਫੋਨ 'ਤੇ ਗੱਲਬਾਤ ਕਰਨੀ ਚਾਹੀ ਪਰ ਉਨ੍ਹਾਂ ਨਾਲ ਨਹੀਂ ਹੋ ਸਕੀ।ਹੁਣ ਵੇਖਣਾ ਹੋਵੇਗਾ ਕਿ ਕਿਰਤੋਵਾਲ ਕਲਾਂ ਦੇ ਲੋਕਾਂ ਨੂੰ ਸਰਕਾਰ ਤੇ ਪ੍ਰਸ਼ਾਸਨ ਜਾਂ ਪੰਚਾਇਤ ਗੰਦੇ ਪਾਣੀ ਦਾ ਨਿਕਾਸ ਕਰਕੇ ਸਮੱਸਿਆ ਦਾ ਹੱਲ ਕਢਦੇ ਹਨ ਜਾਂ ਫਿਰ ਪਿੰਡ ਵਾਲਿਆਂ ਨੂੰ ਉਨ੍ਹਾਂ ਦੇ ਹਾਲ 'ਤੇ ਹੀ ਛੱਡ ਦਿੰਦੇ ਹਨ।





# ਬਲਾਕ ਪੱਧਰੀ ਸਾਇੰਸ ਪ੍ਰਦਰਸ਼ਨੀ 'ਚ ਵਿਦਿਆਰਥਣਾਂ ਦਾ ਕਾਬਲੇ ਤਾਰੀਫ ਪ੍ਰਦਰਸ਼ਨ

**ਪੱਟੀ (ਬਲਦੇਵ ਸਿੰਘ ਸੰਧੂ)**- ਸੂਬਾ ਸਰਕਾਰ ਤੇ ਜ਼ਿਲ੍ਹਾ ਸਿੱਖਿਆ ਅਫਸਰ ਸਤਨਾਮ ਸਿੰਘ ਬਾਠ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਲਾਕ ਪੱਧਰੀ ਸਾਇੰਸ ਪ੍ਰਦਰਸ਼ਨੀ ਸ:ਸ:ਸ: ਮਰਹਾਣਾ ਵਿਖੇ ਕਰਵਾਈ ਗਈ।ਇਸ ਪ੍ਰਦਰਸ਼ਨੀ 'ਚ ਸ:ਸ:ਸ ਸਰਹਾਲੀ ਕਲਾਂ ਦੀਆਂ ਦਸਵੀ ਕਲਾਸ ਦੀ ਵਿਦਿਆਰਥਣ ਸਹਿਰਨੂਰਪ੍ਰੀਤ ਕੌਰ ਨੇ ਥੀਮ ਗਰੀਨ ਊਰਜਾ ਵਿਚ ਦੂਸਰਾ, ਅੱਠਵੀ ਸ਼੍ਰੇਣੀ ਦੀ ਮਨਦੀਪ ਕੌਰ ਨੇ ਥੀਮ ਪਾਣੀ ਦੀ ਸੰਭਾਲ ਅਤੇ ਪ੍ਰਬੰਧਕ ਵਿਚ ਦੂਸਰਾ ਸਥਾਨ ਨਵਨੀਤ ਕੌਰ ਨੇ ਥੀਮ 'ਉੱਭਰਦੀਆ ਤਕਨੀਕਾਂ' ਵਿਚ ਤੀਸਰਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਅਤੇ ਅਧਿਆਪਕ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੰਤੋਖ ਸਿੰਘ ਵੱਲੋਂ ਸਕੂਲ ਦੀ ਇਸ ਪ੍ਰਾਪਤੀ ਲਈ ਬੱਚਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ।ਇਸ ਮੌਕੇ ਰਾਜਬੀਰ ਕੌਰ, ਪਰਮਿੰਦਰ ਕੌਰ ਟਿਵਾਣਾ, ਜਤਿੰਦਰਪਾਲ ਕੌਰ, ਹਰਸਿਮਰਨ ਕੌਰ, ਤਜਿੰਦਰ ਕੌਰ, ਬਲਰਾਜ ਸਿੰਘ, ਹਰਮਨਦੀਪ ਸਿੰਘ, ਗੁਰਬਾਜ ਸਿੰਘ, ਪ੍ਰਿਤਪਾਲ ਕੌਰ, ਰਜਿੰਦਰ ਕੌਰ, ਸੁਮਨਬਾਲਾ, ਮਨਬੀਰ ਕੌਰ ਅਤੇ ਜਸਪਾਲ ਸਿੰਘ ਆਦਿ ਹਾਜ਼ਰ ਸਨ।

# ਕੁੱਟਮਾਰ ਕਰਨ ਵਾਲੇ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਭੈਣੀ ਮੀਆਂ ਖਾਂ ਪੁਲਸ ਨੇ ਕੁੱਟਮਾਰ ਕਰਨ ਵਾਲੇ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸੇਵਾ ਸਿੰਘ ਪੁੱਤਰ ਅਮਰ ਸਿੰਘ ਵਾਸੀ ਭੈਣੀ ਮੀਆਂ ਖਾਂ ਨੇ ਦੱਸਿਆ ਕਿ 18 ਨਵੰਬਰ ਨੂੰ ਪੀੜਤ ਪਸ਼ੂਆਂ ਵਾਲੀ ਹਵੇਲੀ ਤੋਂ ਘਰ ਨੂੰ ਜਾ ਰਿਹਾ ਸੀ ਕਿ ਸ਼ਾਮ 5 ਵਜੇ ਦੇ ਕਰੀਬ ਜਦ ਉਹ ਨਗਰ ਡੇਅਰੀ ਨੇੜੇ ਪੁੱਜਾ ਤਾਂ ਨਾਗਰ ਮੱਲ ਪੁੱਤਰ ਮਹਿੰਦਰ ਲਾਲ, ਸ਼ਮਸ਼ੇਰ ਸਿੰਘ, ਰਾਜ ਕੁਮਾਰ ਪੁੱਤਰਾਂ ਨਾਗਰ ਮੱਲ ਵਾਸੀ ਭੈਣੀ ਮੀਆਂ ਖਾਂ ਨੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਮੈਨੂੰ ਨੂੰ ਜ਼ਖਮੀ ਕਰ ਦਿੱਤਾ। ਪੁਲਸ ਨੇ ਕੁੱਟਮਾਰ ਕਰਨ ਵਾਲੇ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਇਸ ਲੜਾਈ ਦੀ ਵਜ੍ਹਾ ਰੰਜਿਸ਼ ਜ਼ਮੀਨੀ ਵੰਡ ਦਾ ਝਗੜਾ ਦੱਸੀ ਜਾ ਰਹੀ ਹੈ।

# ਉਮਰ ਖਾਲਿਦ ਤੇ ਗੁਲਫ਼ਿਸ਼ਾ ਫਾਤਿਮਾ ਸਮੇਤ ਜੇਲ੍ਹਾਂ 'ਚ ਬੰਦ ਕਾਰਕੁਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ: ਜਮਹੂਰੀ ਫਰੰਟ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਮੋਦੀ ਹਕੂਮਤ ਵੱਲੋਂ ਪਿਛਲੇ ਸੱਤ ਸਾਲਾਂ ਤੋਂ ਜੇਲ੍ਹੀਂ ਡੱਕੇ ਬੇਕਸੂਰ ਬੁੱਧੀਜੀਵੀਆਂ, ਜਮਹੂਰੀ ਕਾਰਕੁਨਾਂ, ਵਿਦਿਆਰਥੀਆਂ ਅਤੇ ਸਜ਼ਾ ਪੂਰੀ ਕਰ ਚੁੱਕੇ ਤਮਾਮ ਕੈਦੀਆਂ ਦੀ ਰਿਹਾਈ ਅਤੇ ਜਲ, ਜੰਗਲ ਤੇ ਜ਼ਮੀਨ ਦੀ ਰਾਖੀ ਲਈ ਜੂਝ ਰਹੇ ਆਦਿਵਾਸੀ ਲੋਕਾਂ ਅਤੇ ਮਾਓਵਾਦੀ ਇਨਕਲਾਬੀਆਂ ਉਤੇ ਵਧ ਰਹੇ ਕਾਤਲਾਨਾ ਹਮਲਿਆਂ ਵਿਰੁੱਧ ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਵੱਲੋਂ ਸ੍ਰ. ਨਾਨਕ ਸਿੰਘ ਸੈਮੀਨਾਰ ਹਾਲ, ਵਿਰਸਾ ਵਿਹਾਰ, ਅੰਮ੍ਰਿਤਸਰ ਵਿਖੇ ਇਕ ਜਨਤਕ ਰੋਸ ਕਨਵੈਨਸ਼ਨ ਕਰਵਾਈ ਗਈ।ਇਸ ਮੌਕੇ ਜਮਹੂਰੀ ਫਰੰਟ ਦੇ ਕਨਵੀਨਰ ਅਤੇ ਪ੍ਰਸਿੱਧ ਜਮਹੂਰੀ ਚਿੰਤਕ ਡਾ. ਪਰਮਿੰਦਰ ਨੇ ਕਿਹਾ ਕਿ ਉਮਰ ਖ਼ਾਲਿਦ, ਸ਼ਰਜ਼ੀਲ ਇਮਾਮ, ਗੁਲਫ਼ਿਸ਼ਾ ਫਾਤਿਮਾ ਸਮੇਤ ਹੋਰ ਕਾਰਕੁਨ 2020 ਤੋਂ ਬਿਨਾ ਜ਼ਮਾਨਤ, ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਸੜ ਰਹੇ ਹਨ ਅਤੇ ਕੇਂਦਰੀ ਜਾਂਚ ਏਜੰਸੀਆਂ ਉਨ੍ਹਾਂ ਦੇ ਖਿਲਾਫ ਕੋਈ ਇੱਕ ਵੀ ਦੋਸ਼ ਸਾਬਤ ਨਹੀਂ ਕਰ ਸਕੀਆਂ ਪਰ ਮੋਦੀ ਹਕੂਮਤ ਵੱਲੋਂ ਉਨ੍ਹਾਂ ਨੂੰ ਰਾਜਸੀ ਬਦਲੇਖੋਰੀ ਹੇਠ ਜਾਣ ਬੁੱਝ ਕੇ ਰਿਹਾਅ ਨਹੀਂ ਕੀਤਾ ਜਾ ਰਿਹਾ। ਇਸਦੇ ਬਿਲਕੁਲ ਉਲਟ, ਦਿੱਲੀ ਹਿੰਸਾ ਦੇ ਅਸਲ ਦੋਸ਼ੀ ਭਾਜਪਾ ਅਤੇ ਹੋਰ ਭਗਵਾਂ ਆਗੂ ਜਿਨ੍ਹਾਂ ਨੇ ਭੜਕਾਊ ਭਾਸ਼ਣ ਦੇ ਕੇ ਮੁਸਲਮਾਨਾਂ ਵਿਰੁੱਧ ਸ਼ਰੇਆਮ ਫਿਰਕੂ ਹਿੰਸਾ ਫੈਲਾਈ, ਰਾਜਸੀ ਤੇ ਰਾਜਕੀ ਸਰਪ੍ਰਸਤੀ ਹੇਠ ਖੁੱਲ੍ਹੇ ਫਿਰ ਰਹੇ ਹਨ।ਇਸ ਮੌਕੇ ਕਿਸਾਨ ਆਗੂਆਂ ਕਾ. ਲਖਬੀਰ ਨਿਜ਼ਾਮਪੁਰਾ, ਡਾ. ਪਰਮਿੰਦਰ ਪੰਡੋਰੀ, ਕਾ. ਰਤਨ ਸਿੰਘ ਰੰਧਾਵਾ, ਬਲਬੀਰ ਮੂਧਲ, ਅਮਰੀਕ ਸਿੰਘ ਸੰਗਤਪੁਰਾ, ਭੁਪਿੰਦਰ ਸੰਧੂ, ਜਗਤਾਰ ਸਿੰਘ, ਗੁਰਬਚਨ ਸਿੰਘ ਅਤੇ ਯਸ਼ਪਾਲ ਝਬਾਲ ਨੇ ਕਿਹਾ ਕਿ 'ਮੁਕਾਬਲਿਆਂ' ਦੇ ਨਾਂਅ ਹੇਠ ਜਨਵਰੀ 2024 ਤੋਂ ਲੈ ਕੇ ਹੁਣ ਤੱਕ ਇਕ ਸਾਲ ਦੇ ਅਰਸੇ ਅੰਦਰ 'ਓਪਰੇਸ਼ਨ ਕਗਾਰ' ਤਹਿਤ ਬਸਤਰ ਖੇਤਰ ਅੰਦਰ ਸੁਰੱਖਿਆ ਬਲਾਂ ਵੱਲੋਂ 'ਮੁਕਾਬਲਿਆਂ' ਦੇ ਨਾਂ ਹੇਠ 450 ਤੋਂ ਵੱਧ ਗ਼ੈਰ-ਅਦਾਲਤੀ ਹੱਤਿਆਵਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਵੱਡੀ ਗਿਣਤੀ 'ਚ ਆਦਿਵਾਸੀ ਔਰਤਾਂ ਅਤੇ ਬੱਚੇ ਸ਼ਾਮਿਲ ਹਨ।ਜਮਹੂਰੀ ਫਰੰਟ ਦੇ ਸੂਬਾ ਕਮੇਟੀ ਆਗੂ ਸੁਮੀਤ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਸਮੂਹ ਜਮਹੂਰੀ ਤੇ ਨਿਆਂਪਸੰਦ ਜੱਥੇਬੰਦੀਆਂ ਨੂੰ ਜੇਲ੍ਹੀਂ ਡੱਕੇ ਕਾਰਕੁਨਾਂ ਦੀ ਰਿਹਾਈ ਲਈ ਅਤੇ ਆਦਿਵਾਸੀਆਂ ਦੇ ਕਤਲੇਆਮ ਖ਼ਿਲਾਫ਼ 7 ਦਸੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋ ਰਹੀ ਸੂਬਾਈ ਕਨਵੈਨਸ਼ਨ ਅਤੇ ਮੁਜ਼ਾਹਰੇ ਵਿੱਚ ਪਹੁੰਚਣ ਦੀ ਜ਼ੋਰਦਾਰ ਅਪੀਲ ਕੀਤੀ।ਕਨਵੈਨਸ਼ਨ ਵਿੱਚ ਪਾਸ ਕੀਤੇ ਮਤਿਆਂ ਰਾਹੀਂ ਜ਼ੋਰਦਾਰ ਮੰਗ ਕੀਤੀ ਗਈ ਕਿ ਦਿੱਲੀ ਹਿੰਸਾ ਅਤੇ ਭੀਮਾ ਕੋਰੇਗਾਂਓ ਕੇਸ ਵਿੱਚ ਜੇਲ੍ਹੀਂ ਡੱਕੇ ਨਿਰਦੋਸ਼ ਵਿਦਿਆਰਥੀਆਂ, ਬੁੱਧੀਜੀਵੀਆਂ ਅਤੇ ਸਮਾਜਿਕ ਕਾਰਕੁਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਆਦਿਵਾਸੀ ਇਲਾਕਿਆਂ ਵਿੱਚ ਝੂਠੇ ਮੁਕਾਬਲਿਆਂ ਹੇਠ ਕਤਲੇਆਮ ਬੰਦ ਕੀਤਾ ਜਾਵੇ ਅਤੇ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਸੰਵਿਧਾਨ ਦੀ ਪੰਜਵੀਂ ਸੂਚੀ ਤਹਿਤ ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਐਡਵੋਕੇਟ ਅਮਨਦੀਪ ਕੌਰ ਨੂੰ ਧਮਕੀਆਂ ਦੇਣ ਵਾਲੇ ਫ਼ਿਰਕੂ ਅਨਸਰਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਸਮੁੱਚਾ ਪ੍ਰਬੰਧ ਪੰਜਾਬ ਦੇ ਹਵਾਲੇ ਕੀਤਾ ਜਾਵੇ ਅਤੇ ਮਜ਼ਦੂਰ ਵਿਰੋਧੀ ਚਾਰ ਕਿਰਤ ਕੋਡ ਅਤੇ ਬਿਜਲੀ ਸੋਧ ਬਿੱਲ ਰੱਦ ਕੀਤੇ ਜਾਣ।ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸੂਬਾ ਕਮੇਟੀ ਆਗੂ ਯਸ਼ਪਾਲ ਝਬਾਲ ਨੇ ਬਾਖੂਬੀ ਨਿਭਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡਵੋਕੇਟ ਅਮਰਜੀਤ ਬਾਈ, ਬਲਦੇਵ ਰਾਜ ਵੇਰਕਾ, ਰਾਜ ਕੁਮਾਰ ਵੇਰਕਾ, ਅਨਮੋਲ ਸਿੰਘ, ਤਰਕਸ਼ੀਲ ਆਗੂ ਪ੍ਰਿੰਸੀਪਲ ਮੇਲਾ ਰਾਮ, ਦਮਨਜੀਤ ਕੌਰ, ਨਰਿੰਦਰ ਬੱਲ, ਕਾ. ਬਲਵਿੰਦਰ ਦੁਧਾਲਾ, ਕਾ. ਬਲਕਾਰ ਦੁਧਾਲਾ, ਮਾਸਟਰ ਕੁਲਜੀਤ ਵੇਰਕਾ, ਕੁਲਬੀਰ ਜੇਠੂਵਾਲ, ਨਿਰਮਲ ਸਿੰਘ, ਪ੍ਰਗਟ ਸਿੰਘ ਧਰਮਕੋਟ, ਨਰਿੰਦਰ ਸਿੰਘ ਭਿੱਟੇਵੱਡ, ਗੁਰਦੀਪ ਸਿੰਘ, ਨਵਜੀਤ, ਗੋਬਿੰਦ ਕੁਮਾਰ ਤੋਂ ਇਲਾਵਾ ਬੀਕੇਯੂ (ਏਕਤਾ ਉਗਰਾਹਾਂ), ਜਮਹੂਰੀ ਕਿਸਾਨ ਸਭਾ, ਕੁੱਲ ਹਿੰਦ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਟੈਕਨੀਕਲ ਸਰਵਿਸਿਜ਼ ਯੂਨੀਅਨ, ਪੰਜਾਬ ਕਿਸਾਨ ਯੂਨੀਅਨ, ਪੰਜਾਬ ਪਾਵਰ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ, ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਅਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਕਾਰਕੁਨ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।

**• 'ਮੁਕਾਬਲਿਆਂ' ਦੇ ਨਾਂਅ ਹੇਠ ਆਦਿਵਾਸੀਆਂ ਦੀਆਂ ਗ਼ੈਰ-ਅਦਾਲਤੀ ਹੱਤਿਆਵਾਂ ਬੰਦ ਕਰੇ ਕੇਂਦਰ ਸਰਕਾਰ**



# ਕੇਸ਼ੋਪੁਰ ਕਮਿਊਨਿਟੀ ਰਿਜ਼ਰਵ ਨੇੜੇ ਸੜਕ 'ਤੇ ਪਏ ਪਾੜ ਨੂੰ ਪੂਰਨ ਦੀ ਮੰਗ

**ਗੁਰਦਾਸਪੁਰ (ਜਨਕ ਮਹਾਜਨ)**- ਪਿਛਲੇ ਦਿਨੀਂ ਆਏ ਹੜ੍ਹਾਂ ਕਾਰਨ ਜਿਥੇ ਸਰਹੱਦੀ ਲੋਕਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਉਥੇ ਹੀ ਹੜ੍ਹਾਂ ਦੇ ਪਾਣੀ ਨੇ ਇਸ ਖੇਤਰ ਦੀਆਂ ਸੜਕਾਂ ਨੂੰ ਵੀ ਤਹਿਸ-ਨਹਿਸ ਕਰਕੇ ਰੱਖ ਦਿੱਤਾ। ਗੁਰਦਾਸਪੁਰ ਤੋਂ ਬਹਿਰਾਮਪੁਰ ਜਾਣ ਵਾਲੀ ਸੜਕ 'ਤੇ ਸਥਿਤ ਕੇਸ਼ੋਪੁਰ ਕਮਿਊਨਿਟੀ ਰਿਜ਼ਰਵ ਨਜ਼ਦੀਕ ਵੱਡਾ ਪਾੜ ਪੈਣ ਨਾਲ ਲੋਕਾਂ ਦਾ ਸੜਕ ਤੋਂ ਲੰਘਣਾ ਖ਼ਤਰੇ ਤੋਂ ਖਾਲੀ ਨਹੀਂ। ਹੜ੍ਹ ਕਾਰਨ ਵੱਡੀ ਮਾਤਰਾ ਵਿਚ ਪਾਣੀ ਇਸ ਸੜਕ 'ਤੇ ਚਲਦਾ ਰਿਹਾ ਸੀ ਜਿਸ ਨੇ ਸੜਕ ਦੇ ਕੰਢਿਆਂ ਨੂੰ ਖੋਰ ਕੇ ਰੱਖ ਦਿੱਤਾ, ਜਿਸ ਕਾਰਨ ਸੜਕ ਕੰਢੇ ਇਕ ਵੱਡਾ ਪਾੜ ਪੈ ਚੁੱਕਾ ਹੈ। ਪਾੜ ਪੈਣ ਨਾਲ ਹੁਣ ਸੜਕ ਉੱਪਰੋਂ ਵੱਡੇ ਵਾਹਨਾਂ ਦਾ ਲੰਘਣਾ ਲਗਭਗ ਕਾਫ਼ੀ ਮੁਸ਼ਕਿਲ ਹੈ ਅਤੇ ਰਾਤ ਸਮੇਂ ਕੋਈ ਵੀ ਵਾਹਨ ਡਿਗ ਸਕਦਾ ਹੈ। ਉਸ ਸਮੇਂ ਵਿਭਾਗ ਵਲੋਂ ਇਸ ਸੜਕ ਦੇ ਕੰਢੇ ਵੱਡੇ-ਵੱਡੇ ਪੱਥਰ, ਬੂਟੇ ਅਤੇ ਤੇ ਬੋਰੀਆਂ ਵਗੈਰਾ ਰੱਖੀਆਂ ਗਈਆਂ ਹਨ ਤਾਂ ਜੋ ਕੋਈ ਵੀ ਅਣਜਾਣ ਵਾਹਨ ਚਾਲਕ ਇੱਥੋਂ ਲੰਘਣ ਸਮੇਂ ਸੜਕ ਵਿਚਕਾਰ ਡਿੱਗ ਨਾ ਸਕੇ ਪਰ ਮੌਜੂਦਾ ਸਮੇਂ ਵਿਚ ਅਜਿਹਾ ਕੁਝ ਵੀ ਨਹੀਂ ਹੈ। ਇਸ ਸੜਕ ਰਾਹੀਂ ਵੱਡੀ ਗਿਣਤੀ ਵਿਚ ਸਕੂਲੀ ਬੱਚੇ ਸਕੂਲ ਅਤੇ ਲੋਕ ਆਪਣੇ ਕੰਮਕਾਜ ਲਈ ਆਉਂਦੇ-ਜਾਂਦੇ ਹਨ, ਜਿਨ੍ਹਾਂ ਨੂੰ ਇਥੋਂ ਗੁਜ਼ਰਨ ਸਮੇਂ ਕਾਫ਼ੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕਾਂ ਨੇ ਸੰਬੰਧਤ ਵਿਭਾਗ ਪਾਸੋਂ ਮੰਗ ਕੀਤੀ ਕਿ ਗੁਰਦਾਸਪੁਰ ਤੋਂ ਬਹਿਰਾਮਪੁਰ ਜਾਣ ਵਾਲੀ ਸੜਕ ਕੰਢੇ ਪਏ ਵੱਡੇ ਪਾੜ ਨੂੰ ਜਲਦ ਤੋਂ ਜਲਦ ਠੀਕ ਕੀਤਾ ਜਾਵੇ ਤਾਂ ਜੋ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।



## ਭਾਜਪਾ ਦੇ ਦਾਨਦਾਤਾ

*ਪਹਿਲਾਂ ਇਹ ਗੱਲ ਆਮ ਸੀ ਕਿ ਜਿਨ੍ਹਾਂ ਕੰਪਨੀਆਂ 'ਤੇ ਈ ਡੀ ਦੇ ਛਾਪੇ ਪੈਂਦੇ ਸਨ, ਉਹ ਭਾਜਪਾ ਨੂੰ ਤਕੜਾ ਚੋਣ ਚੰਦਾ ਦੇ ਕੇ ਆਪਣਾ ਬਚਾਅ ਕਰ ਲੈਂਦੀਆਂ ਸਨ। ਇਲੈਕਟੋਰਲ ਬਾਂਡ ਸਕੀਮ ਨਾਲ ਵੀ ਭਾਜਪਾ ਨੂੰ ਵਾਹਵਾ ਚੰਦਾ ਮਿਲਦਾ ਸੀ, ਕਿਉਂਕਿ ਇਹ ਜ਼ਾਹਰ ਨਹੀਂ ਸੀ ਹੁੰਦਾ ਕਿ ਚੰਦਾ ਕਿਸ ਨੇ ਦਿੱਤਾ। ਸਿਰਫ ਛਾਪਿਆਂ ਨਾਲ ਹੀ ਨਹੀਂ, ਸਰਕਾਰ ਵੱਲੋਂ ਦਿੱਤੀ ਜਾਂਦੀ ਸਬਸਿਡੀ ਨਾਲ ਵੀ ਭਾਜਪਾ ਦੇ ਖਜ਼ਾਨੇ ਭਰਦੇ ਰਹੇ ਹਨ। 29 ਫਰਵਰੀ 2024 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਮੰਤਰੀ ਮੰਡਲ ਨੇ ਤਿੰਨ ਸੈਮੀ ਕੰਡਕਟਰ ਇਕਾਈਆਂ ਸਥਾਪਤ ਕਰਨ ਨੂੰ ਮਨਜ਼ੂਰੀ ਦਿੱਤੀ ਸੀ। ਇਨ੍ਹਾਂ ਵਿੱਚੋਂ ਦੋ ਇਕਾਈਆਂ ਟਾਟਾ ਗਰੁੱਪ ਦੀਆਂ ਸਨ, ਜਿਹੜੀਆਂ ਭਾਜਪਾ ਸ਼ਾਸਤ ਰਾਜਾਂ ਗੁਜਰਾਤ ਤੇ ਆਸਾਮ ਵਿੱਚ ਕਾਇਮ ਹੋਣੀਆਂ ਹਨ। ਭਾਰਤ ਨੂੰ ਘਰੇਲੂ ਸੈਮੀ ਕੰਡਕਟਰ ਹੱਬ ਬਣਾਉਣ ਦੀ ਮੋਦੀ ਸਰਕਾਰ ਦੀ ਵੱਡੀ ਯੋਜਨਾ ਤਹਿਤ ਇਨ੍ਹਾਂ ਪ੍ਰੋਜੈਕਟਾਂ ਦੀ ਕੁਲ ਲਾਗਤ ਦਾ 50 ਫੀਸਦੀ ਖਰਚ ਕੇਂਦਰ ਸਰਕਾਰ ਖੁਦ ਉਠਾਉਣ ਲਈ ਤਿਆਰ ਹੋਈ ਸੀ। ਇਸ ਤਰ੍ਹਾਂ ਟਾਟਾ ਦੇ ਦੋਹਾਂ ਪਲਾਂਟਾਂ ਨੂੰ ਕਰੀਬ 44 ਹਜ਼ਾਰ 203 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਗਈ। ਸਬਸਿਡੀ ਮਿਲਣ ਤੋਂ ਚਾਰ ਹਫਤੇ ਬਾਅਦ ਟਾਟਾ ਗਰੁੱਪ ਨੇ ਭਾਜਪਾ ਦੇ ਖਾਤੇ ਵਿੱਚ 758 ਕਰੋੜ ਰੁਪਏ ਦਾ ਚੰਦਾ ਪਾ ਦਿੱਤਾ। ਇਸ ਤਰ੍ਹਾਂ ਟਾਟਾ ਗਰੁੱਪ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਚੰਦਾ ਦੇਣ ਵਾਲਾ ਸਭ ਤੋਂ ਵੱਡਾ ਦਾਨੀ ਬਣ ਗਿਆ। ਵੈੱਬਸਾਈਟ 'ਸਕਰੌਲ' ਨੇ ਚੰਦੇ ਦੀ ਇਹ ਰਕਮ ਚੋਣ ਕਮਿਸ਼ਨ ਨੂੰ ਸੌਂਪੀ ਗਈ ਰਿਪੋਰਟ ਦੇ ਹਵਾਲੇ ਨਾਲ ਦੱਸੀ ਹੈ। ਮਾਲੀ ਸਾਲ 2024-25 ਵਿੱਚ ਟਾਟਾ ਗਰੁੱਪ ਦੀਆਂ ਕੰਪਨੀਆਂ ਨੇ ਗਰੁੱਪ ਦੇ 'ਪ੍ਰੋਗ੍ਰੈਸਿਵ ਇਲੈਕਟੋਰਲ ਟਰੱਸਟ' ਰਾਹੀਂ ਕਰੀਬ 915 ਕਰੋੜ ਦਾ ਚੰਦਾ ਦਿੱਤਾ। ਇਸ ਵਿੱਚੋਂ ਸਭ ਤੋਂ ਵੱਡੀ ਰਕਮ ਟਾਟਾ ਸਨਜ਼ ਪ੍ਰਾਈਵੇਟ ਲਿਮਟਿਡ ਨੇ 308 ਕਰੋੜ ਦੀ ਦਿੱਤੀ। ਭਾਜਪਾ ਨੂੰ ਮਿਲੇ 758 ਕਰੋੜ ਤੋਂ ਬਾਅਦ ਦੂਜੇ ਨੰਬਰ 'ਤੇ ਕਾਂਗਰਸ ਨੂੰ 77.3 ਕਰੋੜ ਰੁਪਏ ਮਿਲੇ। ਅੱਠ ਖੇਤਰੀ ਪਾਰਟੀਆਂ ਨੂੰ 10-10 ਕਰੋੜ ਦਿੱਤੇ ਗਏ। ਦਿਲਚਸਪ ਗੱਲ ਹੈ ਕਿ ਟਾਟਾ ਦੇ ਇਸ ਟਰੱਸਟ ਨੇ 2021 ਤੋਂ 2024 ਤੱਕ ਤਿੰਨ ਸਾਲਾਂ ਦੌਰਾਨ ਕਿਸੇ ਪਾਰਟੀ ਨੂੰ ਇੱਕ ਰੁਪਈਆ ਤੱਕ ਨਹੀਂ ਦਿੱਤਾ ਸੀ।*

*ਟਾਟਾ ਤੋਂ ਇਲਾਵਾ ਤਾਮਿਲਨਾਡੂ ਦੇ ਮੁਰੂਗੱਪਾ ਗਰੁੱਪ ਨੂੰ ਫਰਵਰੀ 2024 ਵਿੱਚ ਤੀਜੇ ਸੈਮੀ ਕੰਡਕਟਰ ਪਲਾਂਟ ਦੀ ਮਨਜ਼ੂਰੀ ਮਿਲੀ ਤੇ ਇਸ ਨਾਲ 3501 ਕਰੋੜ ਦੀ ਸਬਸਿਡੀ ਮਿਲੀ। ਉਸ ਨੇ ਕੁਝ ਦਿਨਾਂ ਬਾਅਦ ਭਾਜਪਾ ਨੂੰ 125 ਕਰੋੜ ਦਾ ਚੰਦਾ ਦੇ ਦਿੱਤਾ। ਕਾਇਨੇਜ਼ ਟੈਕਨਾਲੋਜੀ ਨੂੰ ਸਤੰਬਰ 2024 ਵਿੱਚ ਗੁਜਰਾਤ ਦੇ ਸਾਣੰਦ ਵਿੱਚ ਸੈਮੀ ਕੰਡਕਟਰ ਯੂਨਿਟ ਦੀ ਮਨਜ਼ੂਰੀ ਮਿਲੀ। ਇਸ ਦੇ ਐੱਮ ਡੀ ਰਮੇਸ਼ ਕੁਨਹੀਕਨੰਨ ਨੇ 2023-24 ਵਿੱਚ ਨਿੱਜੀ ਤੌਰ 'ਤੇ ਭਾਜਪਾ ਨੂੰ 12 ਕਰੋੜ ਚੰਦਾ ਦਿੱਤਾ ਸੀ।*

*ਟਾਟਾ ਨੂੰ ਸਬਸਿਡੀ ਤੇ ਉਸ ਵੱਲੋਂ ਭਾਜਪਾ ਨੂੰ ਚੰਦੇ ਵਿਚਾਲੇ ਕੀ ਕੋਈ ਸੰਜੋਗ ਹੈ ਜਾਂ ਕੁਝ ਹੋਰ, ਇਸ ਬਾਰੇ ਕੋਈ ਬੋਲਣ ਨੂੰ ਤਿਆਰ ਨਹੀਂ, ਪਰ ਅੰਕੜੇ ਗਵਾਹੀ ਭਰਦੇ ਹਨ ਕਿ ਜਿਸ ਕੰਪਨੀ ਨੂੰ ਸੈਮੀ ਕੰਡਕਟਰ ਪਲਾਂਟ ਲਾਉਣ ਲਈ ਸਭ ਤੋਂ ਵੱਧ ਸਬਸਿਡੀ ਮਿਲੀ, ਉਹ ਭਾਜਪਾ ਦੀ ਸਭ ਤੋਂ ਵੱਡੀ ਦਾਨਦਾਤਾ ਬਣ ਗਈ!*

### ਗੁੱਟ ਵਢਾਅ ਕੇ!

*ਦੋਗਲਿਆਂ ਦੇ ਪਿੱਛੇ ਲੱਗ ਕੇ,*
*ਦਿਲ ਨੂੰ ਹੱਥ ਵਿੱਚ ਘੁੱਟ ਮਰੋਗੇ।*
*ਕਿਰਤ ਨੀ ਹੁੰਦੀ ਜੇ ਕਰ ਹੱਥੀਂ,*
*ਆਪਣਿਆਂ ਨੂੰ ਲੁੱਟ ਮਰੋਗੇ।*
*ਜੇ ਨਾ ਅਕਲ ਦਾ ਕੈਦਾ ਪੜ੍ਹਿਆ,*
*ਖਾ ਖਾ ਕੇ ਤੁਸੀਂ ਕੁੱਟ ਮਰੋਗੇ।*
*ਗੁੱਟ ਵੱਢਣ ਦੀ ਧਮਕੀ ਦੇ ਕੇ,*
*ਆਪ ਵਢਾਅ ਕੇ ਗੁੱਟ ਮਰੋਗੇ।*
*ਮੱਖੀਆਂ ਦਾ ਮਖਿਆਲ ਛੇੜ ਕੇ,*
*ਹੁੰਦੀ ਦੇਖ ਕੇ ਲੁੱਟ ਮਰੋਗੇ।*
*ਜਿਉਣਾ ਪੱਲੇ ਪੈ ਜਾਵੇਗਾ,*
*ਹੋਅ ਕੇ ਜੇ ਇੱਕ ਜੁੱਟ ਮਰੋਗੇ।*

-ਗੁਲਪੁਰ

## ਬਿਹਾਰ ਚੋਣ ਨਤੀਜਿਆਂ ਦੇ ਸਬਕ



ਰਮੇਸ਼ ਰਤਨ

ਬਿਹਾਰ ਦੇ ਚੋਣ ਨਤੀਜਿਆਂ ਨੇ ਮੁੜ ਸਿੱਧ ਕਰ ਦਿੱਤਾ ਹੈ ਕਿ ਭਾਰਤ ਵਿੱਚ ਲੋਕਤੰਤਰੀ ਪ੍ਰਣਾਲੀ ਨੂੰ ਕਾਇਮ ਰੱਖਣ ਲਈ ਸੰਜੀਦਾ ਅਧਿਐਨ ਅਤੇ ਯਤਨਾਂ ਦੀ ਲੋੜ ਹੈ। ਚੋਣ ਮੈਦਾਨ ਦੇ ਤਿੰਨੇ ਹੀ ਹਿੱਤ ਸਾਧਕਾਂ ਜਾਂ ਭਾਈਵਾਲਾਂ ਵੱਲੋਂ ਨਿਭਾਈ ਗਈ ਭੂਮਿਕਾ ਬਾਰੇ ਬਹੁਤ ਵਿਖਿਆਨ ਹੋ ਚੁੱਕਾ ਹੈ।

ਚੋਣ ਜਿੱਤਣ ਵਾਲੇ ਭਾਜਪਾ ਦੀ ਅਗਵਾਈ ਵਿੱਚ ਬਣੇ ਐੱਨ ਡੀ ਏ ਅਤੇ ਦੂਜੇ ਪਾਸੇ ਕਾਂਗਰਸ ਅਤੇ ਹੋਰ ਪਾਰਟੀਆਂ ਦਾ ਮਹਾਂਗਠਬੰਧਨ ਅਤੇ ਤੀਸਰੇ ਆਮ ਲੋਕਾਂ ਲਈ ਨਤੀਜੇ ਅਤੇ ਸਬਕ ਵੱਖੋ-ਵੱਖ ਕਿਸਮ ਦੇ ਹਨ।

ਪਹਿਲੇ ਐੱਨ ਡੀ ਏ ਵੱਲੋਂ ਔਰਤਾਂ ਦੇ ਖਾਤੇ ਵਿੱਚ ਕੀਤੀ ਗਈ ਦਸ- ਦਸ ਹਜ਼ਾਰ ਰੁਪਏ ਦੀ ਅਦਾਇਗੀ ਅਤੇ ਉਹਨਾਂ ਨੂੰ ਆਪਣੇ ਕਾਰੋਬਾਰ ਚਲਾਉਣ ਲਈ ਕੀਤੇ ਗਏ ਦੋ-ਦੋ ਲੱਖ ਰੁਪਏ ਦੇ ਘੱਟ ਵਿਆਜ 'ਤੇ ਕਰਜ਼ੇ ਦੇ ਵਾਅਦੇ ਅਤੇ ਅਮਿਤ ਸ਼ਾਹ ਦੀ ਅਗਵਾਈ ਹੇਠ ਕਾਫ਼ੀ ਸਮਾਂ ਪਹਿਲਾਂ ਬੂਥ ਲੈਵਲ ਤੱਕ ਦੀ ਮੈਨੇਜਮੈਂਟ ਨੇ ਆਪਣਾ ਰੰਗ ਵਿਖਾਇਆ ਹੈ।

ਦੂਜੇ ਪਾਸੇ ਮਹਾਂ-ਗਠਬੰਧਨ ਦੀਆਂ ਪਾਰਟੀਆਂ ਦੀ ਭਿਆਨਕ ਹਾਰ ਹੋਈ ਹੈ। ਉਹਨਾਂ ਲਈ ਆਪਣੀਆ ਪਾਰਟੀਆਂ ਦੇ ਜਥੇਬੰਦਕ ਢਾਂਚਿਆਂ, ਚੋਣ ਮੈਦਾਨ ਵਿੱਚ ਗਠਜੋੜਾਂ ਦੇ ਢਿੱਲੇਪਣ, ਅਪਣਾਏ ਗਏ ਦਾਅਪੇਚਾਂ, ਦਿੱਤੇ ਗਏ ਨਾਅਰੇ ਅਤੇ ਅਖੀਰਲੇ ਸਮੇਂ ਤੱਕ ਆਪਸ ਵਿੱਚ ਸਿੰਗ ਫਸਾਈ ਰੱਖਣ ਦੇ ਨਤੀਜਿਆ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਜ਼ਰੂਰਤ ਹੈ।

ਤੀਸਰੇ, ਆਮ ਲੋਕਾਂ ਲਈ ਜਾਨਣ, ਵਿਚਾਰਨ ਅਤੇ ਸਮਝਣ ਵਾਲੀ ਗੱਲ ਇਹ ਕਿ ਦੇਸ਼ ਅੰਦਰ ਡੈਮੋਕਰੇਸੀ ਦਾ ਲਬਾਦਾ ਪਹਿਨੇ, ਲੂੰਬੜ ਵਰਗੇ ਚਾਲਾਕ ਦਿਮਾਗ ਲੀਡਰਾਂ ਨੇ ਸਿਖ ਲਿਆ ਹੈ ਕਿ ਲੋਕਾਂ ਨੂੰ ਉਨ੍ਹਾਂ ਦੇ ਹੀ ਪੈਸੇ ਨਾਲ ਕਿਵੇਂ ਰਿਸ਼ਵਤ ਦਿੱਤੀ ਜਾ ਸਕਦੀ ਹੈ। ਭੇਡਾਂ ਨੂੰ ਭੇਡ ਦੀ ਉਨ ਦੇ ਸਵੈਟਰ ਕਿਵੇਂ ਬਣਾ ਕੇ ਦਿੱਤੇ ਜਾ ਸਕਦੇ ਹਨ। ਇਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਲੰਮੇ ਸਮੇਂ ਤੱਕ ਭੁਗਤਣਾ ਪੈ ਸਕਦਾ ਹੈ।

ਮਹਾਂਗਠਬੰਧਨ ਵਿੱਚ ਸ਼ਾਮਿਲ ਕੇਂਦਰੀ, ਸੈਕੂਲਰ, ਡੈਮੋਕ੍ਰੇਟਿਕ, ਖੱਬੀਆਂ ਅਤੇ ਇਲਾਕਾਈ ਪਾਰਟੀਆਂ ਲਈ ਵਿਚਾਰਨ ਅਤੇ ਸਿੱਖਣ ਨੂੰ ਅਨੇਕਾਂ ਸਬਕ ਹਨ। ਇਹਨਾਂ ਪਾਰਟੀਆਂ ਅੰਦਰ ਚੋਣ ਮੈਦਾਨ ਵਿਚ ਆਪਸੀ ਤਾਲਮੇਲ ਅਤੇ ਮੁਹਿੰਮ ਦੀ ਏਕਤਾ, ਸਮੇਂ ਸਿਰ ਸੀਟਾਂ ਦੀ ਵੰਡ ਵਿੱਚ ਫੇਲ੍ਹ ਹੋ ਜਾਣਾ, ਮੁੱਖ ਮੰਤਰੀ ਦੇ ਚਿਹਰੇ ਨੂੰ ਸਮੇਂ ਸਿਰ ਪੇਸ਼ ਕਰਨ ਲਈ ਸਹਿਮਤੀ ਨਾ ਬਣਨਾ ਆਦਿ ਤਾਂ ਵਿਖਾਈ ਦੇਂਦੇ ਕਾਰਨ ਹਨ, ਪਰ ਇਨ੍ਹਾਂ ਪਾਰਟੀਆਂ ਵੱਲੋਂ ਵੋਟ ਚੋਰ ਅਤੇ ਪੂਰੀ ਘੋਖ ਪੜਤਾਲ ਬਿਨਾਂ ਅਤੇ ਵਿਆਖਿਆ ਰਹਿਤ ਨਾਅਰੇ ਕੋਈ ਨਤੀਜੇ ਨਹੀਂ ਕੱਢ ਸਕੇ।

ਪਾਰਟੀਆਂ ਅੰਦਰ ਵਿਚਾਰਧਾਰਕ ਮਤਭੇਦ ਅਤੇ ਘਚੋਲੇ ਹੋਣੇ ਕੁਦਰਤੀ ਹਨ, ਪਰ ਢਾਂਚਾਗਤ ਕਮਜ਼ੋਰੀ ਦਾ ਪ੍ਰਮੁੱਖ ਕਾਰਨ ਪਾਰਟੀ ਅੰਦਰ ਜਮਹੂਰੀ ਕਦਰਾਂ ਦੀ ਘਾਟ ਹੁੰਦੀ ਹੈ।

ਚੋਣ ਸੁਧਾਰਾਂ ਬਾਰੇ ਕਈ ਦਹਾਕੇ ਪਹਿਲਾਂ ਕਾਮਰੇਡ ਇੰਦਰਜੀਤ ਗੁਪਤਾ ਦੀ ਅਗਵਾਈ ਵਿੱਚ ਬਣੀ ਕਮੇਟੀ ਦੀ ਰਿਪੋਰਟ ਇਹ ਗੱਲ ਸਾਹਮਣੇ ਲੈ ਕੇ ਆਈ ਸੀ ਕਿ ਦੇਸ਼ ਅੰਦਰ ਲੋਕਤੰਤਰ ਨੂੰ ਬਚਾਉਣ ਲਈ ਚੋਣ ਮੈਦਾਨ ਵਿੱਚ ਪਾਰਦਰਸ਼ਤਾ ਅਤੇ ਨਿਆਂਪੂਰਵਕ ਬਰਾਬਰੀ ਦੇ ਮੌਕੇ ਦੇਣ ਦੇ ਅਸੂਲ ਦਾ ਧਿਆਨ ਰੱਖਣਾ ਸਭ ਤੋਂ ਵੱਧ ਜ਼ਰੂਰੀ ਹੈ। ਇਹੋ ਅਸੂਲ ਪਾਰਟੀਆਂ ਦੇ ਅੰਦਰੂਨੀ ਜਥੇਬੰਦਕ ਢਾਂਚਿਆਂ ਲਈ ਵੀ ਉਨ੍ਹਾਂ ਹੀ ਮਹੱਤਵਪੂਰਨ ਹੈ।

ਪਰਵਾਰ ਅਧਾਰਤ ਰਾਜਨੀਤਕ ਲੀਡਰਸ਼ਿਪ ਸੰਬੰਧੀ ਪਿਛਲੇ ਮਹੀਨੇ ਹੀ ਕੁਝ ਪ੍ਰਮੁੱਖ ਅਖਬਾਰਾਂ ਵਿੱਚ ਰਿਪੋਰਟਾਂ ਛਪੀਆਂ ਸਨ ਕਿ ਭਾਰਤ ਅੰਦਰ 1174 ਐੱਮ ਪੀ ਅਤੇ ਐੱਮ ਐੱਲ ਏ ਪੀੜ੍ਹੀ ਦਰ ਪੀੜ੍ਹੀ ਚੱਲੇ ਆ ਰਹੇ 989 ਸਿਆਸੀ ਪਰਵਾਰਾਂ ਦੇ ਪਿਛੋਕੜ ਵਾਲੇ ਹਨ। ਬਹੁਤੀਆਂ ਪਾਰਟੀਆਂ ਵਿੱਚ ਸਥਿਤੀਆਂ ਅਜਿਹੀਆਂ ਬਣ ਗਈਆਂ ਹਨ ਕਿ ਫੈਸਲੇ ਕਰਨ ਦੀ ਤਾਕਤ ਸਰਮਾਏਦਾਰੀ ਸਿਸਟਮ ਅੰਦਰ ਸਰਮਾਏ ਵਾਂਗ ਹੀ ਲਗਾਤਾਰ ਕੁਝ ਕੁ ਹੱਥਾਂ ਵਿੱਚ ਕੇਂਦਰਤ ਹੁੰਦੀ ਜਾ ਰਹੀ ਹੈ। ਕਈ ਪਾਰਟੀਆਂ ਵਿੱਚ ਇਹ ਤਾਕਤ ਪਰਵਾਰ ਦੇ ਮੈਂਬਰਾਂ ਤੱਕ ਸੀਮਤ ਹੈ ਅਤੇ ਕਈ ਪਾਰਟੀਆਂ ਵਿੱਚ ਕੁਝ ਚੁਣਵੇ ਆਗੂਆ ਦਾ ਗੁਟ ਹੀ ਇਹ ਸਾਰੀ ਤਾਕਤ ਦਾ ਇਸਤੇਮਾਲ ਆਪਣੀ ਮਰਜ਼ੀ ਅਨੁਸਾਰ ਕਰਦਾ ਹੈ।

ਭਾਵੇਂ ਸਿਆਸੀ ਪਾਰਟੀਆਂ ਆਮ ਲੋਕਾਂ ਦੀ ਭਾਈਵਾਲੀ ਵਾਲੇ ਵਿਚਾਰਾਂ, ਵਾਅਦੇ ਅਤੇ ਨਾਅਰੇ ਦੇ ਅਧਾਰ 'ਤੇ ਹੀ ਹੋਂਦ ਵਿਚ ਆਈਆਂ ਸਨ, ਪਰ ਪਾਰਟੀ ਜਥੇਬੰਦੀਆਂ ਅੰਦਰ ਅਫ਼ਸਰਸ਼ਾਹੀ ਵਾਲਾ ਰਵੱਈਆ ਵਧਦਾ ਜਾ ਰਿਹਾ ਹੈ। ਪਾਰਟੀਆਂ ਦੇ ਸੰਵਿਧਾਨ, ਮੈਨੀਫੈਸਟੋ ਅਤੇ ਅੰਦਰੂਨੀ ਜਮੂਰੀਅਤ ਹੁਣ ਕਾਗਜ਼ੀ ਕਾਰਵਾਈ ਤੱਕ ਸਿਮਟ ਕੇ ਰਹਿ ਗਈ ਹੈ। ਵਿਚਾਰ-ਵਟਾਂਦਰੇ ਦੀ ਭਾਵਨਾ ਵੀ ਸੀਮਤ ਕਰ ਦਿੱਤੀ ਜਾਂਦੀ ਹੈ। ਸਭ ਤੋਂ ਵੱਡੀ ਮੁਸ਼ਕਲ ਇਹ ਹੈ ਕਿ ਪਾਰਟੀ ਲੀਡਰਾਂ ਨੇ ਵਿਰੋਧੀਆਂ ਤੋਂ ਤਾਂ ਕਦੇ ਕੋਈ ਵੀ ਸਬਕ ਨਹੀਂ ਸਿੱਖਣਾ ਹੁੰਦਾ, ਪ੍ਰੰਤੂ ਉਹਨਾਂ ਦੀ ਆਪਣੀ ਜੁੰਡਲੀ ਵੀ ਚਾਪਲੂਸ ਮਿੱਤਰਾਂ ਨਾਲ ਭਰੀ ਪਈ ਹੁੰਦੀ ਹੈ। ਇਹ ਜੁੰਡਲੀ ਦੇ ਯਾਰ ਅਪਣੇ ਲੀਡਰ ਸਾਹਮਣੇ ਸੱਚ ਨੂੰ ਪੇਸ਼ ਨਹੀ ਕਰਦੇ। ਅਸਲ ਵਿਚ ਉਹ ਅਜਿਹਾ ਕਰਨ ਤੋਂ ਬਚਦੇ ਰਹਿੰਦੇ ਹਨ। ਨਤੀਜੇ ਵਜੋਂ ਲੀਡਰਸ਼ਿਪ ਦੇ ਦ੍ਰਿਸ਼ਟੀਕੋਣ ਵਿੱਚ ਧੁੰਦਲਾਪਣ ਆਉਣਾ ਅਤੇ ਸੰਘਣਾ ਹੁੰਦੇ ਰਹਿਣਾ ਕੁਦਰਤੀ ਹੈ।

ਚੋਣ ਲੜਨ ਸਮੇਂ ਆਮ ਲੋਕਾਂ ਵਿੱਚ ਪੇਸ਼ ਕਰਨ ਲਈ ਪਾਰਟੀਆਂ ਨੂੰ ਸਮਾਜ ਵਿੱਚ ਪ੍ਰਵਾਨਤ ਅਸੂਲੀ ਅਤੇ ਨਿਸਚਿਤ ਤੌਰ 'ਤੇ ਵੱਖਰੀ ਪਹਿਚਾਣ ਅਤੇ ਸਨਮਾਨ ਦੇ ਹੱਕਦਾਰ ਵਿਅਕਤੀ ਜ਼ਰੂਰ ਲੱਭ ਜਾਂਦੇ ਹਨ, ਪ੍ਰੰਤੂ ਲੋਕਾਂ ਨੂੰ ਅਸੂਲ ਅਨੁਸਾਰ ਚੱਲਣ ਵਾਲੀ ਪਾਰਟੀ ਨਹੀ ਲੱਭਦੀ, ਜੋ ਆਪਣੇ ਹੀ ਬਣਾਏ ਅਸੂਲਾਂ ਦੀ ਪਾਲਣਾ ਕਰਦੀ ਹੋਵੇ। ਇਹ ਰੁਝਾਨ ਖੱਬੀਆਂ ਪਾਰਟੀਆਂ ਅੰਦਰ ਵੀ ਦੇਖਣ ਨੂੰ ਮਿਲਦਾ ਹੈ। ਭਾਵੇਂ ਖੱਬੀਆਂ ਪਾਰਟੀਆਂ ਅੰਦਰ ਕਿਸੇ ਦਾ ਲੀਡਰ ਬਣੇ ਰਹਿਣਾ ਉਸ ਦਾ ਕੋਈ ਜਨਮ ਸਿੱਧ ਅਧਿਕਾਰ ਨਹੀਂ ਹੁੰਦਾ, ਪਰ ਸਮੇਂ ਦੇ ਨਾਲ ਲੀਡਰਾਂ ਦੀ ਸੋਚ, ਪ੍ਰਮੁੱਖਤਾ ਤੇ ਹਿੱਤ ਬਦਲਦੇ ਰਹਿੰਦੇ ਹਨ।

ਇੱਕ ਵਾਰ ਲੀਡਰਸ਼ਿਪ ਵਿੱਚ ਆਏ ਲੋਕ ਸਮੇਂ ਦੇ ਬੀਤਣ ਨਾਲ ਕੁਝ ਖਾਸ ਵਿਅਕਤੀਆਂ ਦਾ ਗੁੱਟ ਪੈਦਾ ਕਰਨ ਦੀਆਂ ਰੁਚੀਆਂ ਤੋਂ ਬਚ ਨਹੀਂ ਸਕਦੇ। ਉਹਨਾਂ ਪਾਸ ਪਾਰਟੀ ਅੰਦਰ ਆਪਣੇ ਕ੍ਰਿਸ਼ਮੇ ਵਿਖਾਉਣ ਦੇ ਅਨੇਕਾਂ ਮੌਕੇ ਹੁੰਦੇ ਹਨ ਅਤੇ ਪਾਰਟੀ ਦੇ ਸੋਮਿਆਂ 'ਤੇ ਕੰਟਰੋਲ ਵੀ ਉਹਨਾਂ ਦਾ ਹੁੰਦਾ ਹੈ। ਪਾਰਟੀ ਦੇ ਅੰਦਰ ਸਵਾਲ ਜਾਂ ਵਿਰੋਧ ਕਰਨ ਵਾਲੀ ਆਵਾਜ਼ ਨੂੰ ਨਿਰਉਤਸ਼ਾਹਤ ਕੀਤਾ ਜਾਂਦਾ ਹੈ ਜਾਂ ਦਬਾਅ ਦਿੱਤਾ ਜਾਂਦਾ ਹੈ। ਇਸ ਨਾਲ ਪਾਰਟੀ ਅੰਦਰ ਜਗੀਰੂ ਮਾਨਸਿਕਤਾ ਦਾ ਚਲਨ ਬਣ ਜਾਂਦਾ ਹੈ, ਜਿਸ ਕਰਕੇ ਇਹ ਆਗੂ ਆਪਣੀ ਸਥਿਤੀ ਨੂੰ ਰਾਜਨੀਤਕ ਪ੍ਰਤੀਕਆਤਮਕ ਪੂੰਜੀ ਸਮਝਣ ਅਤੇ ਪੇਸ਼ ਕਰਨ ਲੱਗ ਜਾਂਦੇ ਹਨ। ਉਹ ਆਮ ਲੋਕਾਂ ਅਤੇ ਪਾਰਟੀ ਵਰਕਰਾਂ ਦੀਆਂ ਸਮੱਸਿਆਵਾਂ ਦਾ ਹੱਲ ਪੇਸ਼ ਕਰਨ ਦੀ ਬਜਾਏ ਆਪਣੀ-ਆਪਣੀ ਨਿੱਜੀ ਮਾਨਤਾ, ਇੱਜ਼ਤ, ਕੰਮਾਂ ਆਦਿ ਦਾ ਵਾਸਤਾ ਪਾਉਣ ਲੱਗ ਪੈਂਦੇ ਹਨ । ਉਹ ਪਾਰਟੀਆਂ ਨੂੰ ਆਪਣੀ ਅਗਲੀ ਪੀੜ੍ਹੀ ਜਾਂ ਆਪਣੇ ਨੇੜੇ ਦੀ ਜੁੰਡਲੀ ਦੇ ਹਵਾਲੇ ਕਰ ਜਾਂਦੇ ਹਨ।

ਪਾਰਟੀਆਂ ਦੇ ਢਾਂਚਾਗਤ ਵਿਕਾਸ ਅਤੇ ਮਜ਼ਬੂਤੀ ਲਈ ਪਾਰਟੀ ਕਾਡਰ ਦੀ ਆਮ ਲੋਕਾਂ ਦੇ ਹਿੱਤ ਵਿਚ ਰਾਜਨੀਤਕ ਪਹਿਲਕਦਮੀ ਨੂੰ ਉਤਸ਼ਾਹਤ ਅਤੇ ਸਰਗਰਮ ਕਰਨ ਲਈ ਸਹਿਯੋਗ ਦੇਣਾ ਅਤੇ ਮੈਰਿਟ ਦੇ ਆਧਾਰ 'ਤੇ ਕਾਡਰ ਨੂੰ ਲੀਡਰਸ਼ਿਪ ਵਿੱਚ ਅੱਗੇ ਵਧਾਉਣਾ ਜ਼ਰੂਰੀ ਹੈ। ਆਪਸੀ ਮਿਲਵਰਤਨ, ਸਹਿਯੋਗ ਅਤੇ ਜਵਾਬਦੇਹੀ ਤੈਅ ਕਰਨਾ ਵੀ ਲਾਜ਼ਮੀ ਹੈ। ਪਾਰਟੀਆਂ ਅੰਦਰ ਪਾਰਦਰਸ਼ੀ ਢੰਗ ਨਾਲ ਅੰਦਰੂਨੀ ਬਹਿਸ, ਵਿਚਾਰ-ਵਟਾਂਦਰੇ ਨੂੰ ਬਣਦੀ ਥਾਂ ਦੇ ਕੇ ਆਪਸੀ ਵਿਸ਼ਵਾਸ ਵਧਾਇਆ ਜਾ ਸਕਦਾ ਹੈ ।ਖੁੱਲ੍ਹੇ ਵਿਚਾਰ-ਵਟਾਂਦਰੇ ਨਾਲ ਗੁੱਟਬੰਦੀਆਂ ਘਟਦੀਆਂ ਹਨ ।

ਅਜੋਕੇ ਸਮਾਜ ਵਿੱਚ ਜਗੀਰੂ ਢੰਗ ਦੀ ਪਰਜਾ ਮਾਈ-ਬਾਪ ਵਾਲੇ ਸੰਬੰਧਾਂ 'ਤੇ ਅਧਾਰਤ ਆਗਿਆਕਾਰ ਅਤੇ ਵਫਾਦਾਰੀਆਂ ਨਿਭਾਉਣ ਵਾਲੇ ਕਾਡਰ ਤੇ ਮੈਂਬਰਾਂ ਅਧਾਰਤ ਪਾਰਟੀ ਤਾਂ ਬਣਾਈ ਰੱਖੀ ਜਾ ਸਕਦੀ ਹੈ, ਪਰੰਤੂ ਸਮਾਜਿਕ, ਰਾਜਨੀਤਕ ਅਤੇ ਚੋਣ ਮੈਦਾਨ ਦੇ ਮੁਕਾਬਲੇ ਸਮੇਂ ਆਮ ਲੋਕਾਂ ਦਾ ਸਮਰਥਨ ਪ੍ਰਾਪਤ ਕਰਨ ਯੋਗ ਹੋਣ ਲਈ ਇਹ ਕਾਫੀ ਨਹੀ। ਸੱਤਾ ਤੋਂ ਲਾਂਭੇ ਧੱਕੀਆਂ ਜਾ ਚੁੱਕੀਆਂ ਪਾਰਟੀਆਂ ਲਈ ਸਭ ਤੋਂ ਵੱਡਾ ਸਬਕ ਉਹਨਾਂ ਦੀਆਂ ਢਾਂਚਾਗਤ ਅੰਦਰੂਨੀ ਕਮਜ਼ੋਰੀਆਂ ਨੂੰ ਦੂਰ ਕਰਨ ਦੀ ਜ਼ਰੂਰਤ ਸਮਝਣਾ ਹੈ। ਮਜ਼ਬੂਤ ਜਮਹੂਰੀਅਤ ਅਧਾਰਤ ਜਥੇਬੰਦਕ ਪਾਰਟੀਆਂ ਹੀ ਜਮਹੂਰੀ ਸਮਾਜ ਅੰਦਰ ਆਪਣਾ ਸਾਰਥਕ ਯੋਗਦਾਨ ਪਾਉਣ ਦੇ ਸਮਰੱਥ ਹੋ ਸਕਦੀਆਂ ਹਨ ਅਤੇ ਦੇਸ਼ ਅੰਦਰ ਪ੍ਰਭਾਵਸ਼ਾਲੀ ਰਾਜਨੀਤਕ ਸਥਾਨ ਪ੍ਰਾਪਤ ਕਰ ਸਕਦੀਆਂ ਹਨ।

**ਸੰਪਰਕ : 98142-73870**

## ਜ਼ਿੰਦਗੀ ਹੌਸਲੇ ਨਾਲ ਜਿਊਣ ਦਾ ਨਾਂਅ ਹੈ...

ਗੁਰਬਿੰਦਰ ਸਿੰਘ ਮਾਣਕ

ਜੀਵਨ ਦੀ ਦੌੜ ਵਿਚ ਹਫਿਆ ਹੋਇਆ ਅਜੋਕਾ ਮਾਨਵ ਅਨੇਕਾਂ ਸਰੀਰਕ, ਮਾਨਸਿਕ ਤੇ ਹੋਰ ਕਈ ਆਪ ਸਹੇੜੇ ਰੋਗਾਂ ਦਾ ਸ਼ਿਕਾਰ ਹੋ ਕੇ ਲਗਾਤਾਰ ਤਣਾਓ ਭਰਿਆ ਜੀਵਨ ਗੁਜ਼ਾਰ ਰਿਹਾ ਹੈ। ਇਨ੍ਹਾਂ ਤਲਖੀਆਂ ਭਰਪੂਰ ਸਮਿਆਂ ਵਿਚ ਆਤਮ-ਹੱਤਿਆ ਦਾ ਰੁਝਾਨ ਡੂੰਘੀ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਹਰ ਰੋਜ਼ ਅਖਬਾਰਾਂ ਵਿਚ ਖੁਦਕੁਸ਼ੀਆਂ ਦੀਆਂ ਖਬਰਾਂ ਪੜ੍ਹ ਕੇ ਹਰ ਪੜ੍ਹਨ-ਸੁਣਨ ਵਾਲੇ ਦਾ ਹਿਰਦਾ ਵਲੂੰਧਰਿਆ ਜਾਂਦਾ ਹੈ। ਸਕੂਲ ਪੜ੍ਹਦੇ ਮਾਸੂਮ ਬੱਚਿਆਂ ਤੋਂ ਲੈ ਕੇ ਜ਼ਿੰਦਗੀ ਵਿਚ ਪ੍ਰਵਾਨ ਚੜ੍ਹੇ ਮਰਦ-ਔਰਤਾਂ ਬਾਰੇ ਅਜਿਹੀਆਂ ਖਬਰਾਂ ਪੜ੍ਹ ਕੇ ਇਹ ਮਹਿਸੂਸ ਹੁੰਦਾ ਹੈ ਕਿ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦਾ ਸਾਹਮਣਾ ਕਰਨ ਤੋਂ ਭਗੌੜੇ ਹੋਏ ਇਨ੍ਹਾਂ ਮਨੁੱਖਾਂ ਨੇ ਜੀਵਨ ਦੀ ਖੂਬਸੂਰਤੀ ਨੂੰ ਸਮਝਣ ਵਿਚ ਕਿੰਨੀ ਨਾਦਾਨੀ ਕੀਤੀ ਹੈ।

ਸਮਾਜ ਵੱਲ ਗਹੁ ਨਾਲ ਨਜ਼ਰ ਮਾਰ ਕੇ ਦੇਖੀਏ ਤਾਂ ਕਿਸੇ ਵੀ ਮਨੁੱਖ ਦਾ ਜੀਵਨ ਸਦਾ ਖੁਸ਼ਗਵਾਰ ਜਾਂ ਉਦਾਸ ਨਹੀਂ ਰਹਿੰਦਾ। ਉਤਰਾਵਾਂ-ਚੜ੍ਹਾਵਾਂ ਦੀਆਂ ਲਹਿਰਾਂ ਆਉਂਦੀਆਂ ਰਹਿੰਦੀਆਂ ਹਨ। ਜਦੋਂ ਜੀਵਨ ਵਿਚ ਖੁਸ਼ੀਆਂ ਰੂਪੀ ਗੁਲਾਬ ਖਿੜਦੇ ਹਨ ਤਾਂ ਮਨੁੱਖ ਮੰਤਰ-ਮੁਗਧ ਹੋਇਆ ਆਪਣੇ ਆਲੇ-ਦੁਆਲੇ ਪੱਸਰੀਆਂ ਗਮੀਆਂ ਤੇ ਉਦਾਸੀਆਂ ਤੋਂ ਬਿਲਕੁਲ ਬੇਖਬਰ ਹੋ ਜਾਂਦਾ ਹੈ, ਪਰ ਜਦੋਂ ਗਮਾਂ ਤੇ ਦੁਸ਼ਵਾਰੀਆਂ ਦੇ ਬੱਦਲ ਚੜ੍ਹ ਆਉਂਦੇ ਹਨ ਤਾਂ ਇਸ ਕਦਰ ਉਤੇਜਿਤ ਹੋ ਜਾਂਦਾ ਹੈ ਕਿ ਹੌਸਲਾ ਹਾਰ ਬਹਿੰਦਾ ਹੈ ਤੇ ਕਈ ਵਾਰ ਉਦਾਸੀ ਦੇ ਆਲਮ ਵਿਚ ਖੁਦਕੁਸ਼ੀ ਵਰਗਾ ਸਿਰੇ ਦਾ ਕਦਮ ਚੁੱਕਣ ਦੇ ਰਾਹ ਤੁਰ ਪੈਂਦਾ ਹੈ। ਕਈ ਵਾਰ ਸਮੱਸਿਆ ਏਨੀ ਗੁੰਝਲਦਾਰ ਤੇ ਡਰਾਉਣੀ ਨਹੀਂ ਹੁੰਦੀ, ਕਿ ਉਸ ਦਾ ਕੋਈ ਹੱਲ ਹੀ ਨਾ ਨਿਕਲ ਸਕਦਾ ਹੋਵੇ। ਆਪਣੇ ਮਨ ਨੂੰ ਤਕੜਾ ਕਰਕੇ, ਹੌਸਲੇ ਨਾਲ, ਕਿਸੇ ਭਰਾ-ਭੈਣ, ਰਿਸ਼ਤੇਦਾਰ, ਦੋਸਤ-ਮਿੱਤਰ ਪਿਆਰੇ ਨਾਲ ਮਨ ਦੀ ਗੱਲ ਖੋਲ੍ਹਿਆਂ ਪ੍ਰੇਸ਼ਾਨੀ ਵਿਚੋਂ ਨਿਕਲਣ ਦਾ ਕੋਈ ਰਾਹ ਲੱਭਣ ਦੀਆਂ ਕੋਸ਼ਿਸ਼ਾਂ ਨਾਲ ਕਈ ਵਾਰ ਅਜਿਹਾ ਸਬੱਬ ਬਣ ਜਾਂਦਾ ਹੈ ਕਿ ਆਸ ਦੀ ਕੋਈ ਕਿਰਨ ਦਿਖਾਈ ਦੇਣ ਲੱਗ ਜਾਂਦੀ ਹੈ।

ਕੁਝ ਪਰੇਸ਼ਾਨੀਆਂ ਅਤੇ ਮਾਨਸਿਕ ਤਣਾਓ ਮਨੁੱਖ ਨੇ ਆਪ ਸਹੇੜੇ ਹੋਏ ਹਨ। ਮਨੁੱਖ ਨੂੰ ਬਹੁਤ ਕੁਝ ਹੁੰਦਿਆਂ ਹੋਇਆਂ ਵੀ ਸਬਰ ਜਾਂ ਸੰਤੁਸ਼ਟੀ ਨਹੀਂ। ਹੋਰ-ਹੋਰ ਪ੍ਰਾਪਤ ਕਰਨ ਦੀ ਲਾਲਸਾ ਵਿਚ ਉਹ ਕਈ ਵਾਰ ਸਭ ਹੱਦਾਂ-ਬੰਨੇ ਟੱਪ ਜਾਂਦਾ ਹੈ। ਅਜੋਕੇ ਮਨੁੱਖ ਨੇ ਜੀਵਨ ਦੀਆਂ ਲੋੜਾਂ ਨੂੰ ਏਨਾ ਵਧਾ ਲਿਆ ਹੈ ਕਿ ਇਨ੍ਹਾਂ ਖਾਹਿਸ਼ਾਂ ਦੀ ਪੂਰਤੀ ਲਈ ਉਹ ਹਰ ਜਾਇਜ਼-ਨਜਾਇਜ਼ ਵਸੀਲਾ ਵਰਤ ਕੇ ਧਨ ਪ੍ਰਾਪਤ ਕਰਨ ਦੇ ਰਾਹ ਤੁਰਿਆ ਹੋਇਆ ਹੈ। ਕਈ ਮਨੁੱਖ ਕਰਜ਼ਾ ਚੁੱਕ ਕੇ ਉਸ ਦੀ ਯੋਗ ਵਰਤੋਂ ਨਾ ਕਰਨ ਕਰਕੇ ਸੰਕਟ ਵਿਚ ਫਸ ਜਾਂਦੇ ਹਨ। ਜਦੋਂ ਮਨੁੱਖ ਕਿਸੇ ਗੱਲ ਨੂੰ ਵਿਚਾਰੇ ਬਿਨਾਂ ਆਪਣੇ ਵਸੀਲਿਆਂ ਤੋਂ ਵੱਧ ਖਰਚ ਕਰਨ ਦੇ ਰਾਹ ਤੁਰ ਪਵੇ ਤਾਂ ਨਤੀਜਾ ਤਾਂ ਮਾੜਾ ਹੋਵੇਗਾ ਹੀ।

ਮਿਹਨਤ ਤੇ ਮੁਸ਼ੱਕਤ ਨਾਲ ਲਹੂ-ਪਸੀਨਾ ਇਕ ਕਰਦੇ ਕਿਸਾਨਾਂ ਦੀਆਂ ਲਗਾਤਾਰ ਹੋ ਰਹੀਆਂ ਖੁਦਕੁਸ਼ੀਆਂ ਸੰਵੇਦਨਾ ਨਾਲ ਭਰੇ ਹਰ ਮਨ ਨੂੰ ਵਲੂੰਧਰ ਰਹੀਆਂ ਹਨ। ਕਦੇ ਨਕਲੀ ਬੀਜ, ਕਦੇ ਨਕਲੀ ਦਵਾਈਆਂ, ਕਦੇ ਕੁਦਰਤੀ ਕਰੋਪੀਆਂ ਤੇ ਪਾਲੀ ਫਸਲ ਦਾ ਯੋਗ ਮੁੱਲ ਨਾ ਮਿਲਣ ਵਰਗੇ ਸੰਕਟ ਕਿਸਾਨ ਦਾ ਸਾਹ ਸੂਤ ਲੈਂਦੇ ਹਨ। ਕਰਜ਼ੇ ਦੀਆਂ ਟੁੱਟੀਆਂ ਕਿਸ਼ਤਾਂ, ਵਿਆਹ-ਸ਼ਾਦੀਆਂ ਤੇ ਘਰ-ਪਰਵਾਰ ਦੇ ਅਨੇਕਾਂ ਖਰਚੇ ਪੂਰੇ ਕਰਨ ਦੀਆਂ ਜਮ੍ਹਾਂ-ਤਕਸੀਮਾਂ ਵਿਚ ਉਲਝਿਆ ਧਰਤੀ-ਪੁੱਤਰ ਕਈ ਵਾਰ ਹਾਰ ਜਾਂਦਾ ਹੈ ਤੇ ਫਸਲ ਦੇ ਕੀੜਿਆਂ ਨੂੰ ਮਾਰਨ ਵਾਲੀ ਜ਼ਹਿਰ ਦਾ ਘੁੱਟ ਭਰ ਕੇ ਆਪ ਤਾਂ ਮੁਕਤ ਹੋ ਜਾਂਦਾ ਹੈ, ਪਰ ਆਪਣੇ ਪਰਵਾਰ ਤੇ ਧੀਆਂ-ਪੁੱਤਰਾਂ ਨੂੰ ਗਹਿਰੇ ਦੁੱਖਾਂ-ਦਰਦਾਂ ਦੇ ਥਪੇੜੇ ਖਾਣ ਲਈ ਛੱਡ ਜਾਂਦਾ ਹੈ। ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਕਿਸਾਨੀ ਬਹੁਤ ਬਦਤਰ ਸਥਿਤੀ ਵਿਚ ਹੈ, ਪਰ ਖੁਦਕੁਸ਼ੀ ਵਰਗਾ ਸਿਰੇ ਦਾ ਕਦਮ ਜਿੱਥੇ ਕੁਦਰਤ ਦੇ ਨੇਮਾਂ ਦੀ ਖਿਲਾਫ-ਵਰਜ਼ੀ ਉੱਥੇ ਕਿਸੇ ਮਨੁੱਖ ਵੱਲੋਂ ਦੁਸ਼ਵਾਰੀਆਂ ਦਾ ਸਾਹਮਣਾ ਕਰਨ ਦੀ ਥਾਂ ਜ਼ਿੰਦਗੀ ਅੱਗੇ ਹਾਰ ਜਾਣ ਦੀ ਨਮੋਸ਼ੀ ਦਾ ਸਬੱਬ ਵੀ ਬਣਦਾ ਹੈ। ਇਸ ਰਾਹ ਪਿਆਂ ਕੋਈ ਹੱਲ ਤਾਂ ਕੀ ਨਿਕਲਣਾ ਹੈ, ਸਗੋਂ ਦਰਦਾਂ ਦੀ ਕੁਲਹਿਣੀ ਰਾਤ ਬਹੁਤ ਲੰਮੀ ਹੋ ਜਾਂਦੀ ਹੈ।

ਅਕਸਰ ਹੀ ਸੂਝ-ਸਿਆਣਪ ਤੇ ਸਹਿਣਸ਼ੀਲਤਾ ਦੀ ਘਾਟ ਕਾਰਨ ਗੁੱਸੇ ਤੇ ਉਤੇਜਨਾ ਵਿਚ ਕਈ ਵਾਰ ਪਤੀ-ਪਤਨੀ ਨਿੱਕੀ ਜਿਹੀ ਗੱਲ ਨੂੰ ਗਹਿਰੇ ਤਣਾਓ ਵਿਚ ਬਦਲ ਕੇ ਸੰਕਟ ਵਿਚ ਪੈ ਜਾਂਦੇ ਹਨ। ਤਾਹਨਿਆਂ-ਮਿਹਣਿਆਂ ਤੇ ਵਿਸ਼ਵਾਸ ਦੀ ਤੰਦ ਟੁੱਟਣ ਨਾਲ ਖੁਦਕੁਸ਼ੀ ਵਰਗਾ ਮੂਰਖਾਨਾ ਕਦਮ ਚੁੱਕ ਕੇ ਕਈ ਘਰ ਬਰਬਾਦ ਹੋ ਜਾਂਦੇ ਹਨ। ਨਿੱਤ-ਦਿਨ ਅਤਿ ਦੀਆਂ ਦੁਖਦਾਈ ਘਟਨਾਵਾਂ ਵਾਪਰ ਰਹੀਆਂ ਹਨ। ਬੇਰਹਿਮ ਲੋਕ ਆਪ ਖੁਦਕੁਸ਼ੀ ਕਰਨ ਤੋਂ ਪਹਿਲਾਂ ਆਪਣੇ ਮਾਸੂਮ ਬੱਚਿਆਂ ਨੂੰ ਵੀ ਆਪਣੇ ਹੱਥੀਂ ਜ਼ਹਿਰ ਦੇ ਕੇ ਮਾਰਨ ਦਾ ਦਿਲ-ਦਹਿਲਾਉਣ ਵਾਲਾ ਕਾਰਾ ਕਰ ਜਾਂਦੇ ਹਨ।

ਜੇ ਕੋਈ ਕਿਸੇ ਨੂੰ ਜੀਵਨ ਦੇ ਨਹੀਂ ਸਕਦਾ ਤਾਂ ਕਿਸੇ ਦੀ ਜ਼ਿੰਦਗੀ ਲੈਣ ਦਾ ਵੀ ਉਸ ਨੂੰ ਕੀ ਹੱਕ ਹੈ। ਮਾਪੇ ਤਾਂ ਆਪਣੇ ਬੱਚਿਆਂ ਦੀ ਲੰਮੀ ਉਮਰ ਲਈ ਦੁਆਵਾਂ ਕਰਦੇ ਹਨ, ਪਰ ਮੂਰਖ ਲੋਕ ਆਪਣੇ ਹੱਥੀਂ ਬੱਚਿਆਂ ਨੂੰ ਮਾਰਨ ਦਾ ਜਿਗਰਾ ਪਤਾ ਨਹੀਂ ਕਿਵੇਂ ਕਰ ਲੈਂਦੇ ਹਨ। ਪਰਵਾਰਾਂ ਵੱਲੋਂ ਸਮੂਹਿਕ ਆਤਮ-ਹੱਤਿਆ ਕਰਨ ਦੀਆਂ ਦਰਦਮਈ ਘਟਨਾਵਾਂ ਨਾਲ ਵੀ ਪੂਰਾ ਸਮਾਜ ਦਹਿਲ ਜਾਂਦਾ ਹੈ। ਸੋਸ਼ਲ ਮੀਡੀਆ ਦੀ ਇਸ ਤੋਂ ਵੱਧ ਦੁਰਵਰਤੋਂ ਕੀ ਹੋ ਸਕਦੀ ਹੈ ਕਿ ਹੁਣ ਖੁਦਕੁਸ਼ੀ ਕਰਨ ਵਾਲਾ ਵੀ 'ਲਾਇਵ' ਹੋ ਕੇ ਪਹਿਲਾਂ ਸਮਾਜ ਨੂੰ ਆਪਣਾ ਦਰਦ ਦੱਸਦਾ ਹੈ ਤੇ ਫਿਰ ਮੌਤ ਨੂੰ ਗਲੇ ਲਾ ਲੈਂਦਾ ਹੈ।

ਕਿਹੋ ਜਿਹੇ ਨਿੱਘਰੇ ਸਮਿਆਂ ਵਿਚ ਜੀਅ ਰਹੇ ਹਾਂ ਕਿ ਦਸ-ਬਾਰਾਂ ਸਾਲਾਂ ਦੀ ਉਮਰ ਦੇ ਬੱਚੇ ਵੀ ਮਾਪਿਆਂ ਤੇ ਅਧਿਆਪਕਾਂ ਦੇ ਝਿੜਕਣ 'ਤੇ ਆਤਮ-ਹੱਤਿਆ ਦੇ ਰਾਹ ਤੁਰ ਪੈਂਦੇ ਹਨ। ਜਿਸ ਬੱਚੇ ਨੂੰ ਅਜੇ ਜ਼ਿੰਦਗੀ ਤੇ ਮੌਤ ਦੇ ਅਰਥਾਂ ਦੀ ਵੀ ਸੋਝੀ ਨਹੀਂ ਹੁੰਦੀ, ਉਹ ਖੁਦਕੁਸ਼ੀ ਦੇ ਰਾਹ ਪੈ ਜਾਵੇ ਤਾਂ ਮਨ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਅਸੀਂ ਕਿਹੜੇ ਰਾਹ ਪੈ ਗਏ ਹਾਂ? ਪ੍ਰੀਖਿਆ ਵਿਚ ਅਸਫਲ ਹੋਣ 'ਤੇ ਕਿਸੇ ਬੱਚੇ ਵੱਲੋਂ ਖੁਦਕੁਸ਼ੀ ਕਰਨ ਦੀ ਸੋਚ ਬਹੁਤ ਭਿਆਨਕ ਵਰਤਾਰਾ ਹੈ। ਸਮਾਜ ਵਿਚ ਖੁਦਕੁਸ਼ੀ ਦੇ ਮਾਮਲਿਆਂ: ਦੀ ਗਿਣਤੀ ਲਗਾਤਾਰ ਵਧਣ ਕਾਰਨ ਮਹੌਲ ਏਨਾ ਨਿੱਘਰ ਗਿਆ ਹੈ ਕਿ ਅੱਲ੍ਹੜ ਉਮਰ ਦੇ ਬੱਚੇ ਵੀ ਵੱਡਿਆਂ ਨੂੰ ਦੇਖ ਕੇ ਉਸੇ ਰਾਹ ਤੁਰਦੇ ਜਾ ਰਹੇ ਹਨ। ਸਮਾਜਿਕ ਮਾਨਤਾਵਾਂ ਨੂੰ ਉਲੰਘ ਕੇ ਕਈ ਵਿਆਹੇ-ਵਰ੍ਹੇ ਮਰਦ/ਔਰਤਾਂ ਨਜਾਇਜ਼ ਸੰਬੰਧਾਂ ਕਾਰਨ ਬਦਨਾਮੀ ਦੇ ਡਰੋਂ ਇਕੱਠੇ ਆਤਮਹੱਤਿਆ ਕਰਕੇ ਸਮਾਜ ਨੂੰ ਨਿਘਾਰ ਤੇ ਨਿਰਾਸ਼ਾ ਵੱਲ ਧੱਕ ਰਹੇ ਹਨ। ਜ਼ਿੰਦਗੀ ਦੇ ਸਭ ਸੁੱਖ ਮਾਣਦਿਆਂ ਵੀ ਕਈ ਵਿਅਕਤੀ, ਅਜੋਕੀ ਤਣਾਓਗ੍ਰਸਤ ਜੀਵਨ-ਜਾਚ ਅਤੇ ਅੰਤਰਮੁਖੀ ਵਿਹਾਰ ਕਾਰਨ ਕੀਮਤੀ ਜ਼ਿੰਦਗੀ ਨੂੰ ਭੰਗ ਦੇ ਭਾੜੇ ਗੁਆ ਬਹਿੰਦੇ ਹਨ।

ਕਦੇ ਸੋਚ ਕੇ ਦੇਖੋ ਬੇਹੱਦ ਅਣਮੁੱਲੀ ਤੇ ਖੂਬਸੂਰਤ ਹੈ ਜ਼ਿੰਦਗੀ। ਦੁੱਖ, ਤਕਲੀਫਾਂ, ਸੰਕਟ ਤੇ ਪਰੇਸ਼ਾਨੀਆਂ ਵੀ ਜੀਵਨ ਦਾ ਹਿੱਸਾ ਹਨ ਤੇ ਇਨ੍ਹਾਂ ਵਿੱਚੋਂ ਨਿਕਲਣ ਲਈ ਕੋਈ ਰਾਹ ਤਲਾਸ਼ਣਾ ਹੀ ਸਿਆਣਪ ਹੈ। ਜ਼ਿੰਦਗੀ ਇਕ ਵਾਰ ਹੀ ਮਿਲਣੀ ਹੈ ਤੇ ਕਿਸੇ ਦੁੱਖ ਵਿਚ ਇਸ ਵੱਲ ਪਿੱਠ ਕਰ ਲੈਣੀ ਕੁਦਰਤ ਤੇ ਜ਼ਿੰਦਗੀ ਦੋਵਾਂ ਦਾ ਅਪਮਾਨ ਹੈ।

**# ਸੰਪਰਕ : 98153-56086**

## ਏ ਆਈ ਦਾ ਉਭਾਰ ਮਨੁੱਖ ਦਾ ਸਹਾਇਕ ਜਾਂ ਚੁਣੌਤੀ?

ਰਮਨਦੀਪ ਖੀਵਾ

ਇਕ ਸਮਾਂ ਸੀ ਜਦੋਂ ਕੰਪਿਊਟਰ ਸਿਰਫ਼ ਗਿਣਤੀ ਕਰਨ ਵਾਲੀ ਮਸ਼ੀਨ ਮੰਨੀ ਜਾਂਦੀ ਸੀ, ਪਰ ਹੁਣ ਦਾ ਹਾਲ ਇਹ ਹੈ ਕਿ ਮਸ਼ੀਨ ਸੋਚਣ, ਲਿਖਣ, ਗੱਲਬਾਤ ਕਰਨ ਅਤੇ ਫੈਸਲੇ ਕਰਨ ਸਮਰਥ ਹੋ ਗਈ ਹੈ। ਇਹੀ ਤਕਨਾਲੋਜੀ ਹੈ—ਕ੍ਰਿਤਮ ਬੁੱਧੀ (Artificial Intelligence)—ਜਿਸ ਨੇ ਮਨੁੱਖੀ ਸਮਝ ਤੇ ਵਿਗਿਆਨ ਦੇ ਸਰਹੱਦਾਂ ਨੂੰ ਝੰਜੋੜ ਦਿੱਤਾ ਹੈ, ਪਰ ਸਵਾਲ ਵੱਡਾ ਹੈ—ਕੀ ਇਹ ਤਾਕਤ ਮਨੁੱਖ ਦਾ ਸਹਾਇਕ ਹੈ ਜਾਂ ਭਵਿੱਖ ਦੀ ਚੇਤਾਵਨੀ?

ਏ ਆਈ ਦਾ ਮੂਲ ਸਿਧਾਂਤ ਇਹ ਹੈ ਕਿ ਮਸ਼ੀਨਾਂ ਨੂੰ ਉਹ ਕੰਮ ਸਿਖਾਏ ਜਾਣ, ਜੋ ਸਿਰਫ਼ ਮਨੁੱਖ ਕਰ ਸਕਦਾ ਹੈ, ਜਿਵੇਂ ਤਜਰਬੇ ਤੋਂ ਸਿੱਖਣਾ, ਤਰਕ ਦਿੱਤਾ ਹੋਇਆ ਫੈਸਲਾ ਕਰਨਾ ਤੇ ਨਵੀਂ ਸਥਿਤੀ ਵਿੱਚ ਅਨੁਕੂਲ ਹੋਣਾ।ਜਦੋਂ ਵਿਗਿਆਨੀਆਂ ਨੇ 1956 ਵਿੱਚ ਡਾਰਟਮਥ ਕਾਨਫਰੰਸ "Artificial Intelligence" ਦੀ ਟਰਮ ਦਿੱਤੀ, ਉਸ ਸਮੇਂ ਇਹ ਇੱਕ ਸੁਪਨਾ ਸੀ, ਪਰ ਅੱਜ ਇਹ ਮਨੁੱਖੀ ਜੀਵਨ ਦਾ ਅਟੁੱਟ ਹਿੱਸਾ ਬਣ ਚੁੱਕੀ ਹੈ।

ਅੰਗਰੇਜ਼ੀ ਅਖ਼ਬਾਰ 'The Economist' ਨੇ 2023 ਵਿੱਚ ਲਿਖਿਆ ਸੀ: AI is the electricity of the BAst century." ਅਜਿਹੀ ਤੁਲਨਾ ਛੋਟੀ ਨਹੀਂ। ਬਿਜਲੀ ਨੇ ਜਿਵੇਂ ਉਦਯੋਗਿਕ ਕ੍ਰਾਂਤੀ ਕੀਤੀ, AI ਨੇ ਡਿਜੀਟਲ ਕ੍ਰਾਂਤੀ ਦੀ ਦੂਜੀ ਲਹਿਰ ਖੜ੍ਹੀ ਕਰ ਦਿੱਤੀ ਹੈ। Chatgpt, Gemini, Copilot, Siri ਜਾਂ Alexa — ਇਹ ਸਾਰੇ ਬੁੱਧੀਮਾਨ ਸਹਿਯੋਗੀ ਮਨੁੱਖੀ ਸੰਚਾਰ ਦੇ ਸਾਥੀ ਬਣ ਗਏ ਹਨ।

**ਏ ਆਈ ਨੇ ਕਈ ਖੇਤਰਾਂ ਵਿੱਚ ਮਨੁੱਖੀ ਸਮਰਥਾ ਵਧਾਈ ਹੈ। ਉਦਾਹਰਨ ਲਈ - ਚਿਕਿਤਸਾ** : MRI ਸਕੈਨਾਂ ਵਿੱਚ ਕੈਂਸਰ ਦੀ ਅੱਗੇ ਦੀ ਪਛਾਣ, ਦਵਾਈਆਂ ਦੀ ਨਵੀ ਰਚਨਾ ਤੇ ਮਾਨਸਿਕ ਸਿਹਤ ਵਿਸ਼ਲੇਸ਼ਣ।

**ਖੇਤੀ** : ਡ੍ਰੋਨ ਤੇ AI ਅਧਾਰਤ ਸੈਂਸਰਾਂ ਰਾਹੀਂ ਫਸਲ ਦੀ ਸਿਹਤ ਦਾ ਵਿਸ਼ਲੇਸ਼ਣ ਅਤੇ ਕਿਸਾਨਾਂ ਲਈ ਮੌਸਮੀ ਸੁਝਾਅ।

**ਸਿੱਖਿਆ** : ਵਿਦਿਆਰਥੀ ਅਨੁਸਾਰ ਸਿੱਖਣ ਦੀ ਗਤੀ ਨੂੰ ਜਾਨਣ ਵਾਲੇ Personalized Learning Tools।

**ਵਪਾਰ** : ਡਾਟਾ ਐਨਾਲੇਟਿਕਸ ਰਾਹੀਂ ਗਾਹਕਾਂ ਦੀ ਪਸੰਦ ਦਾ ਅਨੁਮਾਨ, ਜਿਸ ਨਾਲ ਉਤਪਾਦਾਂ ਦੀ ਗੁਣਵੱਤਾ ਤੇ ਵਿਕਰੀ ਦੋਵੇਂ ਵਧੇ।

ਇਹ ਤਕਨਾਲੋਜੀ ਉਹ ਕੰਮ ਕਰ ਸਕਦੀ ਹੈ, ਜੋ ਮਨੁੱਖ ਲਈ ਸਮੇਂ ਤੇ ਲਾਗਤ ਦਿਸ਼ਾ ਦੋਵੇਂ ਵਿੱਚ ਔਖੇ ਹਨ। ਉਦਾਹਰਨ ਵਜੋਂ, ChatGPT ਜਾਂ Midjourney ਵਰਗੇ ਸਿਸਟਮ ਕੁਝ ਸਕਿੰਟਾਂ ਵਿੱਚ ਜਾਣਕਾਰੀ, ਰਚਨਾਤਮਕ ਲਿਖਤਾਂ ਜਾਂ ਚਿੱਤਰ ਪ੍ਰਸਤੁਤ ਕਰ ਸਕਦੇ ਹਨ, ਜਿਹੜੀ ਗੱਲ ਪਹਿਲਾਂ ਘੰਟਿਆਂ ਤੇ ਦਿਨਾਂ ਦੀ ਮਿਹਨਤ ਸੀ, ਪਰ ਜਿੱਥੇ ਹਰ ਤਕਨਾਲੋਜੀ ਸੁਵਿਧਾ ਲਿਆਉਂਦੀ ਹੈ, ਓਥੇ ਕੁਝ ਚਿੰਤਾਵਾਂ ਵੀ ਜੰਮਦੀਆਂ ਹਨ।

McKinsey Global Institute ਦੀ 2024 ਦੀ ਰਿਪੋਰਟ ਅਨੁਸਾਰ, AI ਕਾਰਨ ਆਉਣ ਵਾਲੇ ਪੰਜ ਸਾਲਾਂ ਵਿੱਚ ਲਗਭਗ 400 ਮਿਲੀਅਨ ਨੌਕਰੀਆਂ 'ਤੇ ਅਸਰ ਪੈ ਸਕਦਾ ਹੈ। ਡਾਟਾ ਐਂਟਰੀ, ਕਾਲ ਸੈਂਟਰ, ਖਾਤਾ ਪ੍ਰੋਸੈਸਿੰਗ ਤੇ ਮੀਡੀਆ ਲਿਖਤ — ਇਹ ਖੇਤਰ ਸਭ ਤੋਂ ਜ਼ਿਆਦਾ ਪ੍ਰਭਾਵਤ ਹੋਣਗੇ।

ਇਕ ਪਾਸੇ ਇਹ ਕੰਮ ਖ਼ਤਮ ਹੋ ਰਹੇ ਹਨ, ਦੂਜੇ ਪਾਸੇ ਨਵੇਂ ਖੇਤਰ ਬਣ ਰਹੇ ਹਨ, ਜਿਵੇਂ AI ਮਾਡਲ ਟ੍ਰੇਨਰ, ਡਾਟਾ ਨਿਗਰਾਨ, ਇਥੀਕਲ ਇੰਜੀਨੀਅਰ ਆਦਿ। ਮਤਲਬ ਇਹ ਇੱਕ ਚੁਣੌਤੀ ਹੈ, ਪਰ ਮੌਕੇ ਵੀ ਹਨ। ਜਿਹੜੇ ਸਿੱਖਣ ਤੇ ਢਲਣ ਲਈ ਤਿਆਰ ਹਨ, ਉਹਨਾਂ ਲਈ ਭਵਿੱਖ ਸੋਨੇ ਵਰਗਾ ਹੈ।

ਏ ਆਈ ਨਾਲ ਸਿਰਫ਼ ਰੁਜ਼ਗਾਰ ਨਹੀਂ, ਮਨੁੱਖੀ ਨੈਤਿਕਤਾ ਤੇ ਸਵਾਲ ਵੀ ਜੁੜੇ ਹਨ, ਜਿਵੇਂ ਜੇਕਰ ਇਕ ਰੋਬੋਟ ਹਸਪਤਾਲ ਵਿੱਚ ਮਰੀਜ਼ ਦਾ ਫੈਸਲਾ ਕਰਦਾ ਹੈ ਕਿ ਉਸ ਨੂੰ ਕਿਹੜੀ ਦਵਾਈ ਚਾਹੀਦੀ ਹੈ ਅਤੇ ਕੋਈ ਗਲਤੀ ਹੋ ਜਾਂਦੀ ਹੈ ਤਾਂ ਜ਼ਿੰਮੇਵਾਰ ਕੌਣ? ਮਸ਼ੀਨ ਜਾਂ ਮਨੁੱਖ?

ਇੱਕ ਹੋਰ ਚਿੰਤਾ ਇਹ ਹੈ ਕਿ ਮਸ਼ੀਨ ਦੇ ਫ਼ੈਸਲੇ ਵਿੱਚ ਕਿਸ ਕਿਸਮ ਦੀ ਪੱਖਪਾਤੀ (bias) ਛੁਪੀ ਹੋ ਸਕਦੀ ਹੈ। AI ਪ੍ਰਣਾਲੀਆਂ ਡਾਟਾ 'ਤੇ ਆਧਾਰਤ ਕੰਮ ਕਰਦੀਆਂ ਹਨ। ਜੇਕਰ ਡਾਟਾ ਹੀ ਤਰੜਿਆ ਹੈ, ਤਾਂ ਨਤੀਜੇ ਵੀ ਤਰੜੇ ਹੋਣਗੇ। ਇਸ ਲਈ AI Ethics ਦਾ ਖੇਤਰ ਹੁਣ ਵਿਗਿਆਨ ਨਾਲੋਂ ਵੱਡੀ ਚਰਚਾ ਬਣ ਚੁੱਕਾ ਹੈ।

ਏ ਆਈ ਮਨੁੱਖੀ ਤਰਕ ਨੂੰ ਕਾਫ਼ੀ ਹੱਦ ਤੱਕ ਨਕਲ ਕਰ ਸਕਦੀ ਹੈ, ਪਰ ਭਾਵਨਾ ਨਹੀਂ। ਮਸ਼ੀਨ ਨੂੰ ਦਿਲ ਦੀ ਸਮਝ ਨਹੀਂ ਹੁੰਦੀ। ਉਹ 'ਕਰਨ' ਜਾਣਦੀ ਹੈ, 'ਮਹਿਸੂਸ' ਨਹੀਂ ਕਰਦੀ। ਇਸੇ ਲਈ ਮਨੁੱਖੀ ਅਸਤਿਤਵ ਦੀ ਖਾਸੀਅਤ ਹਾਲੇ ਵੀ ਨਿਵੇਕਲੀ ਹੈ।

ਉਦਾਹਰਨ ਲਈ, ਇੱਕ AI ਪੇਂਟਰ ਚਿੱਤਰ ਬਣਾ ਸਕਦਾ ਹੈ, ਪਰ ਉਸ ਚਿੱਤਰ ਦੀ ਪ੍ਰੇਰਨਾ ਤੇ ਸੰਵੇਦਨਾ ਨੂੰ ਮਹਿਸੂਸ ਨਹੀਂ ਕਰ ਸਕਦਾ। ਉਹ ਰਚਨਾ ਦਾ ਤਰੀਕਾ ਜਾਣਦਾ ਹੈ, ਰੂਹ ਨਹੀਂ। ਇਹ ਵਿਸ਼ੇਸ਼ਤਾ ਹੀ ਮਨੁੱਖ ਨੂੰ ਅਦੁੱਤੀ ਬਣਾਉਂਦੀ ਹੈ।

ਦਾਰਸ਼ਨਿਕ ਮਾਰਟਿਨ ਹਾਈਡੇਗਰ ਨੇ ਕਿਹਾ ਸੀ — ਮਨੁੱਖ ਸਿਰਫ਼ ਤਕਨੀਕੀ ਜੀਵ ਨਹੀਂ, ਉਹ ਅਰਥ ਖੋਜਣ ਵਾਲਾ ਜੀਵ ਹੈ। ਏ ਆਈ ਅਰਥ ਨਹੀਂ ਖੋਜਦੀ, ਸਿਰਫ਼ ਹੱਲ ਖੋਜਦੀ ਹੈ।

ਸਿੱਖਿਆ ਖੇਤਰ ਵਿੱਚ AI ਨੇ ਅਸੀਮ ਸੰਭਾਵਨਾਵਾਂ ਖੋਲ੍ਹੀਆਂ ਹਨ। ਹੁਣ ਵਿਦਿਆਰਥੀ ਆਪਣੀ ਰਫ਼ਤਾਰ ਅਨੁਸਾਰ ਸਿੱਖ ਸਕਦੇ ਹਨ; ਮਸ਼ੀਨ ਉਸ ਦੀ ਕਮਜ਼ੋਰੀ ਪਹਿਚਾਣ ਕਿ ਵਿਸ਼ੇਸ਼ ਅਭਿਆਸ ਦਿੰਦੀ ਹੈ। ਰਿਮੋਟ ਸਿੱਖਣ ਨੇ ਪਿੰਡਾਂ ਤੱਕ ਗਿਆਨ ਦੀ ਲਹਿਰ ਪਹੁੰਚਾਈ ਹੈ, ਪਰ ਚੁਣੌਤੀ ਇਹ ਵੀ ਹੈ ਕਿ ਜਦ ਮਨੁੱਖ ਹੌਲੇ-ਹੌਲੇ ਸੋਚਣ ਦੀ ਆਦਤ ਛੱਡ ਦੇਵੇ ਤੇ ਹਰ ਸਵਾਲ ਦਾ ਜਵਾਬ ChatGPT ਜਾਂ AI ਟਿਊਟਰ ਤੋਂ ਲਵੇ, ਤਾਂ ਮੂਲ ਗਿਆਨ-ਜਗਿਆਸਾ ਘੱਟ ਹੋ ਸਕਦੀ ਹੈ। AI ਸਹਾਇਕ ਹੋ ਸਕਦਾ ਹੈ, ਪਰ ਸਿੱਖਣ ਦਾ ਸਾਰ ਨਹੀਂ ਬਣ ਸਕਦਾ।

ਟੈਸਲਾ ਤੇ SpaceX ਦੇ CEO ਐਲਨ ਮਸਕ ਕਈ ਵਾਰ ਚੇਤਾਵਨੀ ਦੇ ਚੁੱਕੇ ਹਨ ਕਿ ਬਿਨਾਂ ਨੈਤਿਕ ਨਿਯਮਾਂ ਦੇ AI ਮਨੁੱਖਤਾ ਲਈ ਪਰਮਾਣੂ ਹਥਿਆਰਾਂ ਨਾਲੋਂ ਵੱਡਾ ਖਤਰਾ ਹੋ ਸਕਦਾ ਹੈ। ਇਸ ਦੇ ਉਲਟ ਗੂਗਲ ਦੇ ਸੁੰਦਰ ਪਿਚਾਈ ਕਹਿੰਦੇ ਹਨ —AI ਇਨਸਾਨੀ ਵਿਕਾਸ ਦਾ ਸਭ ਤੋਂ ਵੱਡਾ ਮੋੜ ਹੈ, ਜੇਕਰ ਇਸ ਨੂੰ ਸਹੀ ਨਿਯਮਾਂ ਵਿੱਚ ਲਿਆਂਦਾ ਜਾਵੇ।

ਇਹ ਦੋ ਦ੍ਰਿਸ਼ਟੀਕੋਣ ਸਾਨੂੰ ਦੋ ਚੋਣਾਂ ਦਿਖਾਉਂਦੇ ਹਨ —ਡਰ ਅਤੇ ਦ੍ਰਿਸ਼ਟੀ। ਜਿਹੜਾ ਸਮਾਜ ਡਰੇਗਾ, ਉਹ ਪਿਛੜੇਗਾ; ਜਿਹੜਾ ਸਿੱਖੇਗਾ, ਉਹ ਅਗਵਾਈ ਕਰੇਗਾ।

ਭਵਿੱਖ ਦੀ ਦੁਨੀਆ "Collaborative Intelligence" ਦੀ ਹੋਵੇਗੀ, ਜਿੱਥੇ ਮਨੁੱਖ ਅਤੇ ਮਸ਼ੀਨ ਇਕੱਠੇ ਕੰਮ ਕਰਨਗੇ। ਮਸ਼ੀਨ ਸਪੀਡ, ਡਾਟਾ ਅਤੇ ਨਿਰਵਿਘਨਤਾ ਦੇ ਨਾਲ ਯੋਗਦਾਨ ਦੇਵੇਗੀ ਅਤੇ ਮਨੁੱਖ ਭਾਵਨਾ, ਨੈਤਿਕਤਾ ਤੇ ਰਚਨਾਤਮਕ ਦ੍ਰਿਸ਼ਟੀ ਨਾਲ।

ਉਦਾਹਰਨ ਲਈ ਸਿਹਤ ਸੇਵਾਵਾਂ ਵਿੱਚ ਡਾਕਟਰ ਏ ਆਈ ਦੇ ਵਿਸ਼ਲੇਸ਼ਣ ਨਾਲ ਵਧੀਆ ਨਤੀਜੇ ਪਾਉਂਦੇ ਹਨ, ਪਰ ਅੰਤਮ ਫ਼ੈਸਲਾ ਉਹ ਮਰੀਜ਼ ਦੇ ਚਿਹਰੇ ਦੀ ਪੀੜਾ ਦੇਖ ਕੇ ਕਰਦੇ ਹਨ।ਏ ਆਈ ਵਿਗਿਆਨ ਦਾ ਪਹੀਆ ਚਲਾਉਂਦੀ ਹੈ, ਪਰ ਮਨੁੱਖ ਉਸ ਨੂੰ ਦਿਸ਼ਾ ਦਿੰਦਾ ਹੈ।

2025 ਵਿੱਚ ਯੂਨੇਸਕੋ ਨੇ "AI Ethics Charter" ਜਾਰੀ ਕੀਤਾ ਸੀ, ਜਿਸ ਦੇ ਤਹਿਤ ਸਾਰੇ ਦੇਸ਼ਾਂ ਨੂੰ ਤਿੰਨ ਮੁੱਖ ਸਿਧਾਂਤਾਂ ਦੀ ਪਾਲਣਾ ਕਰਨ ਲਈ ਕਿਹਾ ਗਿਆ —

1. ਏ ਆਈ ਮਨੁੱਖੀ ਅਧਿਕਾਰਾਂ ਦਾ ਸਤਿਕਾਰ ਕਰੇ।
2. ਡਾਟਾ ਦੀ ਸੁਚਿੱਤਾ ਤੇ ਪਾਰਦਰਸ਼ਤਾ ਲਾਜ਼ਮੀ ਹੋਵੇ।
3. ਹਰ ਏ ਆਈ ਫ਼ੈਸਲੇ ਦਾ ਜ਼ਿੰਮੇਵਾਰ ਮਨੁੱਖ ਹੋਵੇ।

ਇਹ ਚਰਚਾ ਇਹ ਦਰਸਾਉਂਦੀ ਹੈ ਕਿ ਦੁਨੀਆ ਹੁਣ ਤਕਨੀਕੀ ਨਹੀਂ, ਸੰਵੇਦਨਸ਼ੀਲ ਮਸ਼ੀਨ ਯੁੱਗ ਵਿੱਚ ਦਾਖਲ ਹੋ ਰਹੀ ਹੈ। ਸਾਡੀ ਨੀਤੀ ਤੇ ਨੈਤਿਕ ਦ੍ਰਿਸ਼ਟੀ ਜਿੰਨੀ ਮਜ਼ਬੂਤ ਹੋਵੇਗੀ, ਓਨਾ ਹੀ ਮਨੁੱਖੀ ਭਵਿੱਖ ਸੁਰੱਖਿਅਤ ਰਹੇਗਾ।

ਏ ਆਈ ਦਾ ਉਭਾਰ ਰੋਕਿਆ ਨਹੀਂ ਜਾ ਸਕਦਾ; ਇਹ ਮਨੁੱਖੀ ਸੰਕਲਪ ਦਾ ਸਿੱਟਾ ਹੈ। ਪ੍ਰਸ਼ਨ ਇਹ ਨਹੀਂ ਕਿ ਮਸ਼ੀਨ ਮਨੁੱਖ ਦੀ ਜਗ੍ਹਾ ਲਵੇਗੀ ਜਾਂ ਨਹੀਂ, ਸਵਾਲ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਇਸ ਤਬਦੀਲੀ ਨਾਲ ਕਿਵੇਂ ਜੋੜਦੇ ਹਾਂ।

ਭਵਿੱਖ ਦੇ ਵਿਅਕਤੀ-ਸਮਾਜ ਦੀ ਸੱਚੀ ਕਾਮਯਾਬੀ ਇਹੀ ਹੋਵੇਗੀ ਕਿ ਉਹ ਤਕਨਾਲੋਜੀ ਨੂੰ ਗੁਲਾਮ ਨਹੀਂ, ਦੋਸਤ ਬਣਾਈ ਰੱਖੇ। ਏ ਆਈ ਦਾ ਮਕਸਦ ਮਨੁੱਖੀ ਅਸਥਿਤੀ ਨੂੰ ਘਟਾਉਣਾ ਨਹੀਂ, ਉਸ ਦੀ ਕਦਰ ਵਧਾਉਣਾ ਹੈ। ਪਰ ਇਹ ਉਹਨਾਂ ਹੱਥਾਂ ਤੇ ਮਨਾਂ 'ਤੇ ਨਿਰਭਰ ਹੈ, ਜੋ ਇਸ ਨੂੰ ਬਣਾਉਂਦੇ ਹਨ।

ਆਓ, ਮਸ਼ੀਨਾਂ ਨੂੰ ਬੁੱਧੀ ਸਿਖਾਉਂਦੇ ਹੋਏ ਆਪਣੇ ਆਪ ਨੂੰ ਮਨੁੱਖਤਾ ਦੀ ਯਾਦ ਦਿਵਾਉਂਦੇ ਰਹੀਏ, ਕਿਉਂਕਿ ਅਸਲ ਬੁੱਧੀ ਉਹੀ ਹੈ, ਜੋ ਵਿਕਾਸ ਦੇ ਨਾਲ ਦਇਆ ਨੂੰ ਨਹੀਂ ਭੁੱਲਦੀ।

**# ਸੰਪਰਕ : 84378-13558**

# ਪੰਜਾਬ ਪੁਲਸ ਨੇ ਨਵੀਨ ਅਰੋੜਾ ਕਤਲ ਮਾਮਲੇ ਦਾ ਮੁੱਖ ਦੋਸ਼ੀ ਕੀਤਾ ਢੇਰ

**ਧੁੰਦ ਦਾ ਫਾਇਦਾ ਚੁੱਕ ਦੋ ਮੁਲਜ਼ਮ ਫਰਾਰ : ਡੀਆਈਜੀ**



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**

ਪੰਜਾਬ ਪੁਲਸ ਵੱਲੋਂ ਵੱਡੀ ਸਫਲਤਾ ਹਾਸਲ ਕਰਦਿਆਂ ਨਵੀਨ ਅਰੋੜਾ ਕਤਲ ਕੇਸ ਦੇ ਮੁੱਖ ਦੋਸ਼ੀ, ਜਿਸਦੀ ਪਛਾਣ ਬਾਦਲ ਵਾਸੀ ਬਸਤੀ ਭੱਟੀਆਂ ਵਜੋਂ ਹੋਈ ਹੈ, ਨੂੰ ਪਿੰਡ ਮਹਾਮੁਜੋਹੀਆ ਵਿਖੇ ਪੁਲਿਸ ਪਾਰਟੀ ਤੇ ਉਸਦੇ ਸਾਥੀਆਂ ਦਰਮਿਆਨ ਹੋਈ ਗੋਲੀਬਾਰੀ ਦੌਰਾਨ ਢੇਰ ਕਰ ਦਿੱਤਾ ਗਿਆ ਹੈ।

ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀਆਈਜੀ) ਫਿਰੋਜ਼ਪੁਰ ਰੇਂਜ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਫਿਰੋਜ਼ਪੁਰ ਪੁਲਸ ਨੇ ਬੁੱਧਵਾਰ ਨੂੰ ਸ਼ੱਕੀ ਬਾਦਲ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਪੁੱਛਗਿੱਛ ਦੌਰਾਨ ਉਸਨੇ ਆਪਣੇ ਦੋ ਸਾਥੀਆਂ ਰਾਜੂ ਅਤੇ ਸੋਨੂੰ ਬਾਰੇ ਜਾਣਕਾਰੀ ਦਿੱਤੀ, ਜਿਨ੍ਹਾਂ ਉਸ ਨੂੰ ਵੀਰਵਾਰ ਸਵੇਰੇ 5 ਵਜੇ ਦੇ ਕਰੀਬ ਪਿੰਡ ਮਹਾਮੁਜੋਹੀਆ, ਜਿੱਥੇ ਬਾਦਲ ਨੇ ਹਥਿਆਰ ਲੁਕਾਉਣ ਦਾ ਵੀ ਦਾਅਵਾ ਕੀਤਾ ਸੀ, ਦੇ ਟੋਲ ਪਲਾਜ਼ਾ ਨੇੜੇ ਸਥਿਤ ਸ਼ਮਸ਼ਾਨਘਾਟ ਕੋਲੋਂ ਫਰਾਰ ਕਰਵਾ ਕੇ ਰਾਜਸਥਾਨ ਲੈ ਕੇ ਜਾਣਾ ਸੀ।

ਉਨ੍ਹਾਂ ਦੱਸਿਆ ਕਿ ਬਾਦਲ ਦੇ ਖੁਲਾਸੇ 'ਤੇ ਪੁਲਸ ਟੀਮ ਉਸ ਨੂੰ ਸ਼ਮਸ਼ਾਨਘਾਟ ਜਿੱਥੇ ਬਾਦਲ ਦੇ ਦੋ ਸਾਥੀ ਲੁਕੇ ਹੋਏ ਸਨ, ਲੈ ਜਾ ਰਹੀ ਸੀ ਤੇ ਪੁਲਸ ਪਾਰਟੀ ਨੂੰ ਵੇਖਦਿਆਂ ਹੀ ਉਨ੍ਹਾਂ ਨੇ ਬਾਦਲ ਨੂੰ ਛੁਡਾਉਣ ਦੇ ਇਰਾਦੇ ਨਾਲ ਪੁਲਸ ਮੁਲਾਜ਼ਮਾਂ 'ਤੇ ਗੋਲੀਆਂ ਚਲਾ ਦਿੱਤੀਆਂ।ਉਨ੍ਹਾਂ ਦੱਸਿਆ ਕਿ ਪੁਲਿਸ ਨੇ ਵੀ ਸਵੈ-ਰੱਖਿਆ ਵਿੱਚ ਜਵਾਬੀ ਕਾਰਵਾਈ ਕੀਤੀ।ਉਨ੍ਹਾਂ ਦੱਸਿਆ ਕਿ ਜਵਾਬੀ ਕਾਰਵਾਈ ਦੌਰਾਨ ਦੋਸ਼ੀ ਬਾਦਲ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹੋ ਗਿਆ। ਇਲਾਜ ਲਈ ਉਸ ਨੂੰ ਹਸਪਤਾਲ ਲਿਜਾਇਆ ਗਿਆ ਸੀ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।ਜਾਣਕਾਰੀ ਅਨੁਸਾਰ, ਫਿਰੋਜ਼ਪੁਰ ਪੁਲਿਸ ਨੇ ਨਵੀਨ ਅਰੋੜਾ ਦੇ ਕਤਲ ਦੇ ਸਬੰਧ ਵਿੱਚ ਪਹਿਲਾਂ ਹੀ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਨ੍ਹਾਂ ਦੀ ਪਛਾਣ ਹਰਸ਼, ਕੰਨਵ ਤੇ ਗੁਰਸਿਮਰਨ ਸਿੰਘ ਉਰਫ਼ ਜਤਿਨ ਉਰਫ਼ ਕਾਲੀ ਵਜੋਂ ਹੋਈ ਹੈ ਅਤੇ ਇਹ ਸਾਰੇ ਦੋਸ਼ੀ ਫਿਰੋਜ਼ਪੁਰ ਦੇ ਬਸਤੀ ਭੱਟੀਆਂ ਦੇ ਰਹਿਣ ਵਾਲੇ ਹਨ।

ਦੱਸਣਯੋਗ ਹੈ ਕਿ 15 ਨਵੰਬਰ ਨੂੰ ਨਵੀਨ ਅਰੋੜਾ ਦਾ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।ਸੀਨੀਅਰ ਸੁਪਰਡੈਂਟ ਆਫ ਪੁਲਿਸ (ਐਸਐਸਪੀ) ਫ਼ਿਰੋਜ਼ਪੁਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਕਤਲ ਤੋਂ ਤੁਰੰਤ ਬਾਅਦ ਦੋਸ਼ੀਆਂ ਦਾ ਪਤਾ ਲਾਉਣ ਲਈ ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਸਨ।ਤਕਨੀਕੀ ਤੇ ਮਨੁੱਖੀ ਖੁਫੀਆ ਜਾਣਕਾਰੀ, ਸੀਸੀਟੀਵੀ ਫੁਟੇਜ ਤੇ ਗਵਾਹਾਂ ਦੇ ਬਿਆਨਾਂ ਜ਼ਰੀਏ ਪੁਲਿਸ ਟੀਮਾਂ ਨੇ ਕਤਲ ਵਿੱਚ ਸ਼ਾਮਲ ਸ਼ੱਕੀਆਂ ਦੀ ਪਛਾਣ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ।ਉਨ੍ਹਾਂ ਦੱਸਿਆ ਕਿ ਗੋਲੀਬਾਰੀ ਦੌਰਾਨ ਹੈੱਡ ਕਾਂਸਟੇਬਲ ਬਲੌਰ ਸਿੰਘ ਵੀ ਜ਼ਖ਼ਮੀ ਹੋ ਗਿਆ ਤੇ ਇੱਕ ਗੋਲੀ ਕਾਂਸਟੇਬਲ ਗੁਰਮੀਤ ਸਿੰਘ ਦੀ ਬੁਲੇਟ-ਪਰੂਫ ਜੈਕੇਟ ਵਿੱਚ ਲੱਗੀ।ਉਨ੍ਹਾਂ ਅੱਗੇ ਦੱਸਿਆ ਕਿ ਸੰਘਣੀ ਧੁੰਦ ਅਤੇ ਹਨੇਰੇ ਦਾ ਫਾਇਦਾ ਉਠਾਉਂਦਿਆਂ ਦੋ ਅਣਪਛਾਤੇ ਹਮਲਾਵਰ ਭੱਜਣ ਵਿੱਚ ਕਾਮਯਾਬ ਹੋ ਗਏ।ਐਸਐਸਪੀ ਨੇ ਦੱਸਿਆ ਕਿ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ ਤੇ ਟੀਮਾਂ ਵੱਲੋਂ ਬਾਕੀ ਮੁਲਜ਼ਮਾਂ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਹਮਖਿਆਲ ਪਾਰਟੀਆਂ ਨਾਲ ਮਿਲ ਕੇ ਲੜੀਆਂ ਜਾਣਗੀਆਂ ਸੰਮਤੀ ਤੇ ਪ੍ਰੀਸ਼ਦ ਚੋਣਾਂ : ਅਰਸ਼ੀ

**ਸੀ ਪੀ ਆਈ ਦੀ ਜ਼ਿਲ੍ਹਾ ਫਰੀਦਕੋਟ ਕਾਨਫਰੰਸ ਅੱਜ**



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਦੀਆਂ ਤਿੰਨੇ ਤਹਿਸੀਲਾਂ ਦੀਆਂ ਕਾਨਫਰੰਸਾਂ ਦੀ ਸਫ਼ਲਤਾ ਤੋਂ ਬਾਅਦ ਹੁਣ ਜ਼ਿਲ੍ਹਾ ਕਾਨਫਰੰਸ 29 ਨਵੰਬਰ ਨੂੰ 11 ਵਜੇ ਸ਼ਹੀਦ ਕਾਮਰੇਡ ਅਮੋਲਕ ਭਵਨ ਵਿਖੇ ਹੋਣ ਜਾ ਰਹੀ ਹੈ।ਇਹ ਕਾਨਫਰੰਸ ਦੋ ਸੀਨੀਅਰ ਸੂਬਾਈ ਆਗੂਆਂ, ਕਾਮਰੇਡ ਹਰਦੇਵ ਸਿੰਘ ਅਰਸ਼ੀ ਤੇ ਬੀਬੀ ਦੇਵੀ ਕੁਮਾਰੀ ਦੀ ਨਿਗਰਾਨੀ ਹੇਠ ਹੋਵੇਗੀ।ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਤੇ ਮੀਤ ਸਕੱਤਰ ਕਾਮਰੇਡ ਗੁਰਨਾਮ ਸਿੰਘ ਨੇ ਦੱਸਿਆ ਕਿ ਕਾਨਫਰੰਸ ਦੀ ਸ਼ੁਰੂਆਤ ਬਜ਼ੁਰਗ ਕਾਮਰੇਡ ਸੁਖਦਰਸ਼ਨ ਸ਼ਰਮਾ ਵੱਲੋਂ ਪਾਰਟੀ ਦਾ ਝੰਡਾ ਲਹਿਰਾਉਣ ਨਾਲ ਕੀਤੀ ਜਾਵੇਗੀ।ਇਸ ਮੌਕੇ ਜ਼ਿਲ੍ਹੇ ਦੇ ਹੋਰ ਬਜ਼ੁਰਗ ਕਾਮਰੇਡ ਵੀ ਹਾਜ਼ਰ ਰਹਿਣਗੇ।ਬੀਬੀ ਦੇਵੀ ਕੁਮਾਰੀ ਵੱਲੋਂ ਉਦਘਾਟਨੀ ਭਾਸ਼ਣ ਦਿੱਤਾ ਜਾਵੇਗਾ।ਕਾਮਰੇਡ ਹਰਦੇਵ ਸਿੰਘ ਅਰਸ਼ੀ ਦੇਸ਼ ਅਤੇ ਸੂਬੇ ਦੇ ਹਾਲਾਤ ਬਾਰੇ ਚਾਨਣਾ ਪਾਉਣਗੇ।ਜ਼ਿਲ੍ਹਾ ਸਕੱਤਰ ਵੱਲੋਂ ਪਿਛਲੇ ਤਿੰਨ ਸਾਲ ਦੌਰਾਨ ਜ਼ਿਲ੍ਹਾ ਪਾਰਟੀ ਦੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ ਜਾਵੇਗੀ, ਜਿਸ 'ਤੇ ਹਾਜ਼ਰ ਡੈਲੀਗੇਟ ਬਹਿਸ ਵਿੱਚ ਹਿੱਸਾ ਲੈਣਗੇ।

ਰਿਪੋਰਟ ਤੇ ਬਹਿਸ ਉਪਰੰਤ ਜ਼ਿਲ੍ਹਾ ਸਕੱਤਰ ਆਪਣੀ ਟੀਮ ਸਮੇਤ ਅਸਤੀਫ਼ਾ ਦੇ ਕੇ ਨਵੀਂ ਚੋਣ ਲਈ ਰਾਹ ਪੱਧਰਾ ਕਰਨਗੇ।ਨਵੀਂ ਚੁਣੀ ਜ਼ਿਲ੍ਹਾ ਕੌਂਸਲ ਮੌਕੇ 'ਤੇ ਹੀ ਆਪਣੀ ਮੀਟਿੰਗ ਕਰਕੇ ਨਵੇਂ ਜ਼ਿਲ੍ਹਾ ਸਕੱਤਰ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਕਰੇਗੀ।ਕਾਨਫਰੰਸ ਦੀ ਤਿਆਰੀ ਲਈ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸ਼ੀ ਨੇ ਕਿਹਾ ਕਿ ਕਮਿਊਨਿਸਟ ਪਾਰਟੀ ਆ ਰਹੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਹਮਖਿਆਲ ਪਾਰਟੀਆਂ ਨਾਲ ਮਿਲ ਕੇ ਆਪਣੇ ਪ੍ਰਭਾਵ ਵਾਲੇ ਹਲਕਿਆਂ ਵਿੱਚ ਉਮੀਦਵਾਰ ਖੜੇ ਕਰੇਗੀ।

## ਬੱਸਾਂ ਦਾ ਪਹਿਲਾ ਜੱਥਾ ਪਿੰਡ ਲੋਹਗੜ੍ਹ, ਅਮਲਾ ਸਿੰਘ ਵਾਲਾ ਤੋਂ ਰਵਾਨਾ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਖੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਲਈ ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀਆਂ ਬੱਸਾਂ ਦਾ ਬੈਚ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।

ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀ ਟੀ ਬੈਨਿਥ ਵੱਲੋਂ ਦੱਸਿਆ ਕਿ ਸ਼ਰਧਾਲੂਆਂ ਨੂੰ ਪਿੰਡ ਲੋਹਗੜ੍ਹ, ਅਮਲਾ ਸਿੰਘ ਵਾਲਾ ਤੋਂ ਰਵਾਨਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਸਥਲ, ਜਲ੍ਹਿਆਂਵਾਲਾ ਬਾਗ, ਪਾਰਟਿਸ਼ਨ ਮਿਊਜ਼ੀਅਮ ਤੇ ਅੰਮ੍ਰਿਤਸਰ ਦੇ ਹੋਰ ਧਾਰਮਿਕ ਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਾਏ ਜਾਣਗੇ।ਇਹ ਯੋਜਨਾ ਸਾਰੀਆਂ ਜਾਤਾਂ, ਧਰਮਾਂ, ਆਮਦਨ ਵਰਗਾਂ ਤੇ ਹਰ ਖਿੱਤੇ ਨਾਲ ਸਬੰਧਤ ਲੋਕਾਂ ਲਈ ਹੈ।ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਸ਼ਰਧਾਲੂਆਂ ਲਈ ਤਿੰਨ ਦਿਨ ਤੇ ਦੋ ਰਾਤਾਂ ਦੀ ਮੁਫ਼ਤ ਠਹਿਰ ਲਈ ਪ੍ਰਬੰਧ ਕੀਤੇ ਹਨ।ਉਨ੍ਹਾਂ ਕਿਹਾ ਕਿ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸ਼ਰਧਾਲੂਆਂ ਨੂੰ ਯਾਤਰਾ ਲਈ ਰਜਿਸਟਰ ਕੀਤਾ ਗਿਆ ਹੈ।

ਸ਼ਰਧਾਲੂਆਂ ਨੂੰ ਏ ਸੀ ਬੱਸਾਂ, ਏ.ਸੀ ਹੋਟਲ ਰਿਹਾਇਸ਼ ਤੇ ਖਾਣਾ ਮੁਫ਼ਤ ਪ੍ਰਦਾਨ ਕੀਤਾ ਜਾਵੇਗਾ। ਹਰੇਕ ਬੱਸ ਵਿੱਚ ਯਾਤਰੀਆਂ ਦੀ ਸਹਾਇਤਾ ਲਈ ਇੱਕ ਸਹਾਇਕ ਹੈ ਤੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਮੈਡੀਕਲ ਟੀਮ ਵੀ ਸ਼ਰਧਾਲੂਆਂ ਦੇ ਨਾਲ ਭੇਜੀ ਗਈ ਹੈ।

# ਪਾਵਰਕਾਮ ਦੀਆਂ ਜਾਇਦਾਦਾਂ ਵੇਚਣ ਸਮੇਤ ਇੰਜਨੀਅਰਾਂ ਦੀ ਮੁਅੱਤਲੀ ਖਿਲਾਫ਼ ਭਖੇ ਇੰਜਨੀਅਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਾਵਰਕਾਮ ਤੇ ਟਰਾਂਸਕੋ ਦੇ ਇੰਜੀਨੀਅਰਾਂ ਵੱਲੋਂ ਪਾਵਰਕਾਮ ਦੀਆਂ ਜਾਇਦਾਦਾਂ ਵੇਚਣ ਸਮੇਤ ਚੀਫ਼ ਇੰਜੀਨੀਅਰ ਤੇ ਡਾਇਰੈਕਟਰ ਜਨਰੇਸ਼ਨ ਦੀ ਮੁਅੱਤਲੀ ਖਿਲਾਫ਼ ਵਿਰੋਧ ਪ੍ਰਗਟਾਉਂਦਿਆਂ ਅਧਿਕਾਰਤ ਵਟਸਅਪ ਗਰੁੱਪਾਂ 'ਚੋਂ ਖੁਦ ਨੂੰ ਵੱਖ ਕਰ ਲਿਆ ਹੈ।ਇਸ ਦੇ ਨਾਲ ਹੀ ਪਾਵਰਕਾਮ ਦੇ ਮੁੱਖ ਦਫ਼ਤਰ ਦੇ ਗੇਟ ਅੱਗੇ ਵੱਖ ਵੱਖ ਜਥੇਬੰਦੀਆਂ ਤੇ ਇੰਜਨੀਅਰਾਂ ਵੱਲੋਂ ਵਿਰੋਧ ਪ੍ਰਦਰਸ਼ਨ ਵੀ ਕੀਤਾ ਗਿਆ।ਪੀਐੱਸਈਬੀ ਇੰਜੀਨੀਅਰਜ਼ ਐਸੋਸੀਏਸ਼ਨ ਨਾਲ ਸਬੰਧਤ ਵੱਡੀ ਗਿਣਤੀ ਇੰਜੀਨੀਅਰਾਂ ਵੱਲੋਂ ਸਰਕਾਰੀ ਅਧਿਕਾਰਤ ਵਟਸਅੱਪ ਗਰੁੱਪਾਂ ਨੂੰ ਛੱਡ ਦਿੱਤਾ ਗਿਆ।ਇਨ੍ਹਾਂ ਗਰੁੱਪਾਂ ਵਿੱਚ ਸਰਕਾਰ ਦੇ ਉਚ ਅਧਿਕਾਰੀ ਸਮੇਤ ਪਾਵਰਕਾਮ ਮੈਨੇਜਮੈਂਟ ਨਾਲ ਸਬੰਧਿਤ ਅਧਿਕਾਰੀ ਸ਼ਾਮਲ ਹਨ।

ਇੰਜਨੀਅਰ ਐਸੋਸੀਏਸ਼ਨ ਦੇ ਆਗੂਆਂ ਪ੍ਰਧਾਨ ਜਸਵੀਰ ਸਿੰਘ ਧੀਮਾਨ ਤੇ ਜਨਰਲ ਸਕੱਤਰ ਅਜੈਪਾਲ ਸਿੰਘ ਅਟਵਾਲ ਨੇ ਦੱਸਿਆ ਕਿ ਸਮੂਹ ਇੰਜਨੀਅਰ ਵੱਲੋਂ ਅਧਿਕਾਰਤ ਵਟਸਅੱਪ ਗਰੁੱਪਾਂ ਦਾ ਬਾਈਕਾਟ ਕਰਕੇ ਇਸ ਤੋਂ ਬਾਹਰ ਹੋ ਗਏ ਹਨ।ਉਨ੍ਹਾਂ ਕਿਹਾ ਕਿ ਬਿਜਲੀ ਮੰਤਰੀ ਵੱਲੋਂ ਪਾਵਰਕਾਮ ਤੇ ਟਰਾਂਸਕੋ ਅੰਦਰ ਰਾਜਨੀਤਕ ਦਖਲਅੰਦਾਜ਼ੀ ਨੂੰ ਵਧਾਇਆ ਹੋਇਆ ਹੈ ਤੇ ਸਮੂਹ ਇੰਜਨੀਅਰਾਂ ਨੂੰ ਡਰਾਉਣ ਧਮਕਾਉਣ ਦੀ ਨੀਤੀ ਅਪਣਾਈ ਹੋਈ ਹੈ।ਉਨ੍ਹਾਂ ਕਿਹਾ ਕਿ ਪਾਵਰਕਾਮ ਤੇ ਟਰਾਂਸਕੋ ਪੰਜਾਬ ਦੇ ਸਭ ਤੋਂ ਮਹੱਤਵਪੂਰਨ ਵਿਭਾਗ ਹਨ, ਜੋ ਸਿੱਧੇ ਲੋਕਾਂ ਨਾਲ ਜੁੜੇ ਹੋਏ ਹਨ। ਇਸ ਲਈ ਇੱਥੇ ਘੁਸਪੈਠ ਆਮ ਲੋਕਾਂ ਲਈ ਨੁਕਸਾਨਦੇਹ ਹੋ ਸਕਦੀ ਹੈ।ਮੁੱਖ ਦਫ਼ਤਰ ਦੇ ਗੇਟ ਅੱਗੇ ਬਿਜਲੀ ਸੋਧ ਬਿੱਲ, ਜ਼ਮੀਨਾਂ ਦੀ ਵੇਚ ਤੇ ਨਵੇਂ ਲੇਬਰ ਕਾਨੂੰਨਾਂ ਖਿਲਾਫ਼ ਨਾਅਰੇਬਾਜ਼ੀ ਕਰਕੇ ਪ੍ਰਦਰਸ਼ਨ ਕੀਤਾ ਗਿਆ।ਪੀਐੱਸਈਬੀ ਇੰਜੀਨੀਅਰਜ਼ ਐਸੋਸੀਏਸ਼ਨ ਵੱਲੋਂ ਆਪਣੇ ਪ੍ਰਦਰਸ਼ਨ ਨੂੰ ਹੋਰ ਤਿੱਖਾ ਕਰਦਿਆਂ 2 ਦਸੰਬਰ ਨੂੰ ਪਟਿਆਲਾ ਵਿਖੇ ਪੰਜਾਬ ਪੱਧਰੀ ਰੋਸ ਪ੍ਰਦਰਸ਼ਨ ਕਰਨ ਦਾ ਵੀ ਐਲਾਨ ਕੀਤਾ ਹੋਇਆ ਹੈ, ਜਿਸ ਵਿੱਚ ਪੰਜਾਬ ਭਰ ਦੇ ਇੰਜੀਨੀਅਰਾਂ ਵੱਲੋਂ ਪੁੱਜ ਕੇ ਮੈਨੇਜਮੈਂਟ ਤੇ ਸਰਕਾਰ ਖਿਲਾਫ਼ ਆਪਣਾ ਰੋਸ ਪ੍ਰਗਟਾਇਆ ਜਾਵੇਗਾ।

# ਆਲ ਇੰਡੀਆ ਸੈਣੀ ਸੇਵਾ ਸਮਾਜ ਵੱਲੋਂ ਜਨਸੰਪਰਕ ਮੁਹਿੰਮ ਦੀ ਸ਼ੁਰੂਆਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਲ ਇੰਡੀਆ ਸੈਨੀ ਸੇਵਾ ਸਮਾਜ ਦੀ ਪੰਜਾਬ ਇਕਾਈ ਨੇ ਸਮਾਜ ਨੂੰ ਇੱਕਜੁਟ ਕਰਨ ਤੇ ਭਾਈਚਾਰੇ ਨੂੰ ਮਜ਼ਬੂਤ ਬਣਾਉਣ ਦੇ ਉਦੇਸ਼ ਨਾਲ ਰਾਜ-ਪੱਧਰੀ ਜਨਸੰਪਰਕ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ।ਦੌਰੇ ਦੀ ਅਗਵਾਈ ਸੰਸਥਾ ਦੇ ਪ੍ਰਧਾਨ ਲਵਲੀਨ ਸਿੰਘ ਸੈਨੀ ਨੇ ਕੀਤੀ।ਉਨ੍ਹਾਂ ਦੀ ਰਹਿਨੁਮਾਈ ਹੇਠ ਇੱਕ ਪ੍ਰਤੀਨਿਧੀਮੰਡਲ ਨੇ ਪੰਜਾਬ ਦੇ ਵੱਖ-ਵੱਖ ਹਿੱਸਿਆਂ, ਖਾਸ ਕਰਕੇ ਮਾਝਾ ਅਤੇ ਦੋਆਬਾ ਦੇ ਕਈ ਸ਼ਹਿਰਾਂ ਦਾ ਦੌਰਾ ਕੀਤਾ।ਮੁਹਿੰਮ ਦੌਰਾਨ ਟੀਮ ਨੇ ਗੁਰਦਾਸਪੁਰ, ਦਿਨਾਨਗਰ, ਪਠਾਨਕੋਟ, ਮਾਂਸਰ, ਦਸੂਆ, ਟਾਂਡਾ ਤੇ ਜਲੰਧਰ ਵਿੱਚ ਸਮਾਜ ਦੇ ਲੋਕਾਂ ਨਾਲ ਖ਼ਾਸ ਮੀਟਿੰਗਾਂ ਕੀਤੀਆਂ।ਇਨ੍ਹਾਂ ਮੀਟਿੰਗਾਂ ਦਾ ਮੁੱਖ ਮਕਸਦ ਸੈਨੀ ਸਮਾਜ ਵਿੱਚ ਇੱਕਜੁਟਤਾ ਵਧਾਉਣਾ, ਸਮਾਜ ਦੀਆਂ ਸਮੱਸਿਆਵਾਂ ਨੂੰ ਸਮਝਣਾ ਅਤੇ ਸਭ ਨੂੰ ਇੱਕ ਮੰਜੇ 'ਤੇ ਲਿਆਉਣਾ ਸੀ।ਮੀਟਿੰਗਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਲਵਲੀਨ ਸਿੰਘ ਨੇ ਕਿਹਾ ਕਿ ਸਮਾਜ ਦੀ ਤਰੱਕੀ ਸੰਗਠਨ ਤੇ ਏਕਤਾ 'ਤੇ ਨਿਰਭਰ ਕਰਦੀ ਹੈ।ਉਨ੍ਹਾਂ ਨੇ ਸਮਾਜ ਨੂੰ ਮੌਤ ਭੋਗ 'ਤੇ ਘੱਟ ਤੋਂ ਘੱਟ ਖਰਚਾ ਕਰਨ ਦੀ ਖ਼ਾਸ ਅਪੀਲ ਵੀ ਕੀਤੀ।ਉਨ੍ਹਾਂ ਲੋਕਾਂ ਤੇ ਬਜ਼ੁਰਗਾਂ ਨਾਲ ਗੱਲਬਾਤ ਕਰਕੇ ਸਮਾਜ ਸਾਹਮਣੇ ਆ ਰਹੀਆਂ ਚੁਣੌਤੀਆਂ 'ਤੇ ਚਰਚਾ ਕੀਤੀ। ਉਨ੍ਹਾਂ ਸਪੱਸ਼ਟ ਕੀਤਾ ਕਿ ਜਦ ਤੱਕ ਸਮਾਜ ਇਕਜੁਟ ਨਹੀਂ ਹੋਵੇਗਾ, ਤਦ ਤੱਕ ਸਮਾਜਿਕ, ਆਰਥਿਕ ਤੇ ਰਾਜਨੀਤਿਕ ਤੌਰ 'ਤੇ ਸਸ਼ਕਤੀਕਰਨ ਸੰਭਵ ਨਹੀਂ।ਦੌਰੇ ਦੌਰਾਨ ਲੋਕਾਂ ਨੇ ਇਸ ਪਹਲ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਤੇ ਸੰਸਥਾ ਨੂੰ ਮਜ਼ਬੂਤ ਬਣਾਉਣ ਲਈ ਇਕੱਠੇ ਅੱਗੇ ਵਧਣ ਦਾ ਭਰੋਸਾ ਦਿੱਤਾ।ਮੀਟਿੰਗਾਂ ਵਿੱਚ ਨੌਜਵਾਨਾਂ ਦੀ ਸਰਗਰਮ ਹਿਸੇਦਾਰੀ ਖ਼ਾਸ ਤੌਰ 'ਤੇ ਦਿਖਾਈ ਦਿੱਤੀ, ਜਿਸ ਨਾਲ ਇਹ ਸੰਦੇਸ਼ ਗਿਆ ਕਿ ਸੈਨੀ ਸਮਾਜ ਆਪਣੇ ਅਧਿਕਾਰਾਂ ਤੇ ਸਨਮਾਨ ਪ੍ਰਤੀ ਪਹਿਲਾਂ ਨਾਲੋਂ ਵਧੇਰੇ ਜਾਗਰੂਕ ਹੋ ਰਿਹਾ ਹੈ।ਉਨ੍ਹਾਂ ਅਪੀਲ ਕੀਤੀ ਕਿ ਨੌਜਵਾਨ ਪੀੜ੍ਹੀ 'ਤੇ ਖ਼ਾਸ ਧਿਆਨ ਦੇਣ ਦੀ ਲੋੜ ਹੈ, ਤਾਂ ਜੁ ਉਨ੍ਹਾਂ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕੇ ਤੇ ਉਨ੍ਹਾਂ ਨੂੰ ਇੱਕ ਚੰਗਾ ਨਾਗਰਿਕ ਬਣਾਉਣ ਵਿੱਚ ਮਦਦ ਕੀਤੀ ਜਾ ਸਕੇ।ਅੰਤ ਵਿੱਚ ਲਵਲੀਨ ਸਿੰਘ ਸੈਨੀ ਨੇ ਉਹਨਾਂ ਸਭ ਇਕਾਈਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਮੁਹਿੰਮ ਵਿੱਚ ਪੰਜਾਬ ਟੀਮ ਦਾ ਪੂਰਾ ਸਹਿਯੋਗ ਦਿੱਤਾ ਅਤੇ ਸਮਾਜ ਦੇ ਉਤਥਾਨ ਲਈ ਇੱਕਜੁਟ ਹੋ ਕੇ ਕੰਮ ਕਰਨ ਦਾ ਸੰਕਲਪ ਲਿਆ।

## ਕਾਤਰਾਂ

### ਬਲਾਕ ਸੰਮਤੀ ਚੋਣਾਂ ਲਈ ਰਾਖਵੇਂਕਰਨ ਦੀ ਸੂਚੀ ਜਾਰੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਪੰਜਾਬ 'ਚ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਹੋਣ ਜਾ ਰਹੀਆਂ ਹਨ, ਜਿਸ ਸਬੰਧੀ ਸਾਰੀਆਂ ਸਿਆਸੀ ਪਾਰਟੀਆਂ ਸਰਗਰਮੀਆਂ ਵਿਚੋਂਆਂ ਹਨ। ਡਿਪਟੀ ਕਮਿਸ਼ਨਰ ਲੁਧਿਆਣਾ ਵੱਲੋਂ ਮਾਛੀਵਾੜਾ ਬਲਾਕ ਦੇ 136 ਪਿੰਡਾਂ ਨੂੰ 16 ਜ਼ੋਨਾਂ ਵਿਚ ਵੰਡਿਆ ਗਿਆ ਹੈ, ਜਿਨ੍ਹਾਂ 'ਚੋਂ 6 ਜਨਰਲ, 6 ਇਸਤਰੀਆਂ ਲਈ ਰਾਖਵੇਂ ਤੇ 4 ਐੱਸ.ਸੀ. ਵਰਗ ਲਈ ਰਾਖਵੇਂ ਰੱਖੇ ਹਨ। ਡਿਪਟੀ ਕਮਿਸ਼ਨਰ ਵੱਲੋਂ ਜਾਰੀ ਸੂਚੀ ਅਨੁਸਾਰ ਮਾਣੇਵਾਲ, ਜਾਤੀਵਾਲ, ਗਹਿਲੇਵਾਲ, ਸ਼ੇਰਪੁਰ ਬੇਟ, ਬਹਿਲੋਲਪੁਰ ਵਰਗ ਲਈ ਜਨਰਲ ਵਰਗ ਲਈ ਰਾਖਵੇਂ ਹਨ। ਚਕਲੀ ਆਦਲ, ਹਿਯਾਤਪੁਰ, ਮਾਛੀਵਾੜਾ ਖਾਮ, ਰਤੀਪੁਰ, ਕਕਰਾਲਾ ਢਾਹਾ, ਹੇਡੋਂ ਬੇਟ ਇਸਤਰੀ ਵਰਗ ਲਈ ਰਾਖਵੇਂ ਰੱਖੇ ਗਏ ਹਨ। ਪੰਜਗਰਾਈਆਂ, ਖੀਰਨੀਆਂ ਦਲਿਤ ਵਰਗ ਜਦਕਿ ਤੱਖਰਾਂ ਤੇ ਹੇਡੋਂ ਬੇਟ ਦਲਿਤ ਇਸਤਰੀ ਵਰਗ ਲਈ ਰਾਖਵੇਂ ਰੱਖੇ ਗਏ ਹਨ। ਮਾਛੀਵਾੜਾ ਬਲਾਕ ਵਿਚ ਕੁੱਲ 77,000 ਤੋਂ ਵੱਧ ਵੋਟਰ ਹਨ ਜਿਨ੍ਹਾਂ 'ਚੋਂ 41,035 ਪੁਰਸ਼ ਅਤੇ 36,736 ਇਸਤਰੀਆਂ ਸ਼ਾਮਲ ਹਨ। ਬਲਾਕ ਸੰਮਤੀ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਜਪਾ ਵਿਚ ਇਸ ਵਾਰ ਚਿਕੋਣਾ ਮੁਕਾਬਲਾ ਹੋਵੇਗਾ ਤੇ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਯੋਗ ਉਮੀਦਵਾਰਾਂ ਦੀ ਸੂਚੀ ਬਣਾਈ ਜਾ ਰਹੀ ਹੈ।

### ਪੰਜ ਦਿਨਾ ਸਿਖਲਾਈ ਸਫ਼ਲਤਾਪੂਰਵਕ ਸਮਾਪਤ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-24 ਤੋਂ 28 ਤੱਕ ਕੇਵੀਕੇ ਖੇਤਰੀ ਕੇਂਦਰ, ਸੀਫੇਟ ਅਬੋਹਰ ਵਿਖੇ 'ਫ਼ਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਰਾਹੀਂ ਵਾਤਾਵਰਣ, ਸਿਹਤ ਤੇ ਪੋਸ਼ਣ ਸੁਰੱਖਿਆ' ਬਾਰੇ ਪੰਜ ਦਿਨਾਂ ਸਿਖਲਾਈ ਪ੍ਰੋਗਰਾਮ ਸਫ਼ਲਤਾਪੂਰਵਕ ਆਯੋਜਤ ਕੀਤਾ ਗਿਆ।ਫ਼ਾਜ਼ਿਲਕਾ ਬਲਾਕ ਦੇ ਇੱਕ ਸੁਪਰਵਾਈਜ਼ਰ ਤੇ 28 ਆਂਗਣਵਾੜੀ ਵਰਕਰਾਂ ਨੇ ਸਿਖਲਾਈ 'ਚ ਉਤਸ਼ਾਹ ਨਾਲ ਹਿੱਸਾ ਲਿਆ। ਪ੍ਰੋਗਰਾਮ ਦਾ ਸੰਚਾਲਨ ਡਾ. ਰੁਪਿੰਦਰ ਕੌਰ ਤੇ ਡਾ. ਕਿਸ਼ਨ ਕੁਮਾਰ ਪਟੇਲ ਦੁਆਰਾ ਕੀਤਾ ਗਿਆ।ਉਨ੍ਹਾਂ ਨੇ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਤਕਨੀਕਾਂ, ਵਾਤਾਵਰਣ ਲਾਭਾਂ, ਪੋਸ਼ਣ ਸੁਰੱਖਿਆ ਤੇ ਪੇਂਡੂ ਭਾਈਚਾਰੇ 'ਚ ਜਾਗਰੂਕਤਾ ਵਧਾਉਣ ਲਈ ਰਣਨੀਤੀਆਂ ਬਾਰੇ ਵਿਸਤ੍ਰਿਤ ਤੇ ਵਿਹਾਰਕ ਜਾਣਕਾਰੀ ਪ੍ਰਦਾਨ ਕੀਤੀ।ਸਿਖਲਾਈ ਦੌਰਾਨ ਨੈਸ਼ਨਲ ਇੰਸਟੀਚਿਊਟ ਆਫ਼ ਫੂਡ ਟੈਕਨਾਲੋਜੀ ਐਂਟਰਪ੍ਰਨਿਓਰਸ਼ਿਪ ਐਂਡ ਮੈਨੇਜਮੈਂਟ (ਐਨਆਈਐਫਟੀਈਐਮ) ਦੀ ਟੀਮ ਦੁਆਰਾ ਡਾ. ਪੀ.ਕੇ. ਨੇਮਾ ਤੇ ਡਾ. ਕੁਲਜਿੰਦਰ ਕੌਰ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਸੈਸ਼ਨ ਦਾ ਆਯੋਜਨ ਕੀਤਾ ਗਿਆ।ਭਾਗੀਦਾਰਾਂ ਨੂੰ ਫੂਡ ਪ੍ਰੋਸੈਸਿੰਗ, ਪੋਸ਼ਣ ਸੁਰੱਖਿਆ ਤੇ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਮੁੱਲ ਜੋੜਨ ਦੇ ਵੱਖ-ਵੱਖ ਪਹਿਲੂਆਂ ਤੋਂ ਜਾਣੂ ਕਰਾਇਆ ਗਿਆ।ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਡਾ. ਅਮਿਤ ਨਾਥ, ਮੁਖੀ, ਖੇਤਰੀ ਕੇਂਦਰ, ਸੀਫੇਟ ਅਬੋਹਰ ਨੇ ਕੀਤੀ।ਉਨ੍ਹਾਂ ਨੇ ਭਾਗੀਦਾਰਾਂ ਨੂੰ ਸਿਖਲਾਈ ਤੋਂ ਪ੍ਰਾਪਤ ਗਿਆਨ ਨੂੰ ਭਾਈਚਾਰਕ ਪੱਧਰ 'ਤੇ ਲਾਗੂ ਕਰਨ, ਫਸਲਾਂ ਦੀ ਰਹਿੰਦ-ਖੂੰਹਦ ਦੇ ਵਿਗਿਆਨਕ ਪ੍ਰਬੰਧਨ ਨੂੰ ਉਤਸ਼ਾਹਤ ਕਰਨ ਅਤੇ ਸਾਫ਼ ਵਾਤਾਵਰਣ ਬਾਰੇ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ।

## ਰੰਜਿਸ਼ ਤਹਿਤ ਟਰੱਕ ਚਾਲਕ ਨੂੰ ਫਸਾਉਣ ਲਈ ਨਸ਼ੇ ਵਾਲੇ ਟੀਕੇ ਰੱਖੇ

**2 ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ**

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਵਿਚ ਇਕ ਟਰੱਕ ਚਾਲਕ ਨੂੰ ਸਾਜ਼ਿਸ਼ ਤਹਿਤ ਫਸਾਉਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਤਹਿਤ ਉਸਦੇ ਟਰੱਕ ਕੋਲ ਨਸ਼ੀਲੇ ਪਦਾਰਥ ਰੱਖ ਦਿੱਤੇ ਗਏ। ਮਾਮਲੇ ਵਿੱਚ ਪੁਲਸ ਨੇ 2 ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਐੱਸ.ਐੱਚ.ਓ. ਹਰਵਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਕਿ ਇਕ ਟਰੱਕ ਮਾਛੀਵਾੜਾ ਨੇੜਲੇ ਪਿੰਡ ਵਿਚ ਖੜਾ ਹੈ, ਜਿਸ ਵਿਚ ਕੋਈ ਗੈਰ ਕਾਨੂੰਨੀ ਨਸ਼ੀਲੀ ਚੀਜ਼ ਹੋ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਪੁਲਸ ਵਲੋਂ ਮਿਲੀ ਸੂਚਨਾ ਦੇ ਅਧਾਰ 'ਤੇ ਦੱਸੇ ਗਏ ਟਰੱਕ ਨੰਬਰ ਦੀ ਮੌਕੇ 'ਤੇ ਜਾ ਤਲਾਸ਼ੀ ਲਈ ਗਈ ਤੇ ਉਸਦੀ ਵੀਡੀਓਗ੍ਰਾਫ਼ੀ ਵੀ ਕੀਤੀ ਗਈ ਤਾਂ ਟਰੱਕ ਦੀ ਤੇਲ ਵਾਲੀ ਟੈਂਕੀ ਕੋਲ ਇਕ ਲਿਫ਼ਾਫ਼ਾ ਮਿਲਿਆ, ਜਿਸ 'ਚੋਂ 100 ਪਾਬੰਦੀਸ਼ੁਦਾ ਟੀਕੇ ਬਰਾਮਦ ਹੋਏ। ਜਦੋਂ ਪੁਲਸ ਵਲੋਂ ਜਾਂਚ ਕੀਤੀ ਗਈ ਤਾਂ ਟਰੱਕ ਚਾਲਕ ਨੇ ਦੱਸਿਆ ਕਿ ਇਹ ਟਰੱਕ ਇੱਥੇ ਕਰੀਬ 1 ਹਫ਼ਤੇ ਤੋਂ ਖੜ੍ਹਾ ਹੈ ਤੇ ਕਿਸੇ ਨੇ ਸਾਜ਼ਿਸ਼ ਤਹਿਤ ਫਸਾਉਣ ਲਈ ਇੱਥੇ ਟੀਕੇ ਰੱਖ ਕੇ ਪੁਲਸ ਨੂੰ ਗਲਤ ਸੂਚਨਾ ਦਿੱਤੀ। ਥਾਣਾ ਮੁਖੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਫਿਲਹਾਲ ਮੁੱਢਲੀ ਜਾਂਚ ਦੌਰਾਨ 2 ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

# ਖੇਤੀ ਮਸ਼ੀਨਾਂ 'ਤੇ ਸਬਸਿਡੀ ਲਈ ਕਿਸਾਨ 4 ਦਸੰਬਰ ਤੱਕ ਕਰਨ ਅਪਲਾਈ : ਮੁੱਖ ਖੇਤੀਬਾੜੀ ਅਫਸਰ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**

ਮੁੱਖ ਖੇਤੀਬਾੜੀ ਅਫ਼ਸਰ ਹਰਪ੍ਰੀਤਪਾਲ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਖੇਤੀ ਵਿੱਚ ਵੱਖ-ਵੱਖ ਫ਼ਸਲਾਂ ਲਈ ਮਸ਼ੀਨੀਕਰਨ ਨੂੰ ਉਤਸ਼ਾਹਤ ਕਰਨ ਹਿਤ ਖੇਤੀ ਮਸ਼ੀਨਾਂ 'ਤੇ ਸਬਸਿਡੀ ਦੇਣ ਦਾ ਫੈਸਲਾ ਲਿਆ ਗਿਆ ਹੈ।ਇਹ ਮਸ਼ੀਨਾਂ ਕਿਸਾਨਾਂ ਨੂੰ ਸਬ-ਮਿਸ਼ਨ ਆਨ ਐਗਰੀਕਲਚਰਲ ਮੈਕਾਨਾਈਜੇਸ਼ਨ (ਸਮੈਮ) ਸਕੀਮ ਤੇ ਫਸਲੀ ਵਿਭਿੰਨਤਾ ਸਕੀਮ ਅਧੀਨ ਸਬਸਿਡੀ ''ਤੇ ਦਿੱਤੀਆਂ ਜਾਣਗੀਆਂ।ਇਨ੍ਹਾਂ ਵਿੱਚ ਵੱਖ-ਵੱਖ ਤਕਨੀਕਾਂ ਵਾਲੀਆਂ ਖੇਤੀ ਮਸ਼ੀਨਾਂ 'ਤੇ ਸਬਸਿਡੀ ਮੁਹੱਈਆ ਕਰਵਾਉਣ ਲਈ ਕਿਸਾਨਾਂ ਤੋਂ ਬਿਨੈ-ਪੱਤਰਾਂ ਦੀ ਮੰਗ ਕੀਤੀ ਗਈ ਹੈ।ਕਿਸਾਨ ਆਨਲਾਈਨ ਮਾਧਿਅਮ ਰਾਹੀਂ ਖੇਤੀਬਾੜੀ ਵਿਭਾਗ ਦੇ ਪੋਰਟਲ agrimachinerypb.com 'ਤੇ 4 ਦਸੰਬਰ ਸ਼ਾਮ 5 ਤੱਕ ਅਪਲਾਈ ਕਰ ਸਕਦੇ ਹਨ।

ਮੁੱਖ ਖੇਤੀਬਾੜੀ ਅਫ਼ਸਰ ਨੇ ਫਾਜ਼ਿਲਕਾ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਇਸ ਸਕੀਮ ਅਧੀਨ ਦਿੱਤੀ ਜਾ ਰਹੀ ਸਬਸਿਡੀ ਦਾ ਲਾਭ ਪ੍ਰਾਪਤ ਕਰਨ ਤਾਂ ਜੁ ਜ਼ਿਲ੍ਹਾ ਫਾਜ਼ਿਲਕਾ ਖੇਤੀ ਮਸ਼ੀਨੀਕਰਨ ਵਿੱਚ ਰਾਜ ਦੇ ਮੋਹਰੀ ਜਿਲ੍ਹਿਆਂ ਵਿੱਚ ਸ਼ਾਮਲ ਹੋ ਕੇ ਖੇਤੀ ਖਰਚੇ ਅਤੇ ਕੁਦਰਤੀ ਸੋਮਿਆਂ ਦੀ ਬੱਚਤ ਕਰ ਸਕੇ।

ਉਨ੍ਹਾਂ ਦੱਸਿਆ ਕਿ ਸਾਉਣੀ ਦੇ ਸੀਜ਼ਨ ਦੌਰਾਨ ਕਿਸਾਨ ਡੀ.ਐਸ.ਆਰ ਡਰਿੱਲ ਦੀ ਵਰਤੋਂ ਕਰਕੇ ਜਿੱਥੇ ਪਾਣੀ ਅਤੇ ਬਿਜਲੀ ਦੀ ਬੱਚਤ ਕਰ ਸਕਦੇ ਹਨ, ਉਥੇ ਹੀ ਮੱਕੀ ਅਤੇ ਹੋਰ ਫਸਲੀ ਵਿਭਿੰਨਤਾ ਵਾਲੀਆਂ ਫਸਲਾਂ ਲਈ ਨਿਊਮੈਟਿਕ ਪਲਾਂਟਰ ਵਰਤ ਕੇ ਬਿਜਾਈ ਦਾ ਕੰਮ ਵਧੀਆ ਤਰੀਕੇ ਨਾਲ ਤੇ ਘੱਟ ਸਮੇਂ ਵਿੱਚ ਕਰਕੇ ਸਮੇਂ ਦੀ ਬੱਚਤ ਅਤੇ ਵਾਧੂ ਬੀਜ ਦੇ ਖਰਚੇ ਦੀ ਬੱਚਤ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਅਰਜੀ ਭਰਨ ਸਮੇਂ ਕਿਸਾਨਾਂ ਕੋਲ ਆਧਾਰ ਕਾਰਡ, ਪਾਸਪੋਰਟ ਸਾਈਜ਼ ਫੋਟੋ ਜ਼ਮੀਨ ਦੀ ਮਾਲਕੀ ਦੀ ਫਰਦ ਅਤੇ ਅਨੁਸੂਚਿਤ ਜਾਤੀ ਸਰਟੀਫਿਕੇਟ (ਜੇਕਰ ਬਿਨੈਕਾਰ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੋਵੇ) ਆਦਿ ਦੀਆਂ ਸਕੈਨਡ ਕਾਪੀਆਂ ਹੋਣਾ ਲਾਜ਼ਮੀ ਹੈ।ਕੇਵਲ 5 ਹਜ਼ਾਰ ਰੁਪਏ ਦੀ ਮੋੜਨਯੋਗ ਟੋਕਨ ਮਨੀ ਜਮ੍ਹਾਂ ਕਰਾਉਣ ਵਾਲੇ ਬਿਨੈਕਾਰ ਨੂੰ ਹੀ ਸਕੀਮ ਅਧੀਨ ਵਿਚਾਰਿਆ ਜਾਵੇਗਾ।

# ਜਮਹੂਰੀ ਅਧਿਕਾਰ ਸਭਾ ਨੇ ਨਵੇਂ ਕਿਰਤ ਕਾਨੂੰਨਾਂ ਨੂੰ ਮਜ਼ਦੂਰ ਵਿਰੋਧੀ ਕਰਾਰ ਦਿੱਤਾ

**ਸਿਰਸਾ (ਜਗਤਾਰ ਸਮਾਲਸਰ)**-ਜਮਹੂਰੀ ਅਧਿਕਾਰ ਸਭਾ ਹਰਿਆਣਾ ਦੇ ਪ੍ਰਧਾਨ ਡਾ. ਸੁਖਦੇਵ ਤੇ ਜਨਰਲ ਸਕੱਤਰ ਦਵਿੰਦਰ ਰਾਣੀਆ ਨੇ ਨਵੇਂ ਕਿਰਤ ਕਾਨੂੰਨਾਂ 2025 'ਤੇ ਪ੍ਰਤੀਕਿਰਿਆ ਦਿੰਦੇ ਕਿਹਾ ਕਿ ਇਹ ਕਾਨੂੰਨ ਨਾ ਸਿਰਫ਼ ਮਜ਼ਦੂਰ ਵਿਰੋਧੀ ਹਨ ਸਗੋਂ ਲੋਕਤੰਤਰ ਵਿਰੋਧੀ ਵੀ ਹਨ।ਸੋਸ਼ਣ ਵਿਰੁੱਧ ਸੰਗਠਤ ਹੋ ਕੇ ਆਪਣੀ ਆਵਾਜ਼ ਉਠਾਉਣ ਦਾ ਅਧਿਕਾਰ, ਜੋ ਮਜ਼ਦੂਰਾਂ ਕੋਲ ਸੀ, ਇਹ ਕਾਨੂੰਨ ਉਸ ਅਧਿਕਾਰ ਨੂੰ ਖਤਮ ਕਰਦੇ ਹਨ।ਇਨ੍ਹਾਂ ਕਾਨੂੰਨਾਂ ਰਾਹੀਂ ਮਜ਼ਦੂਰਾਂ ਦੇ ਜਮਹੂਰੀ ਅਧਿਕਾਰਾਂ ਨੂੰ ਖਤਮ ਕਰਕੇ ਸਰਕਾਰ ਦਾ ਉਦੇਸ਼ ਪੂੰਜੀਪਤੀਆਂ ਦੇ ਖਜ਼ਾਨੇ ਭਰਨਾ ਹੈ।ਹੁਣ ਪੂੰਜੀਪਤੀਆਂ ਨੂੰ ਖੁੱਲ੍ਹੇਆਮ ਮਜ਼ਦੂਰਾਂ ਦਾ ਸੋਸ਼ਣ ਕਰਨ ਦਾ ਅਧਿਕਾਰ ਹੋਵੇਗਾ।ਉਹ ਮਜ਼ਦੂਰਾਂ ਤੋਂ ਲੰਬੇ ਸਮੇਂ ਤੱਕ ਕੰਮ ਕਰਾ ਸਕਣਗੇ।ਉਨ੍ਹਾਂ ਕਿਹਾ ਕਿ ਇਹ ਕਾਨੂੰਨ ਮਜ਼ਦੂਰਾਂ ਦੇ ਜਮਹੂਰੀ ਅਧਿਕਾਰਾਂ ਤੇ ਡਾਕਾ ਮਾਰ ਰਹੇ ਹਨ ਤੇ ਪੂੰਜੀਪਤੀਆਂ/ਉਦਯੋਗਪਤੀਆਂ ਨੂੰ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਦੀ ਖੁੱਲ੍ਹ ਦੇ ਰਹੇ ਹਨ।ਉਨ੍ਹਾਂ ਕਿਹਾ ਕਿ ਜਦੋਂ ਤੋਂ ਕੇਂਦਰ ਵਿੱਚ ਫਾਸ਼ੀਵਾਦੀ ਭਾਜਪਾ ਸਰਕਾਰ ਸੱਤਾ ਵਿੱਚ ਆਈ ਹੈ, ਉਸ ਸਮੇਂ ਤੋਂ ਹੀ ਕਿਰਤ ਕਾਨੂੰਨਾਂ ਵਿੱਚ ਲਗਾਤਾਰ ਸੋਧ ਕੀਤੀ ਗਈ ਹੈ।ਇਨ੍ਹਾਂ ਸੋਧੇ ਹੋਏ ਕਾਨੂੰਨਾਂ ਰਾਹੀਂ ਹੀ ਅਡਾਨੀ ਤੇ ਅੰਬਾਨੀ ਅਮੀਰ ਹੋਏ ਜਦੋਂਕਿ ਮਜ਼ਦੂਰ ਵਰਗ ਗਰੀਬੀ ਦੀ ਦਲਦਲ ਵਿੱਚ ਫਸਦਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕੁਰੂਕਸ਼ੇਤਰ ਦੌਰੇ ਦੌਰਾਨ ਯੂਨੀਵਰਸਿਟੀ ਸੁਰੱਖਿਆ ਪ੍ਰਸ਼ਾਸਨ ਨੇ ਮੁਸਲਿਮ ਵਿਦਿਆਰਥੀਆਂ ਦੀ ਪਛਾਣ ਕੀਤੀ ਤੇ ਹੋਸਟਲ ਵਿੱਚ ਉਨ੍ਹਾਂ ਦੇ ਕਮਰੇ ਨੰਬਰਾਂ ਸਮੇਤ ਜਾਣਕਾਰੀ ਇਕੱਠੀ ਕੀਤੀ।ਜਮਹੂਰੀ ਅਧਿਕਾਰ ਸਭਾ ਹਰਿਆਣਾ ਇਸ ਨੂੰ ਯੂਨੀਵਰਸਿਟੀ ਵਿੱਚ ਭਾਜਪਾ-ਆਰਐਸਐਸ ਦੇ ਫਾਸ਼ੀਵਾਦੀ ਏਜੰਡੇ ਨੂੰ ਲਾਗੂ ਕਰਨ ਦੀ ਕੋਸ਼ਿਸ਼ ਮੰਨਦੀ ਹੈ, ਜੋ ਗ਼ੈਰ-ਲੋਕਤੰਤਰੀ ਅਤੇ ਗੈਰ-ਕਾਨੂੰਨੀ ਹੈ।ਸਰਕਾਰ ਦੀਆਂ ਅਜਿਹੀਆਂ ਯੋਜਨਾਵਾਂ ਵਿਦਿਅਕ ਸੰਸਥਾਵਾਂ ਦਾ ਮਾਹੌਲ ਵਿਗਾੜ ਰਹੀਆਂ ਹਨ ਤੇ ਸਰਕਾਰ ਇਨ੍ਹਾਂ ਵਿਦਿਆਰਥੀਆਂ ਦੀ ਜਾਨ ਨੂੰ ਵੀ ਖ਼ਤਰੇ ਵਿੱਚ ਪਾ ਰਹੀ ਹੈ।



# ਝੂਲਿਆਂ ਵਾਲੇ ਮੇਲੇ ਦੇ ਨਾਂਅ 'ਤੇ ਨਿਯਮਾਂ ਨੂੰ ਛਿੱਕੇ ਟੰਗਿਆ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**

ਗੁਰੂਹਰਸਹਾਏ ਵਿੱਚ ਪੁਲ਼ ਨਾਲ ਚਲਾਏ ਜਾ ਰਹੇ ਇੱਕ ਕਾਰਨੀਵਾਲ ਮੇਲੇ ਤੇ ਲੋਕਾਂ ਦੀ ਜਿੱਥੇ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ, ਉਥੇ ਹੀ ਨਿਯਮਾਂ ਨੂੰ ਛਿੱਕੇ ਟੰਗ ਕੇ ਇਹ ਮੇਲੇ ਤੇ ਵੱਡੇ-ਵੱਡੇ ਪੰਘੂੜੇ ਲਾ ਕੇ ਮੇਲਾ ਕਰਾਇਆ ਜਾ ਰਿਹਾ, ਜੋ ਨਿਯਮਾਂ ਨੂੰ ਛਿੱਕੇ ਟੰਗ ਚਲਾਇਆ ਜਾ ਰਿਹਾ ਹੈ।

ਕਥਿਤ ਦੋਸ਼ ਲਾਉਂਦੇ ਹੋਏ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਤੇ ਪਿੰਡ ਮੋਹਨ ਕੇ ਉਤਾੜ ਦੇ ਸਰਪੰਚ ਪੂਰਨ ਸਿੰਘ ਨਾਲ ਜਦੋਂ ਦੁਰਵਿਹਾਰ ਕੀਤਾ ਗਿਆ ਤਾਂ ਉਸ ਨੇ ਮੌਕੇ 'ਤੇ ਪ੍ਰੈਸ ਕਲੱਬ ਗੁਰੂ ਹਰ ਸਾਹਿਬ ਦੇ ਪੱਤਰਕਾਰਾਂ ਨੂੰ ਫੋਨ ਕਰਕੇ ਬੁਲਾ ਕੇ ਦੱਸਿਆ ਕਿ ਉਹ ਆਪਣੇ ਪਰਵਾਰ ਦੇ ਸਮੇਤ ਇਸ ਕਾਰਨੀਵਾਲ ਮੇਲੇ 'ਤੇ ਆਇਆ ਸੀ। ਜਦ ਉਹ ਐਂਟਰੀ ਗੇਟ 'ਤੇ ਪਹੁੰਚਿਆ ਤਾਂ ਉਨ੍ਹਾਂ ਵੱਲੋਂ ਮੇਲੇ ਦੇ ਅੰਦਰ ਐਂਟਰ ਕਰਨ ਦੀ 20 ਰੁਪਏ ਫ਼ੀਸ ਉਸ ਤੋਂ ਲਈ ਗਈ ਤੇ ਜਦ ਉਨ੍ਹਾਂ ਨੇ ਆਪਣਾ ਮੋਟਰਸਾਈਕਲ ਰੋਕਣ ਲਈ ਰੋਕਿਆ ਤਾਂ 20 ਰੁਪਏ ਪਾਰਕਿੰਗ ਫ਼ੀਸ ਵੀ ਉਨ੍ਹਾਂ ਤੋਂ ਮੰਗੀ। ਇਹ ਸਾਰਾ ਕੁਝ ਦੇਖਣ ਤੋਂ ਬਾਅਦ ਸਰਪੰਚ ਦੀ ਅੰਦਰ ਐਂਟਰੀ ਕਰਨ ਸਮੇਂ ਉਥੇ ਖੜੇ ਮੁਲਾਜ਼ਮਾਂ ਵੱਲੋਂ ਉਸ ਨਾਲ ਗਲਤ ਵਿਹਾਰ ਕੀਤਾ ਗਿਆ।

ਉਸ ਨੇ ਪੱਤਰਕਾਰਾਂ ਨੂੰ ਫੋਨ ਕਰਕੇ ਸਾਰੀ ਸਥਿਤੀ ਦੱਸੀ ਅਤੇ ਜਦ ਪੱਤਰਕਾਰਾਂ ਦੀ ਟੀਮ ਮੇਲੇ ਵਾਲੇ ਸਥਾਨ 'ਤੇ ਪਹੁੰਚੀ ਤਾਂ ਉਥੇ ਤਾਇਨਾਤ ਮੁਲਾਜ਼ਮਾਂ ਨਾਲ-ਨਾਲ ਸਰਪੰਚ ਦੀ 'ਤੂੰ-ਤੂੰ, ਮੈਂ-ਮੈਂ' ਹੁੰਦੀ ਦੇਖ ਕੇ ਸਰਪੰਚ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਸਾਡੇ ਤੋਂ ਇੱਥੇ ਆਉਣ ਦੇ ਅਤੇ ਵਹੀਕਲ ਰੋਕਣ ਦੇ ਪੈਸੇ ਲੈ ਗਏ ਹਨ, ਅਸੀਂ ਦਿੱਤੇ ਵੀ ਹਨ, ਪਰ ਕੀ ਇਹ ਜੋ ਪੈਸੇ ਲੈ ਗਏ ਹਨ, ਜੋ ਇਹ ਮੇਲਾ ਕਰਾਇਆ ਜਾ ਰਿਹਾ ਹੈ, ਉਹ ਨਿਯਮਾਂ ਨੂੰ ਛਿੱਕੇ ਟੰਗ ਕੇ ਹੈ, ਕਿਉਂਕਿ ਨਾ ਆਮ ਲੋਕਾਂ ਲਈ ਫਾਇਰ ਬ੍ਰਿਗੇਡ ਅਤੇ ਨਾ ਐਂਬੂਲੈਂਸ ਦਾ ਪ੍ਰਬੰਧ ਹੈ ਅਤੇ ਨਾ ਹੀ ਅੰਦਰ ਦਿੱਤੇ ਜਾ ਰਹੇ ਖਾਣ ਪੀਣ ਦਾ ਸਮਾਨ ਵਾਲਿਆ ਕੋਲ ਫੂਡ ਸੇਫਟੀ ਦਾ ਲਾਇਸੈਂਸ ਹੈ ਤੇ 50 ਰੁਪਏ ਲੈ ਕੇ ਤਿੰਨ ਰਿੰਗ ਦੇ ਅੱਗੇ ਸਮਾਨ ਰੱਖ ਵੱਡੀ ਠੱਗੀ ਮਾਰੀ ਜਾ ਰਹੀ ਹੈ। ਐਸ ਡੀ ਐਮ ਦਫਤਰ ਨਾਲ ਸੰਪਰਕ ਕੀਤਾ ਉਥੇ ਇਹ ਜਵਾਬ ਮਿਲਿਆ ਇਹ ਮਨਜ਼ੂਰੀ ਫ਼ਿਰੋਜਪੁਰ ਡਿਪਟੀ ਕਮਿਸ਼ਨਰ ਦਫਤਰ ਤੋਂ ਮਿਲਣੀ ਹੈ, ਉਨ੍ਹਾਂ ਦਿੱਤੀ ਜਾ ਨਹੀਂ, ਸਾਨੂੰ ਨਹੀਂ ਪਤਾ।ਜਦੋਂ ਡਿਪਟੀ ਕਮਿਸ਼ਨਰ ਦਫ਼ਤਰ ਨਾਲ ਸੰਪਰਕ ਕੀਤਾ ਗਿਆ ਤਾਂ ਉੱਥੇ ਮੌਜੂਦ ਮੁਕੇਸ਼ ਮਿੱਤਲ ਨੇ ਦੱਸਿਆ ਸਾਡੇ ਕੋਲ ਇਨ੍ਹਾਂ ਨੇ 27 ਤਰੀਕ ਦੀ ਅਰਜ਼ੀ ਜ਼ਰੂਰ ਲਾਈ ਹੈ, ਪਰ ਅਜੇ ਮਨਜ਼ੂਰੀ ਨਹੀਂ ਹੋਈ।

## ਸਾਲਾਸਰ ਬਾਲਾਜੀ ਸੇਵਾ ਮੰਡਲ ਵੱਲੋਂ ਜਾਗਰਣ ਅੱਜ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ੍ਰੀ ਸਾਲਾਸਰ ਬਾਲਾਜੀ ਸੇਵਾ ਮੰਡਲ (ਰਜਿ.) ਵੱਲੋਂ ਸ੍ਰੀ ਸਾਲਾਸਰ ਹਨੂੰਮਾਨ ਜੀ ਦਾ 19ਵਾਂ ਵਿਸ਼ਾਲ ਭਵਿਆ ਜਾਗਰਣ ਬੜੀ ਸ਼ਰਧਾ, ਭਗਤੀ ਤੇ ਧੂਮ-ਧਾਮ ਨਾਲ ਪ੍ਰਧਾਨ ਵਿਜੇ ਗੁਪਤਾ, ਆਸ਼ੂ ਭੰਡਾਰੀ, ਯੋਗੇਸ਼ ਜਿੰਦਲ, ਐਡਵੋਕੇਟ ਅਮਿਤ ਅਗਰਵਾਲ ਦੀ ਅਗਵਾਈ ਵਿੱਚ ਕਰਾਇਆ ਜਾ ਰਿਹਾ ਹੈ।ਇਹ ਜਾਗਰਣ ਹਰ ਸਾਲ ਭਗਤਾਂ ਲਈ ਇੱਕ ਅਦਭੁਤ ਆਤਮਿਕ ਅਨੁਭਵ ਬਣਦਾ ਹੈ, ਜਿਸ 'ਚ ਹਜ਼ਾਰਾਂ ਸ਼ਰਧਾਲੂ ਹਿੱਸਾ ਲੈਂਦੇ ਹਨ ਤੇ ਪ੍ਰਭੂ ਦੇ ਚਰਨਾਂ ਵਿਚ ਨਤਮਸਤਕ ਹੋ ਕੇ ਆਪਣੀ ਮਨੋਕਾਮਨਾ ਪੂਰੀ ਕਰਨ ਦੀ ਅਰਦਾਸ ਕਰਦੇ ਹਨ।

ਰਮਨ ਗਰਗ, ਦਲੀਪ ਗਰਗ ਆਸ਼ੂਤੋਸ਼ ਭੰਡਾਰੀ ਨੇ ਦੱਸਿਆ ਕਿ ਪਵਿੱਤਰ ਜੋਤੀ ਆਗਮਨ 28 ਨਵੰਬਰ ਨੂੰ ਹੋਵੇਗਾ। ਅਗਲੇ ਦਿਨ 29 ਨਵੰਬਰ ਰਾਤ 8 ਵਜੇ ਤੋਂ, ਨਿਹਾਲ ਸਿੰਘ ਵਾਲਾ ਰੋਡ 'ਤੇ ਸਥਿਤ ਸੁਭਾਸ਼ ਦਾਣਾ ਮੰਡੀ ਵਿਚ ਵਿਸ਼ਾਲ ਜਾਗਰਣ ਦੀ ਸ਼ੁਰੂਆਤ ਕੀਤੀ ਜਾਵੇਗੀ, ਜੋ ਪ੍ਰਭੂ ਇੱਛਾ ਅਨੁਸਾਰ ਸਵੇਰੇ ਤੱਕ ਚਲੇਗਾ।ਜਾਗਰਣ ਵਿਚ ਮਸ਼ਹੂਰ ਭਗਤਿ ਗਾਇਕ ਮੰਡਲੀਆਂ ਵੱਲੋਂ ਭਜਨ-ਕੀਰਤਨ ਰਾਹੀਂ ਹਾਜ਼ਰੀ ਲਾਈ ਜਾਵੇਗੀ।ਜਾਗਰਣ ਦੀਆਂ ਤਿਆਰੀਆਂ ਨੂੰ ਚਾਰ ਚੰਦ ਲਾਉਂਦੇ ਹੋਏ ਸੇਵਾ ਮੰਡਲ ਦੇ ਅਹੁਦੇਦਾਰ ਵਿਜੇ ਗੁਪਤਾ, ਰਮਨ ਗਰਗ, ਰਾਜ ਦਵਿੰਦਰ, ਆਸ਼ੂ ਭੰਡਾਰੀ, ਜੁਗਨੂ ਜਿੰਦਲ, ਵਿਸ਼ਾਲ, ਸੀਰਾ ਅਤੇ ਦਲੀਪ ਸ੍ਰੀ ਸਾਲਾਸਰ ਤੋਂ ਪਵਿੱਤਰ ਜੋਤ ਲੈਣ ਲਈ ਸਾਲਾਸਰ ਧਾਮ ਵੱਲ ਰਵਾਨਾ ਹੋਏ। ਸਾਲਾਸਰ ਧਾਮ ਤੋਂ ਲਿਆਂਦੀ ਜਾਣ ਵਾਲੀ ਇਹ ਜੋਤ ਜਾਗਰਣ ਦੀ ਸ਼ੋਭਾ ਅਤੇ ਪਵਿੱਤਰਤਾ ਦਾ ਪ੍ਰਤੀਕ ਮੰਨੀ ਜਾਂਦੀ ਹੈ।ਸੰਸਥਾ ਵਲੋਂ ਦੱਸਿਆ ਗਿਆ ਕਿ ਜਦੋਂ ਇਹ ਜੋਤ ਬਾਘਾ ਪੁਰਾਣਾ ਵਾਪਸ ਪਹੁੰਚੇਗੀ, ਉਸ ਸਮੇਂ ਸ਼ਹਿਰ ਦੇ ਪਟਰੋਲ ਪੰਪ 'ਤੇ ਭਗਤਾਂ ਵੱਲੋਂ ਇਸ ਦਾ ਜ਼ੋਰਦਾਰ ਸਵਾਗਤ ਕੀਤਾ ਜਾਵੇਗਾ।ਡਰੰਮ, ਬੈਂਡ-ਵਾਜਿਆਂ ਤੇ ਭਗਤਾਂ ਦੇ ਨਗਾਰੇ ਵੱਜਦੇ ਹੋਏ ਜੋਤ ਨੂੰ ਵਿਸ਼ੇਸ਼ ਸ਼ੋਭਾ ਯਾਤਰਾ ਰਾਹੀਂ ਮੰਡੀ ਤੱਕ ਲਿਆਂਦਾ ਜਾਵੇਗਾ।

# ਮਾਤਾ ਸੁੰਦਰੀ ਗਰਲਜ਼ ਕਾਲਜ ਦੀਆਂ ਬਾਕਸਰਾਂ ਨੇ ਜਿੱਤੇ ਚਾਰ ਮੈਡਲ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**




ਮਾਤਾ ਸੁੰਦਰੀ ਗਰਲਜ਼ ਕਾਲਜ ਢੱਡੇ ਦੀਆਂ ਬਾਕਸਰਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਯੋਜਤ ਇੰਟਰ ਕਾਲਜ ਬਾਕਸਿੰਗ ਮੁਕਾਬਲਿਆਂ ਵਿੱਚ ਕਾਬਲ-ਏ-ਤਾਰੀਫ਼ ਪ੍ਰਦਰਸ਼ਨ ਕਰਦਿਆਂ ਚਾਰ ਮੈਡਲ ਆਪਣੇ ਨਾਂਅ ਕੀਤੇ।

ਚੇਅਰਮੈਨ ਕੁਲਵੰਤ ਸਿੰਘ ਸਿੱਧੂ ਤੇ ਐਮ.ਡੀ. ਗੁਰਬਿੰਦਰ ਸਿੰਘ ਬੱਲੀ ਨੇ ਕਿਹਾ ਕਿ ਇਨ੍ਹਾਂ ਬਾਕਸਰਾਂ ਨੇ ਆਪਣੀ ਮਿਹਨਤ, ਅਨੁਸ਼ਾਸਨ ਤੇ ਜਜ਼ਬੇ ਨਾਲ ਉੱਚ ਮਿਆਰ ਕਾਇਮ ਕੀਤਾ ਹੈ।ਉਨ੍ਹਾਂ ਕਿਹਾ ਕਿ ਲੜਕੀਆਂ ਦਾ ਖੇਡਾਂ ਵੱਲ ਵਧਦਾ ਰੁਝਾਨ ਖੁਸ਼ੀ ਦੀ ਗੱਲ ਹੈ ਤੇ ਇਹ ਸੰਸਥਾ ਲਈ ਮਾਣ ਦੀ ਗੱਲ ਹੈ ਕਿ ਵਿਦਿਆਰਥੀ ਹਰ ਮੰਚ 'ਤੇ ਸਰਗਰਮੀ ਨਾਲ ਆਪਣਾ ਲੋਹਾ ਮੰਨਵਾ ਰਹੇ ਹਨ।ਸੰਸਥਾ ਦੇ ਡਾਇਰੈਕਟਰ ਐਡਮਿਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਇਨ੍ਹਾਂ ਬਾਕਸਰਾਂ ਨੇ ਆਪਣੀ ਕਾਬਲੀਅਤ ਅਤੇ ਸਦਭਾਵਨਾ ਨਾਲ ਕਾਲਜ ਦਾ ਮਾਣ ਵਧਾਇਆ ਹੈ।ਉਨ੍ਹਾਂ ਕਿਹਾ ਕਿ ਖੇਡਾਂ ਵਿੱਚ ਹਿੱਸਾ ਲੈਣ ਨਾਲ ਵਿਦਿਆਰਥਣਾਂ ਦੇ ਅੰਦਰ ਆਤਮ-ਵਿਸ਼ਵਾਸ ਤੇ ਲੀਡਰਸ਼ਿਪ ਵਾਲੇ ਗੁਣ ਵਿਕਸਤ ਹੁੰਦੇ ਹਨ।ਸੰਸਥਾ ਦੇ ਪ੍ਰਿੰਸੀਪਲ-ਕਮ-ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਪੋਰਟਸ ਕਮੇਟੀ ਦੇ ਮੈਂਬਰ ਰਾਜ ਸਿੰਘ ਬਾਘਾ ਨੇ ਕਿਹਾ ਕਿ ਖੇਡਾਂ ਮਨੁੱਖੀ ਜੀਵਨ ਦਾ ਉਹ ਅਹਿਮ ਹਿੱਸਾ ਹਨ, ਜੋ ਸਿਰਫ਼ ਸਰੀਰਕ ਤੰਦਰੁਸਤੀ ਹੀ ਨਹੀਂ, ਸਗੋਂ ਮਾਨਸਿਕ ਤੇ ਸਮਾਜਿਕ ਵਿਕਾਸ ਵਿੱਚ ਵੀ ਮੂਲ ਭੂਮਿਕਾ ਨਿਭਾਉਂਦੀਆਂ ਹਨ।

ਖੇਡ ਵਿਭਾਗ ਦੇ ਮੁਖੀ ਪ੍ਰੋ. ਜਸਵਿੰਦਰ ਸਿੰਘ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਡ ਵਿਭਾਗ ਦੀ ਡਾਇਰੈਕਟਰ ਡਾ. ਗੁਰਦੀਪ ਕੌਰ ਰੰਧਾਵਾ ਦੇ ਦਿਸ਼ਾ-ਨਿਰਦੇਸ਼ ਤੇ ਯੋਗ ਰਹਿਨੁਮਾਈ ਹੇਠ ਕਰਵਾਏ ਗਏ ਇੰਟਰ ਕਾਲਜ ਬਾਕਸਿੰਗ ਮੁਕਾਬਲਿਆਂ ਵਿੱਚੋਂ ਹਰਮਨਪ੍ਰੀਤ ਕੌਰ ਨੇ 75 ਕਿਲੋ ਭਾਰ ਵਰਗ ਵਿੱਚ ਤੀਜਾ ਸਥਾਨ ਹਾਸਲ ਕੀਤਾ। ਹਰਪ੍ਰੀਤ ਕੌਰ ਨੇ 60 ਕਿਲੋ ਭਾਰ ਵਰਗ 'ਚ ਮਹਿਕਪ੍ਰੀਤ ਕੌਰ ਨੇ 63 ਕਿਲੋ ਭਾਰ ਵਰਗ ਵਿੱਚ, ਨਵਦੀਪ ਕੌਰ ਨੇ 50 ਕਿਲੋ ਭਾਰ ਵਰਗ ਵਿੱਚ ਕ੍ਰਮਵਾਰ ਤੀਜਾ ਸਥਾਨ ਪ੍ਰਾਪਤ ਕੀਤਾ।ਉਨ੍ਹਾਂ ਕਿਹਾ ਕਿ ਬਾਕਸਿੰਗ ਇੱਕ ਸਵੈ-ਰੱਖਿਆ ਦੀ ਖੇਡ ਹੈ, ਜੋ ਲੜਕੀਆਂ ਲਈ ਬੜੀ ਲਾਹੇਵੰਦ ਹੈ, ਜਿਸ ਵਿੱਚ ਉਹ ਆਪਣਾ ਚੰਗਾ ਭਵਿੱਖ ਵੀ ਸਿਰਜ ਸਕਦੀਆਂ ਹਨ।

# ਸ਼ੇਰਗੜ੍ਹ ਦੰਗਲ ਮੇਲੇ 'ਚ ਝੰਡੀ ਦੀ ਕੁਸ਼ਤੀ ਤਾਲਿਬ ਬਾਬਾ ਫਲਾਹੀ ਨੇ ਜਿੱਤੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਪਿੰਡ ਸ਼ੇਰਗੜ੍ਹ ਵਿਖੇ ਸਥਿਤ ਡੇਰਾ ਬਾਬਾ ਪੀਰ ਫਲਾਹੀ ਸਾਬ ਜੀ ਵਿਖੇ ਦੂਜੇ ਦਿਨ ਦੰਗਲ ਮੇਲਾ ਕਰਾਇਆ ਗਿਆ। ਡੇਰੇ ਦੇ ਮੁੱਖ ਪ੍ਰਬੰਧਕ ਅਤੇ ਗੱਦੀ ਨਸ਼ੀਨ ਬਾਬਾ ਦੀਪਾ ਬਾਬਾ ਫਲਾਹੀ ਨੇ ਦੱਸਿਆ ਕਿ ਸਵ. ਬਾਬਾ ਸੰਤੋਖ ਸਿੰਘ ਜੀ ਦੀ ਯਾਦ ਨੂੰ ਸਮਰਪਿਤ 12ਵੇਂ ਦੰਗਲ ਮੇਲੇ 'ਚ ਪੰਜਾਬ, ਜੰਮੂ, ਹਰਿਆਣਾ ਤੇ ਹਿਮਾਚਲ ਦੇ 400 ਤੋਂ ਵੱਧ ਪਹਿਲਵਾਨਾਂ ਨੇ ਭਾਗ ਲਿਆ। ਝੰਡੀ ਦੀ ਕੁਸ਼ਤੀ ਵਿਚ ਤਾਲਿਬ ਬਾਬਾ ਫਲਾਹੀ ਨੇ ਸਤਪਾਲ ਮਹਾਂਰਾਸ਼ਟਰ ਨੂੰ ਚਿੱਤ ਕੀਤਾ। ਉਪਰੰਤ ਗੌਰਵ ਮਾਛੀਵਾੜਾ ਨੇ ਜਲਾਲ ਇਰਾਨ ਦੀ ਪਿੱਠ ਧਰਤੀ ਨਾਲ ਲਗਾ ਦਿੱਤੀ। ਭੁਪਿੰਦਰ ਅਜਨਾਲਾ ਨੇ ਪ੍ਰਸ਼ਾਤ ਮਹਾਂਰਾਸ਼ਟਰ ਨੂੰ ਹਰਾਇਆ। ਸਿੰਕਦਰ ਸ਼ੇਖ਼ ਨੇ ਕਾਲੂ ਬਾਹੜੂਵਾਲ ਨੂੰ ਚਿੱਤ ਕਰ ਦਿੱਤਾ। ਦੰਗਲ ਮੇਲੇ 'ਚ ਪਹਿਲਵਾਨ ਜਗਦੀਸ਼ ਭੋਲਾ ਹਿੰਦ ਕੇਸਰੀ, ਪਰਮਿੰਦਰ ਡੂਮਛੇੜੀ ਹਿੰਦ ਕੇਸਰੀ, ਸੁਭਾਸ਼ ਮਲਿਕ ਇੰਟਰਨੈਸ਼ਨਲ ਕੁਸ਼ਤੀ ਕੋਚ, ਪਹਿਲਵਾਨ ਜਗਦੇਵ ਸਿੰਘ ਢਿੱਲਵਾਂ, ਪਦਾਰਥ ਪਹਿਲਵਾਨ ਦੇ ਮਾਤਾ-ਪਿਤਾ ਪਲਵਿੰਦਰ ਸਿੰਘ ਤੇ ਰਾਜ ਕੌਰ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਪ੍ਰੇਮ ਸਿੰਘ ਨੰਬਰਦਾਰ ਵੱਲੋਂ ਝੰਡੀ ਦੇ ਜੇਤੂ ਪਹਿਲਵਾਨਾਂ ਨੂੰ ਅਲਟੋ ਕਾਰ ਦਿੱਤੀ ਗਈ। ਦੰਗਲ ਮੇਲੇ 'ਚ ਵਿਸ਼ੇਸ਼ ਤੌਰ ਤੇ ਪੁੱਜੇ ਮੁੱਖ ਮਹਿਮਾਨ ਅਬਜ਼ਰਵਰ ਹਲਕਾ ਸਾਹਨੇਵਾਲ ਤੇ ਬੱਸੀ ਪਠਾਣਾ ਕਸਤੂਰੀ ਲਾਲ ਮਿੰਟੂ, ਸਾਬਕਾ ਚੇਅਰਮੈਨ ਸੋਹਣ ਲਾਲ ਸ਼ੇਰਪੁਰੀ, ਸਾਬਕਾ ਬਲਾਕ ਸੰਮਤੀ ਮੈਂਬਰ ਹੁਸਨ ਲਾਲ ਮੜਕਨ, ਆੜ੍ਹਤੀ ਕ੍ਰਿਸ਼ਨ ਲਾਲ ਕਾਲੜਾ, ਬਾਬਾ ਕਰਮ ਸਿੰਘ ਨਥਲਪੁਰ ਵਾਲੇ, ਸ਼ੇਰ ਸਿੰਘ ਯੂ.ਐੱਸ.ਏ., ਕਾਕਾ ਢਿੱਲੋਂ, ਸੁੱਖਾ ਇਟਲੀ, ਨਰਿੰਦਰ ਸਿੰਘ ਸਾਬਕਾ ਸਰਪੰਚ ਕਾਈਨੌਰ, ਪਾਲ ਯੂ.ਕੇ, ਸਰਪੰਚ ਜੋਗਿੰਦਰ ਸਿੰਘ ਪੋਲਾ, ਪੰਚ ਰਾਜਵੀਰ ਖੁਰਾਣਾ, ਪ੍ਰਿਤਪਾਲ ਸਿੰਘ ਪੋਲਾ ਨੇ ਸ਼ਿਰਕਤ ਕੀਤੀ। ਦੰਗਲ ਮੇਲੇ ਦੇ ਪੁੱਜੇ ਪਹਿਲਵਾਨਾਂ ਤੇ ਆਏ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਦੰਗਲ ਦੇ ਮੁੱਖ ਪ੍ਰਬੰਧਕ ਗੱਦੀ ਨਸ਼ੀਨ ਬਾਬਾ ਦੀਪਾ ਬਾਬਾ ਪੀਰ ਫਲਾਹੀ ਨੇ ਆਏ ਮੁੱਖ ਮਹਿਮਾਨਾਂ, ਪਹਿਲਵਾਨਾਂ, ਪ੍ਰਵਾਸੀ ਪੰਜਾਬੀਆਂ ਤੇ ਸੰਗਤਾਂ ਦਾ ਧੰਨਵਾਦ ਪ੍ਰਗਟਾਇਆ, ਜਿਨ੍ਹਾਂ ਵੱਲੋਂ ਆਰਥਿਕ ਸਹਾਇਤਾ ਵੀ ਕੀਤੀ ਗਈ।

# ਮੈਰੀਟੋਰੀਅਸ ਅਧਿਆਪਕਾਂ ਤੇ ਕੱਚੇ ਅਧਿਆਪਕਾਂ ਨੂੰ ਕੀਤਾ ਜਾਵੇ ਪੱਕਾ

**ਸੰਗਰੂਰ ਰੈਲੀ 'ਚ ਕਰਾਂਗੇ ਸ਼ਮੂਲੀਅਤ : ਡੀ ਟੀ ਐੱਫ**



**ਮਾਨਸਾ (ਆਤਮਾ ਸਿੰਘ ਪਮਾਰ)**

ਲੰਮੇ ਸਮੇਂ ਤੋਂ ਆਪਣੀਆਂ ਸੇਵਾਵਾਂ ਨੂੰ ਰੈਗੂਲਰ ਕਰਾਉਣ ਲਈ ਸੰਘਰਸ਼ ਕਰ ਰਹੇ ਮੈਰੀਟੋਰੀਅਸ ਅਧਿਆਪਕ ਤੇ ਕੱਚੇ ਅਧਿਆਪਕ 30 ਨਵੰਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਵਿਖੇ ਰੈਲੀ ਕਰਨਗੇ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ 'ਚ ਡੀ ਟੀ ਐਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਦੱਸਿਆ ਕਿ ਪਿਛਲੇ 25-25 ਸਾਲ ਤੋਂ ਆਪਣੀ ਪੂਰੀ ਜ਼ਿੰਦਗੀ ਸਰਕਾਰੀ ਸਕੂਲਾਂ ਦੇ ਲੇਖੇ ਲਾ ਚੁੱਕੇ ਕੱਚੇ ਅਧਿਆਪਕ ਬਿਨਾਂ ਪੱਕੇ ਹੋਏ ਖਾਲੀ ਹੱਥ ਰਿਟਾਇਰਡ ਹੋ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਤੇ ਅਰਵਿੰਦ ਕੇਜਰੀਵਾਲ ਵੱਲੋਂ ਇਨ੍ਹਾਂ ਦੇ ਧਰਨਿਆਂ ਵਿੱਚ ਆ ਕੇ ਪਹਿਲੀ ਕੈਬਨਿਟ ਮੀਟਿੰਗ ਵਿੱਚ ਪੱਕੇ ਕਰਨ ਦਾ ਲਾਰਾ ਸੈਂਕੜੇ ਕੈਬਨਿਟ ਮੀਟਿੰਗਾਂ ਹੋ ਜਾਣ ਦੇ ਬਾਵਜੂਦ ਲਾਰਾ ਹੀ ਰਿਹਾ। ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਇਹ ਅਧਿਆਪਕ ਆਪਣੇ ਪੱਕੇ ਹੋਣ ਲਈ ਹੁਣ ਫਿਰ ਸੰਘਰਸ਼ ਦੇ ਮੈਦਾਨ ਵਿੱਚ ਹਨ। ਡੀ ਟੀ ਐਫ਼ ਦੇ ਸੀਨੀਅਰ ਮੀਤ ਪ੍ਰਧਾਨ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਆਗੂਆਂ ਨੇ ਦੱਸਿਆ ਕਿ ਇਸੇ ਤਰ੍ਹਾਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚੋਂ ਨਿਕਲੇ ਹੁਸ਼ਿਆਰ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਮੈਰੀਟੋਰੀਅਸ ਅਧਿਆਪਕ ਵੀ ਪਿਛਲੇ 15-15 ਸਾਲ ਤੋਂ ਠੇਕੇ ਤੇ ਸੇਵਾਵਾਂ ਨਿਭਾਅ ਰਹੇ ਹਨ, ਜਦਕਿ ਉਨ੍ਹਾਂ ਦੇ ਪੜ੍ਹਾਏ ਵਿਦਿਆਰਥੀ ਡਾਕਟਰ, ਇੰਜਨੀਅਰ ਅਤੇ ਹੋਰ ਵੱਡੇ ਅਹੁਦਿਆਂ ਤੇ ਕੰਮ ਕਰ ਰਹੇ ਹਨ।ਦੋਵਾਂ ਕੈਟਾਗਰੀਆਂ ਦੇ ਅਧਿਆਪਕਾਂ ਵੱਲੋਂ ਮੈਰੀਟੋਰੀਅਸ ਅਧਿਆਪਕ ਯੂਨੀਅਨ ਪੰਜਾਬ ਤੇ ਸਪੈਸ਼ਲ ਅਧਿਆਪਕ ਫ਼ਰੰਟ ਦੇ ਝੰਡੇ ਹੇਠ 30 ਨਵੰਬਰ ਨੂੰ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਰੈਲੀ ਕਰ ਕੀਤੀ ਜਾ ਰਹੀ ਹੈ, ਜਿਸ ਵਿੱਚ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਅਧਿਆਪਕ ਸ਼ਾਮਲ ਹੋਣਗੇ।

# ਘੋੜਸਵਾਰੀ ਚੈਂਪੀਅਨਸ਼ਿਪ ਦੇ ਦੂਜੇ ਦਿਨ ਛਾਏ ਪੰਜਾਬ ਪਬਲਿਕ ਸਕੂਲ ਦੇ ਰਾਈਡਰਜ਼



**ਨਾਭਾ (ਵਰਿੰਦਰ ਵਰਮਾ)**-ਪੰਜਾਬ ਪਬਲਿਕ ਸਕੂਲ ਵਿਖੇ ਚੱਲ ਰਹੀ ਆਲ ਇੰਡੀਆ ਆਈਪੀਐਸਸੀ ਘੋੜਸਵਾਰੀ ਚੈਂਪੀਅਨਸ਼ਿਪ 'ਚ ਦੂਜੇ ਦਿਨ ਵੀ ਆਪਣੀ ਜੋਸ਼ੀਲੀ ਖੇਡ ਜਾਰੀ ਰੱਖੀ। ਪੀਪੀਐਸ ਰਾਈਡਰਾਂ ਨੇ ਕਈ ਈਵੈਂਟਾਂ ਵਿੱਚ ਬੇਮਿਸਾਲ ਪ੍ਰਦਰਸ਼ਨਾਂ ਦੀ ਇੱਕ ਲੜੀ ਪੇਸ਼ ਕੀਤੀ।ਸ਼ਾਨਦਾਰ ਹੁਨਰ, ਆਤਮਵਿਸ਼ਵਾਸ ਤੇ ਇਕਸਾਰਤਾ ਦਾ ਪ੍ਰਦਰਸ਼ਨ ਕਰਦੇ ਹੋਏ ਘਰੇਲੂ ਟੀਮ ਨੇ ਆਪਣੀ ਮੌਜੂਦਗੀ ਨੂੰ ਪ੍ਰਮੁੱਖਤਾ ਨਾਲ ਮਹਿਸੂਸ ਕਰਾਇਆ, ਖਾਸ ਕਰਕੇ ਸ਼ੋਅ ਜੰਪਿੰਗ ਤੇ ਟੈਂਟ ਪੈਗਿੰਗ ਵਿੱਚ।ਦਿਨ ਦੇ ਸਭ ਤੋਂ ਵੱਧ ਮੁਕਾਬਲੇ ਵਾਲੇ ਈਵੈਂਟਾਂ 'ਚੋਂ ਇੱਕ ਵਿੱਚ, ਪੀਪੀਐਸ ਨੇ ਚੋਟੀ ਦੇ ਤਿੰਨ ਸਥਾਨਾਂ 'ਤੇ ਕਲੀਨ ਸਵੀਪ ਪ੍ਰਾਪਤ ਕੀਤਾ।ਰਾਜਪਾਲ ਸਿੰਘ 6 ਅੰਕਾਂ ਨਾਲ ਚੈਂਪੀਅਨ ਬਣ ਕੇ ਉੱਭਰਿਆ। ਉਸ ਤੋਂ ਬਾਅਦ ਟੀਮ ਦੇ ਸਾਥੀ ਜੁਝਾਰਵੀਰ ਸਿੰਘ 5 ਅੰਕਾਂ ਨਾਲ ਤੇ ਸਮਰਵੀਰ ਸਿੰਘ 4 ਅੰਕਾਂ ਨਾਲ ਦੂਜੇ ਸਥਾਨ 'ਤੇ ਰਹੇ।

ਉਨ੍ਹਾਂ ਦੇ ਸਾਂਝੇ ਯਤਨਾਂ ਨੇ ਇੱਕ ਪ੍ਰਭਾਵਸ਼ਾਲੀ ਪੀਪੀਐਸ ਪ੍ਰਦਰਸ਼ਨ ਨੂੰ ਯਕੀਨੀ ਬਣਾਇਆ।ਡਰੈਸੇਜ ਚਿਲਡਰਨ-1 (ਵਿਅਕਤੀਗਤ) ਸ਼੍ਰੇਣੀ ਵਿੱਚ ਸਖ਼ਤ ਮੁਕਾਬਲਾ ਦੇਖਣ ਨੂੰ ਮਿਲਿਆ, ਜਿਸ ਵਿੱਚ ਮਾਡਰਨ ਸਕੂਲ ਦਿੱਲੀ ਤੇ ਡੇਲੀ ਕਾਲਜ ਦੇ ਘੋੜਸਵਾਰਾਂ ਨੇ ਲੀਡ ਲਈ।ਇਸ ਦੇ ਬਾਵਜੂਦ ਪੀਪੀਐਸ ਰਾਈਡਰ ਰਾਜਪਾਲ ਸਿੰਘ ਨੇ ਟੀਮ ਲਈ ਕੀਮਤੀ ਅੰਕ ਪ੍ਰਾਪਤ ਕੀਤੇ, ਪੰਜਵੇਂ ਤੇ ਛੇਵੇਂ ਸਥਾਨ 'ਤੇ ਰਹੇ। ਹਾਲਾਂਕਿ ਐਮਐਸਡੀ ਨੇ ਇਸ ਸ਼੍ਰੇਣੀ ਵਿੱਚ ਚੋਟੀ ਦੀ ਟੀਮ ਦਾ ਸਥਾਨ ਹਾਸਲ ਕੀਤਾ, ਪੀਪੀਐਸ ਸਥਿਰ ਸਕੋਰਿੰਗ ਨਾਲ ਮਜ਼ਬੂਤੀ ਨਾਲ ਮੁਕਾਬਲੇ ਵਿੱਚ ਰਿਹਾ।ਟੈਂਟ ਪੈਗਿੰਗ (ਵਿਅਕਤੀਗਤ) ਵਿੱਚ ਪੀਪੀਐਸ ਨੇ ਆਪਣਾ ਦਬਦਬਾ ਕਾਇਮ ਰੱਖਿਆ।ਕੰਵਰ ਜੈਦੀਪ ਸਿੰਘ ਨੇ ਪ੍ਰਭਾਵਸ਼ਾਲੀ 6 ਅੰਕਾਂ ਨਾਲ ਪਹਿਲਾ ਸਥਾਨ ਹਾਸਲ ਕੀਤਾ।ਉਸ ਤੋਂ ਬਾਅਦ ਪੀਪੀਐਸ ਰਾਈਡਰ ਅਭੈ ਪ੍ਰਤਾਪ ਸਿੰਘ (4 ਅੰਕ) ਤੇ ਬੀਰਕੰਵਰ ਸਿੰਘ (3 ਅੰਕ) ਸਨ, ਜਿਨ੍ਹਾਂ ਨੇ ਕ੍ਰਮਵਾਰ ਤੀਜਾ ਤੇ ਚੌਥਾ ਸਥਾਨ ਹਾਸਲ ਕੀਤਾ।ਧਨਵੀਰ ਸਿੰਘ ਨੇ ਛੇਵੇਂ ਸਥਾਨ 'ਤੇ ਰਹਿ ਕੇ ਇੱਕ ਹੋਰ ਅੰਕ ਜੋੜ ਆਪਣੀ ਟੀਮ ਦੀ ਸਥਿਤੀ ਨੂੰ ਹੋਰ ਮਜ਼ਬੂਤ ਕੀਤਾ।

ਡਰੈਸੇਜ ਚਿਲਡਰਨ-999 ਸ਼੍ਰੇਣੀ ਵਿੱਚ, ਪੀਪੀਐਸ ਰਾਈਡਰਾਂ ਨੇ ਡੇਲੀ ਕਾਲਜ ਦੇ ਖਿਲਾਫ ਸ਼ਾਨਦਾਰ ਪ੍ਰਦਰਸ਼ਨ ਕੀਤਾ।ਗੁਰਿੰਦਰ ਪ੍ਰਤਾਪ ਸਿੰਘ ਨੇ 3 ਅੰਕਾਂ ਨਾਲ ਚੌਥਾ ਸਥਾਨ ਪ੍ਰਾਪਤ ਕੀਤਾ, ਜਦੋਂਕਿ ਉਸਦੇ ਸਾਥੀ ਬਬਨੂਰ ਸਿੰਘ ਨੇ 2 ਅੰਕਾਂ ਨਾਲ ਪੰਜਵਾਂ ਸਥਾਨ ਪ੍ਰਾਪਤ ਕੀਤਾ।ਪੀਪੀਐਸ ਦੇ ਸਮੂਹਿਕ ਯਤਨਾਂ ਨੇ ਉਨ੍ਹਾਂ ਨੂੰ ਇਸ ਈਵੈਂਟ ਲਈ ਟੀਮ ਸਟੈਂਡਿੰਗ ਵਿੱਚ ਦੂਜਾ ਸਥਾਨ ਪ੍ਰਾਪਤ ਕਰਾਇਆ।ਪੀਪੀਐਸ ਨੇ ਸਮੁੱਚੀ ਮਜਬੂਤ ਮੌਜੂਦਗੀ ਬਣਾਈ ਰੱਖੀ।

## ਪਰਮਿੰਦਰ ਸਿੰਘ ਹੈਪੀ ਦੀ ਮਾਤਾ ਨੂੰ ਸ਼ਰਧਾਂਜਲੀਆਂ ਭੇਟ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੰਜਾਬ ਦੇ ਕੈਬਨਿਟ ਮੰਤਰੀਆਂ ਗੁਰਮੀਤ ਸਿੰਘ ਖੁੱਡੀਆਂ ਅਤੇ ਡਾ. ਬਲਜੀਤ ਕੌਰ ਨੇ ਆਮ ਆਦਮੀ ਪਾਰਟੀ ਦੇ ਆਗੂ ਪਰਮਿੰਦਰ ਸਿੰਘ (ਹੈਪੀ) ਸਰਪੰਚ ਦੇ ਮਾਤਾ ਦੇ ਅਕਾਲ ਚਲਾਣੇ ਉਪਰੰਤ ਰੱਖੇ ਗਏ ਪਾਠ ਦੇ ਭੋਗ ਵਿੱਚ ਸ਼ਿਰਕਤ ਕੀਤੀ।ਭੋਗ ਉਪਰੰਤ ਖੁੱਡੀਆਂ ਨੇ ਵਿੱਛੜੀ ਰੂਹ ਨੂੰ ਚੇਤੇ ਕਰਦਿਆਂ ਪਰਵਾਰ ਲਈ ਭਾਣਾ ਮੰਨਣ ਦਾ ਬਲ ਬਖ਼ਸ਼ਣ ਦੀ ਅਰਦਾਸ ਕੀਤੀ ਤੇ ਕਿਹਾ ਕਿ ਕਿਸੇ ਵੀ ਪਰਵਾਰਕ ਮੈਂਬਰ ਦੇ ਵਿਛੋੜੇ ਦਾ ਦੁੱਖ ਅਸਹਿਯੋਗ ਹੁੰਦਾ ਹੈ।

ਡਾ. ਬਲਜੀਤ ਕੌਰ ਨੇ ਵੀ ਮਾਤਾ ਜੀ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਐੱਮ.ਐੱਲ.ਏ ਦੇ ਕਾਕਾ ਬਰਾੜ, ਚੇਅਰਮੈਨ ਜਗਦੇਵ ਸਿੰਘ ਬਾਮ, ਪਿੰਡ ਦੇ ਪਤਵੰਤੇ ਤੇ ਵੱਡੀ ਗਿਣਤੀ 'ਚ ਆਸ-ਪਾਸ ਦੇ ਲੋਕ ਹਾਜ਼ਰ ਸਨ।

## ਕਾਂਗਰਸ ਵੱਲੋਂ ਸੰਵਿਧਾਨ ਬਚਾਓ ਸਮਾਗਮ ਦਾ ਆਯੋਜਨ



**ਮਾਨਸਾ (ਆਤਮਾ ਸਿੰਘ ਪਮਾਰ)**-ਕਾਂਗਰਸ ਪਾਰਟੀ ਜ਼ਿਲ੍ਹਾ ਇਕਾਈ ਮਾਨਸਾ ਵੱਲੋਂ ਸੰਵਿਧਾਨ ਦਿਵਸ ਨੂੰ ਸਮਰਪਤ ਸੰਵਿਧਾਨ ਬਚਾਓ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ 'ਚ ਜ਼ਿਲ੍ਹਾ ਪ੍ਰਧਾਨ ਅਰਸ਼ਦੀਪ ਸਿੰਘ ਗਾਗੋਵਾਲ ਨੇ ਦੇਸ਼ ਅੰਦਰ ਹੋਈਆਂ ਤਾਜ਼ਾ ਚੋਣ ਗੜਬੜੀਆਂ ਤੇ ਵੱਖ-ਵੱਖ ਸੰਸਥਾਵਾਂ 'ਚ ਲੋਕਤੰਤਰੀ ਪ੍ਰਪਾਰਾਵਾਂ ਨੂੰ ਅਣਗੌਲਿਆਂ ਕਰਕੇ ਭਾਜਪਾ ਵੱਲੋਂ ਆਪਣੇ ਚਹੇਤਿਆਂ ਨੂੰ ਕਾਬਜ਼ ਕਰਾਉਣ ਦੇ ਗੰਭੀਰ ਦੋਸ਼ ਲਾਏ ਗਏ।ਨੌਜਵਾਨ ਕਾਂਗਰਸੀ ਆਗੂ ਨੇ ਕਿਹਾ ਕਿ ਆਉਣ ਵਾਲੇ ਸਮੇਂ 'ਚ ਸ੍ਰੀ ਰਾਹੁਲ ਗਾਂਧੀ ਅਤੇ ਮਲਿਕ ਅਰਜੁਨ ਖੜਗੇ ਦੀ ਅਗਵਾਈ ਹੇਠ ਸੰਵਿਧਾਨ ਦੀ ਰੱਖਿਆ ਲਈ ਲੜਾਈ ਦੌਰਾਨ ਪੰਜਾਬ ਦੇ ਲੋਕ ਅਤੇ ਕਾਂਗਰਸ ਦੇ ਵਰਕਰ ਵੱਧ ਤੋਂ ਵੱਧ ਯੋਗਦਾਨ ਪਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡਣਗੇ।ਇਸ ਸਮੇਂ ਗੁਰਪ੍ਰੀਤ ਸਿੰਘ ਵਿੱਕੀ, ਸੱਤਪਾਲ ਸਿੰਘ ਮੂਲੇਵਾਲ, ਕੁਲਵੰਤ ਰਾਏ ਸਿੰਗਲਾ, ਗੁਰਪਿਆਰ ਸਿੰਘ ਪਿਆਰੀ, ਹਰਵਿੰਦਰ ਕੌਰ, ਦਿਪੀ ਬਰਾੜ, ਹਰਵਿੰਦਰ ਭਾਰਦਵਾਜ, ਸੁਖਦਰਸ਼ਨ ਸਿੰਘ ਖਾਰਾ, ਬਲਦੇਵ ਸਿੰਘ ਰੜ, ਨੇਮ ਕੁਮਾਰ ਚੌਧਰੀ, ਹਰਵਿੰਦਰ ਸਿੰਘ ਸਵੀਟੀ, ਪ੍ਰਗਟ ਸਿੰਘ ਖੀਵਾ, ਅੰਮ੍ਰਿਤ ਪਾਲ ਸਿੰਘ ਕੂਕਾ, ਗੁਰਦੀਪ ਸਿੰਘ ਮਾਨ, ਅੰਮ੍ਰਿਤ ਪਾਲ ਗੋਗਾ, ਗੁਰਜੀਤ ਸਿੰਘ ਠੂਠਿਆਂਵਾਲੀ, ਗੁਰਤੇਜ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਵਰਕਰ ਵੀ ਹਾਜ਼ਰ ਸਨ।

## ਬਾਬਾ ਖੇਤਰਪਾਲ ਦੇ ਮੰਦਰ ਵਿਖੇ ਹਫ਼ਤਾਵਾਰੀ ਲੰਗਰ ਦੀ ਸੇਵਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪਿਆਰੇ ਲਾਲ ਗੋਇਲ ਤੇ ਉਨ੍ਹਾਂ ਦੇ ਪਰਵਾਰ ਵੱਲੋਂ ਬਾਬਾ ਖੇਤਰਪਾਲ ਜੀ ਦੇ ਪਵਿੱਤਰ ਮੰਦਰ ਵਿਖੇ ਇਸ ਹਫਤੇ ਵੀ ਹਫਤਾਵਾਰੀ ਲੰਗਰ ਦੀ ਸੇਵਾ ਨਿਭਾਈ ਗਈ। ਸੇਵਾ ਭਾਵਨਾ ਨਾਲ ਕੀਤੇ ਇਸ ਲੰਗਰ ਵਿੱਚ ਦਾਲ, ਫੁਲਕਾ, ਮਿਕਸ ਸਬਜ਼ੀ ਤੇ ਖੀਰ ਦੀ ਵਿਸ਼ੇਸ਼ ਵੰਡ ਕੀਤੀ ਗਈ, ਜਿਸ ਦਾ ਹਜ਼ਾਰਾਂ ਸ਼ਰਧਾਲੂਆਂ ਨੇ ਆਨੰਦ ਲਿਆ।ਗੋਇਲ ਪਰਵਾਰ ਨੇ ਕਿਹਾ ਕਿ ਇਹ ਸੇਵਾ ਉਹਨਾਂ ਲਈ ਆਤਮਕ ਖ਼ੁਸ਼ੀ ਦਾ ਸਰੋਤ ਹੈ ਤੇ ਉਹ ਅੱਗੇ ਵੀ ਇਸ ਪ੍ਰੰਪਰਾ ਨੂੰ ਜਾਰੀ ਰੱਖਣਗੇ। ਪ੍ਰਧਾਨ ਸੰਜੀਵ ਗਰਗ ਨੇ ਦੱਸਿਆ ਕਿ ਬਾਬਾ ਖੇਤਰਪਾਲ ਜੀ ਦਾ ਮੰਦਰ ਸਿਰਫ਼ ਧਾਰਮਿਕ ਨਿਸ਼ਾਨ ਨਹੀਂ, ਸਗੋਂ ਸ਼ਰਧਾ ਤੇ ਭਗਤੀ ਦਾ ਪ੍ਰਤੀਕ ਹੈ।ਉਨ੍ਹਾਂ ਕਿਹਾ ਕਿ ਹਰ ਹਫ਼ਤੇ ਇਥੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਦਰਸ਼ਨ ਕਰਨ ਆਉਂਦੇ ਹਨ ਤੇ ਆਪਣੀਆਂ ਮਨੋਕਾਮਨਾਵਾਂ ਬਾਬਾ ਜੀ ਅੱਗੇ ਰੱਖਦੇ ਹਨ।ਸੰਜੀਵ ਗਰਗ ਨੇ ਕਿਹਾ ਕਿ ਸੰਗਤਾਂ ਦੀ ਅਟੱਲ ਆਸਥਾ ਤੇ ਸੇਵਾ ਭਾਵਨਾ ਕਾਰਨ ਹੀ ਇਹ ਮੰਦਰ ਖੇਤਰ ਵਿੱਚ ਆਧਿਆਤਮਿਕਤਾ ਦਾ ਕੇਂਦਰ ਬਣਿਆ ਹੋਇਆ ਹੈ।ਉਨ੍ਹਾਂ ਜਾਣਕਾਰੀ ਦਿੱਤੀ ਕਿ ਹਫਤਾਵਾਰੀ ਲੰਗਰ ਸੰਗਤਾਂ ਦੀ ਸਾਂਝੀ ਭਗਤੀ ਅਤੇ ਸੇਵਾ ਦਾ ਪ੍ਰਤੀਕ ਹੈ, ਜਿਸ ਵਿੱਚ ਹਰ ਹਫਤੇ ਵੱਖ-ਵੱਖ ਪਰਿਵਾਰ ਆਪਣੀ ਸ਼ਰਧਾ ਅਨੁਸਾਰ ਯੋਗਦਾਨ ਪਾਉਂਦੇ ਹਨ।ਲੰਗਰ ਦੇ ਪ੍ਰਬੰਧ ਦੌਰਾਨ ਸੇਵਾਦਾਰਾਂ ਨੇ ਵੀ ਚੜ੍ਹਕੇ ਭਾਗ ਲਿਆ ਤੇ ਦਰਸ਼ਨ ਲਈ ਪਹੁੰਚੀ ਸੰਗਤ ਨੂੰ ਸਤਿਕਾਰ ਸਹਿਤ ਭੋਜਨ ਪਰੋਸਿਆ।ਮੰਦਰ ਪ੍ਰਬੰਧਕ ਕਮੇਟੀ ਵੱਲੋਂ ਪਿਆਰੇ ਲਾਲ ਗੋਇਲ ਪਰਵਾਰ ਦੀ ਸੇਵਾ ਦੀ ਸ਼ਲਾਘਾ ਕਰਦਿਆਂ ਕਿਹਾ ਗਿਆ ਕਿ ਉਨ੍ਹਾਂ ਦਾ ਇਹ ਯੋਗਦਾਨ ਹੋਰ ਪਰਿਵਾਰਾਂ ਲਈ ਪ੍ਰੇਰਣਾ ਦਾ ਸਰੋਤ ਹੈ।ਲੰਗਰ ਦੌਰਾਨ ਮੰਦਰ ਪ੍ਰੰਗਣ ਵਿੱਚ ਸ਼ਰਧਾਲੂਆਂ ਦੀ ਵੱਡੀ ਭੀੜ ਦੇਖਣ ਨੂੰ ਮਿਲੀ ਤੇ ਮਾਹੌਲ ਭਗਤੀਮਈ ਰਿਹਾ।

## ਮਜ਼ਦੂਰ ਮੁਕਤੀ ਮੋਰਚਾ ਵੱਲੋਂ ਮੋਹਰ ਸਿੰਘ ਵਾਲਾ 'ਚ ਰੈਲੀ



**ਭੀਖੀ (ਗੁਰਿੰਦਰ ਸਿੰਘ ਔਲਖ)**-ਭੀਖੀ ਨੇੜਲੇ ਪਿੰਡ ਮੋਹਰ ਸਿੰਘ ਵਾਲਾ ਵਿਖੇ ਮਜ਼ਦੂਰ ਮੁਕਤੀ ਮੋਰਚਾ ਸੀ ਪੀ ਆਈ ਐਮ ਐਲ ਲਿਬਰੇਸ਼ਨ ਵੱਲੋਂ ਮਜ਼ਦੂਰਾਂ ਦੀ ਇੱਕ ਰੈਲੀ ਕਰਵਾਈ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਜਿਲ੍ਹਾ ਪ੍ਰਧਾਨ ਬਲਵਿੰਦਰ ਘਰਾਂਗਣਾ ਨੇ ਕਿਹਾ ਕਿ ਮਜਦੂਰਾਂ ਨਾਲ ਹਰ ਸਰਕਾਰ ਨੇ ਧੱਕਾ ਕੀਤਾ। ਮਜਦੂਰਾਂ ਦੀ ਮਿਹਨਤ ਲੁੱਟ ਕੇ ਅਮੀਰਾਂ ਨੂੰ ਛੋਟਾਂ ਦਿੱਤੀਆਂ। ਮਜਦੂਰ ਜਮਾਤ ਨੂੰ ਗੁੰਮਰਾਹ ਕਰਕੇ ਲੁੱਟਿਆ ਤੇ ਦਲਿਤਾਂ ਨਾਲ ਜਾਤੀ ਵਿਤਕਰਾ ਵੀ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਤੇ ਕੇਂਦਰ ਦੀ ਸਰਕਾਰ ਮਜਦੂਰਾਂ ਦੇ ਨਰੇਗਾ ਰੁਜ਼ਗਾਰ ਨੂੰ ਵੀ ਖਤਮ ਕਰਨ 'ਤੇ ਲੱਗੀਆਂ ਹੋਈਆਂ ਹਨ। ਮਜਦੂਰਾਂ ਨੂੰ ਭੁੱਖਮਰੀ ਦੀ ਹਾਲਤ ਵਿੱਚ ਧੱਕਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਮੀਂਹ ਨਾਲ ਗ਼ਰੀਬਾਂ ਦੇ ਘਰਾਂ ਦੇ ਹੋਏ ਨੁਕਸਾਨ ਦੀ ਪੂਰਤੀ ਨਹੀਂ ਕੀਤੀ ਜਾ ਰਹੀ ਤੇ ਇਸ ਸਬੰਧੀ ਕੇਵਲ ਗੱਲਾਂ ਕੀਤੀਆਂ ਜਾ ਰਹੀਆਂ ਹਨ। ਬਿਜਲੀ ਬਿਲ 2025 ਲਾਗੂ ਕਰਕੇ ਬਿਜਲੀ ਪ੍ਰਬੰਧ ਨੂੰ ਕਾਰਪੋਰੇਟਾਂ ਸੌਂਪਿਆ ਜਾ ਰਿਹਾ ਹੈ। 4 ਲੇਬਰ ਕੋਡ ਲਾਗੂ ਕਰਕੇ ਮਜਦੂਰਾਂ ਦੇ ਹੱਕਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ । ਜਥੇਬੰਦੀ ਇਸ ਖਿਲਾਫ਼ ਸੰਘਰਸ਼ ਤਿੱਖਾ ਕਰੇਗੀ।ਨਰੇਗਾ ਨੂੰ ਸਹੀ ਢੰਗ ਨਾਲ ਲਾਗੂ ਕਰਾਉਣ ਤੇ ਘਰਾਂ ਦਾ ਪੂਰਾ ਮੁਆਵਜ਼ਾ ਲੈਣ ਲਈ 5 ਦਸੰਬਰ ਨੂੰ ਡੀ ਸੀ ਦਫਤਰ ਮਾਨਸਾ ਅੱਗੇ ਧਰਨਾ ਦਿੱਤਾ ਜਾਵੇਗਾ। ਰੈਲੀ ਨੂੰ ਲਿਬਰੇਸ਼ਨ ਦੇ ਜਿਲ੍ਹਾ ਮੈਂਬਰ ਕਾਮਰੇਡ ਧਰਮਪਾਲ ਨੀਟਾ , ਮੋਰਚੇ ਦੇ ਆਗੂ ਬਿੱਕਰ ਮੋਹਰ ਸਿੰਘ ਵਾਲਾ ਨੇ ਵੀ ਸੰਬੋਧਨ ਕੀਤਾ।

## ਮਜ਼ਦੂਰਾਂ ਨੂੰ ਅਣਗੌਲਿਆ ਕਰ ਰਹੀ ਹੈ ਸਰਕਾਰ : ਆਗੂ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਬਿਆਨ ਜਾਰੀ ਕਰਦਿਆਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਸੂਬਾ ਸਕੱਤਰ ਲਖਵੀਰ ਸਿੰਘ, ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਪ੍ਰਧਾਨ ਗੋਬਿੰਦ ਸਿੰਘ ਛਾਜਲੀ ਅਤੇ ਬਿੱਟੂ ਸਿੰਘ ਖੋਖਰ,ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਵਿੱਤ ਸਕੱਤਰ ਬਿੱਕਰ ਸਿੰਘ ਹਥੋਆ, ਪੰਜਾਬ ਖੇਤ ਮਜ਼ਦੂਰ ਸਭਾ ਦੇ ਨਰੰਜਣ ਸਿੰਘ ਚਨਾਗਰਾ,ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਜਗੋਦਿੰਰ ਸਿੰਘ ਬੰਧਨ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਹਰਭਗਵਾਨ ਸਿੰਘ ਮੂਣਕ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਰਵਈਏ ਕਾਰਨ ਮਜ਼ਦੂਰਾਂ ਨੂੰ ਲਗਾਤਾਰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਅੰਦਰ ਹੜਾਂ/ਬਾਰਸ਼ਾਂ ਨਾਲ ਹੋਰਨਾਂ ਤਬਕਿਆਂ ਦੇ ਨਾਲ ਬੇਜ਼ਮੀਨੇ ਮਜ਼ਦੂਰਾਂ ਦਾ ਵੀ ਬਹੁਤ ਜ਼ਿਆਦਾ ਨੁਕਸਾਨ ਹੋਇਆ ਪਰ ਸਰਕਾਰ ਨੇ ਲਾਰਿਆਂ ਤੋਂ ਬਿਨਾਂ ਮਜ਼ਦੂਰਾਂ ਦੇ ਕੁੱਝ ਵੀ ਪੱਲੇ ਨਹੀਂ ਪਾਇਆ। ਪਿਛਲੇ ਲੰਮੇ ਸਮੇਂ ਤੋਂ ਮਨਰੇਗਾ ਦੇ ਬੰਦ ਪਏ ਕੰਮ ਕਰਨ ਮਜ਼ਦੂਰਾਂ ਨੂੰ ਰੁਜ਼ਗਾਰ ਦੀ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੂਜੇ ਪਾਸੇ ਵੱਡੇ ਸਰਮਾਏਦਾਰ ਅਤੇ ਜਗੀਰਦਾਰਾਂ ਨੂੰ ਮੋਟੇ ਫਾਇਦੇ ਦੇਣ ਲਈ ਅਖੌਤੀ ਵਿਕਾਸ ਮਾਡਲ ਨੂੰ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਮਜ਼ਦੂਰ ਜਥੇਬੰਦੀਆਂ ਮੰਗ ਕਰਦੀਆਂ ਹਨ ਕਿ ਮਜ਼ਦੂਰਾਂ ਨੂੰ 10-10 ਮਰਲੇ ਦੇ ਪਲਾਟ ਦਿੱਤੇ ਜਾਣ, ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਮਜ਼ਦੂਰਾਂ ਨੂੰ ਦੇਣੀ ਯਕੀਨੀ ਕੀਤੀ ਜਾਵੇ, ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕੀਤਾ ਜਾਵੇ, ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕੀਤਾ ਜਾਵੇ, ਵਿਧਵਾ, ਬੁਢਾਪਾ ਪੈਨਸ਼ਨ 5000 ਰੁਪਏ ਕੀਤੀ ਜਾਵੇ, ਔਰਤਾਂ ਨੂੰ 1100 ਰੁਪਏ ਪ੍ਰਤੀ ਮਹੀਨਾ ਦੇਣ ਸਮੇਤ ਚੋਣਾਂ ਦੌਰਾਨ ਕੀਤੇ ਹੋਰ ਵਾਅਦੇ ਪੂਰੇ ਕੀਤੇ ਜਾਣ।

# ਚੋਣਾਂ ਤੋਂ ਪਹਿਲਾਂ ਕਈ ਪਰਵਾਰ ਕਾਂਗਰਸ 'ਚ ਸ਼ਾਮਲ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਮਾਛੀਵਾੜਾ ਸਾਹਿਬ ਦੇ ਪਿੰਡਾਂ 'ਚ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਪਾਰਟੀ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ, ਜਦੋਂ 3 ਪਿੰਡਾਂ ਦੇ ਕਈ ਪਰਵਾਰ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਹੇਠ ਕਾਂਗਰਸ ਵਿਚ ਸ਼ਾਮਲ ਹੋਏ। ਪਿੰਡ ਬਹਿਲੋਲਪੁਰ, ਝਾੜ ਸਾਹਿਬ ਤੇ ਬੁਰਜ ਪਵਾਤ ਤੋਂ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਛੱਡ ਕੇ ਕਈ ਪਰਵਾਰਾਂ ਨੇ ਕਾਂਗਰਸ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ, ਜਿਨ੍ਹਾਂ ਦਾ ਰਾਜਾ ਗਿੱਲ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਉਨ੍ਹਾਂ ਨਾਲ ਐਡਵੋਕੇਟ ਜਸਪ੍ਰੀਤ ਸਿੰਘ ਕਲਾਲਮਾਜਰਾ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਯੂਥ ਕਾਂਗਰਸ ਪ੍ਰਧਾਨ ਜਸਪ੍ਰੀਤ ਸਿੰਘ ਸਹਿਜੋ ਮਾਜਰਾ, ਸਾਬਕਾ ਸਰਪੰਚ ਮਨਜੀਤ ਸਿੰਘ ਪੱਪੂ, ਰਮਨਦੀਪ ਸਿੰਘ ਵੀ ਮੌਜੂਦ ਸਨ।

ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਕਾਂਗਰਸ ਪਾਰਟੀ ਹੀ ਲੋਕ ਹਿੱਤਾਂ 'ਤੇ ਪਹਿਰਾ ਦਿੰਦੀ ਹੈ, ਜਿਸ ਕਾਰਨ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ 'ਚ ਕਾਂਗਰਸ ਨੂੰ ਭਾਰੀ ਬਹੁਮਤ ਮਿਲੇਗਾ ਤੇ ਉਮੀਦਵਾਰ ਸ਼ਾਨ ਨਾਲ ਜਿੱਤਣਗੇ। ਉਨ੍ਹਾਂ ਕਿਹਾ ਕਿ ਜਿਹੜੇ ਪਰਵਾਰ ਕਾਂਗਰਸ 'ਚ ਸ਼ਾਮਲ ਹੋਏ ਹਨ, ਉਨ੍ਹਾਂ ਨੂੰ ਪਾਰਟੀ ਵਿਚ ਪੂਰਾ ਸਤਿਕਾਰ ਮਿਲੇਗਾ।

ਕਾਂਗਰਸ 'ਚ ਸ਼ਾਮਲ ਹੋਣ ਵਾਲਿਆਂ 'ਚ ਅੰਤਰਦੀਪ ਸਿੰਘ ਢਿੱਲੋਂ, ਅਮਰੀਕ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਜਸਵਿੰਦਰ ਸਿੰਘ, ਰਵੀ ਸਿੰਘ, ਹਰਮੇਸ਼ ਸਿੰਘ, ਅਮਰਿੰਦਰ ਸਿੰਘ ਕਿੱਕੀ, ਜਗਰੂਪ ਸਿੰਘ, ਦਲਵੀਰ ਸਿੰਘ, ਸ਼ੇਰ ਸਿੰਘ, ਜਗਜੀਤ ਸਿੰਘ ਪੰਚ, ਜਗਤਾਰ ਸਿੰਘ, ਗੁਰਚਰਨ ਸਿੰਘ, ਰਘਵੀਰ ਸਿੰਘ, ਵਰਿੰਦਰ ਸਿੰਘ, ਕਾਲਾ ਸਿੰਘ, ਗੁਰਮੀਤ ਸਿੰਘ, ਗੁਰਦੀਪ ਸਿੰਘ, ਅਰਵਿੰਦਰ ਸਿੰਘ, ਛਿੰਦਰਪਾਲ ਸਿੰਘ, ਮਨਜੀਤ ਸਿੰਘ, ਦਰਸ਼ਨ ਸਿੰਘ ਬਾਠ (ਸਾਰੇ ਵਾਸੀ ਪਿੰਡ ਬਹਿਲੋਲਪੁਰ), ਅਮਰਜੀਤ ਸਿੰਘ ਸਾਬਕਾ ਸਰਪੰਚ, ਬਲਵਿੰਦਰ ਸਿੰਘ, ਸੁਰਜੀਤ ਸਿੰਘ, ਬਲੇਦਵ ਸਿੰਘ (ਸਾਰੇ ਵਾਸੀ ਝਾੜ ਸਾਹਿਬ), ਬਲਵੀਰ ਸਿੰਘ ਸਾਬਕਾ ਸਰਪੰਚ, ਮੌੜ ਸਿੰਘ, ਪੰਚ ਬਚਨ ਸਿੰਘ, ਜੋਗਾ ਸਿੰਘ, ਜੋਰਾ ਸਿੰਘ, ਦਲੇਰ ਸਿੰਘ, ਫੌਜਾ ਸਿੰਘ, ਗੁਰਮੀਤ ਸਿੰਘ, ਗੁਰਦੇਵ ਸਿੰਘ, ਅੰਗਰੇਜ ਸਿੰਘ (ਸਾਰੇ ਵਾਸੀ ਪਿੰਡ ਬੁਰਜ ਪਵਾਤ) ਸ਼ਾਮਲ ਹਨ।

# ਪਹਿਲੀ ਤੋਂ ਮਲੇਰਕੋਟਲਾ 'ਚ ਹੋਵੇਗਾ ਸੂਫ਼ੀ ਫੈਸਟੀਵਲ : ਡੀ ਸੀ



**ਮਾਲੇਰਕੋਟਲਾ (ਅਸਗਰ ਪਰਹਾਰ)**

ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਨੇ ਸੂਫ਼ੀ ਫੈਸਟੀਵਲ ਲਈ ਕੀਤੇ ਜਾ ਰਹੇ ਅਗੇਤੇ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੀ ਅਮੀਰ ਵਿਰਾਸਤ, ਰੂਹਾਨੀਅਤ ਤੇ ਸੱਭਿਆਚਾਰ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਚਾਰਿਤ ਕਰਨ ਲਈ ਵਚਨਬੱਧ ਹੈ।ਇਸੇ ਉਦੇਸ਼ ਦੀ ਪੂਰਤੀ ਲਈ 11 ਤੋਂ 13 ਦਸੰਬਰ ਤੱਕ ਸਰਕਾਰੀ ਕਾਲਜ ਮਾਲੇਰਕੋਟਲਾ ਵਿਖੇ ਮਲੇਰਕੋਟਲਾ ਸੂਫ਼ੀ ਫੈਸਟੀਵਲ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਫੈਸਟੀਵਲ ਦੌਰਾਨ ਪ੍ਰਸਿੱਧ ਕਲਾਕਾਰ ਆਪਣੇ ਸੂਫ਼ੀ ਸੰਗੀਤ ਰਾਹੀਂ ਦਰਸ਼ਕਾਂ ਨੂੰ ਰੂਹਾਨੀ ਰੰਗ ਵਿੱਚ ਰੰਗਣਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਹਿਯੋਗ ਨਾਲ ਹੋਣ ਵਾਲੇ ਇਸ ਫੈਸਟੀਵਲ ਵਿੱਚ ਮਾਲੇਰਕੋਟਲਾ ਦੀ ਸਭਿਆਚਾਰਕ ਪਛਾਣ, ਕਲਾ, ਰਵਾਇਤੀ ਫਨ ਅਤੇ ਸਥਾਨਕ ਕਲਾਕਾਰਾਂ ਨੂੰ ਇੱਕ ਮੰਚ 'ਤੇ ਲਿਆਂਦਾ ਜਾਵੇਗਾ ਤਾਂ ਜੋ ਉਹ ਆਪਣੀ ਕਲਾ ਦੀ ਪੇਸ਼ਕਾਰੀ ਕਰ ਸਕਣ। ਉਨ੍ਹਾਂ ਕਿਹਾ ਕਿ ਜਿੱਥੇ ਫਨਕਾਰਾਂ ਨੂੰ ਆਪਣੀ ਕਲਾ ਦੀ ਪੇਸ਼ਕਾਰੀ ਲਈ ਬੇਮਿਸਾਲ ਮੌਕਾ ਮਿਲੇਗਾ, ਉੱਥੇ ਹੀ ਨੌਜਵਾਨ ਪੀੜ੍ਹੀ ਵੀ ਆਪਣੇ ਸੱਭਿਆਚਾਰ ਤੇ ਵਿਰਾਸਤ ਦੇ ਹੋਰ ਨੇੜੇ ਹੋਵੇਗੀ।ਉਨ੍ਹਾਂ ਅਧਿਕਾਰੀਆਂ ਨੂੰ ਸੂਫ਼ੀ ਫ਼ੈਸਟੀਵਲ ਦੇ ਅਗੇਤੇ ਪ੍ਰਬੰਧ ਨਿਯਮਤ ਸਮੇਂ ਅੰਦਰ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਤੇ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਪੁਲਸ ਪ੍ਰਸ਼ਾਸਨ ਨੂੰ ਸੁਰੱਖਿਆ ਤੇ ਟ੍ਰੈਫਿਕ ਪ੍ਰਬੰਧ ਬੇਹਤਰ ਕਰਨ ਲਈ ਹਦਾਇਤਾਂ ਦਿੱਤੀਆਂ।ਉਨ੍ਹਾਂ ਸਮਾਗਮ ਵਾਲੀ ਥਾਂ ਤੇ ਆਲ਼ੇ-ਦੁਆਲੇ ਦੀ ਸਾਫ਼ ਸਫ਼ਾਈ, ਪਖਾਨਿਆਂ, ਪਾਰਕਿੰਗ ਵਾਲੇ ਸਥਾਨ ਦੀ ਸਾਫ਼ ਸਫ਼ਾਈ ਦੇ ਪ੍ਰਬੰਧ ਕਰਨ ਲਈ ਨਿਰਦੇਸ਼ ਦਿੱਤੇ।ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਪੀਣ ਵਾਲੇ ਪਾਣੀ, ਪੁਖ਼ਤਾ ਰੌਸ਼ਨੀ, ਨਿਰਵਿਘਨ ਬਿਜਲੀ ਦੀ ਸਪਲਾਈ ਆਦਿ ਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਫੈਸਟੀਵਲ ਵਿੱਚ ਰਵਾਇਤੀ ਖਾਣ ਪੀਣ ਅਤੇ ਦਸਤਕਾਰੀ ਨੂੰ ਉਭਾਰਨ ਲਈ ਵਿਸ਼ੇਸ਼ ਸਟਾਲ ਵੀ ਲਗਾਏ ਜਾਣਗੇ ਤਾਂ ਜੁ ਸੈਲਾਨੀ ਮਾਲੇਰਕੋਟਲਾ ਦੇ ਪਕਵਾਨਾਂ ਦੇ ਜ਼ਾਇਕੇ ਤੇ ਵਿਰਾਸਤ ਨਾਲ ਰੂਬਰੂ ਹੋ ਸਕਣ।ਉਨ੍ਹਾਂ ਦੱਸਿਆ ਕਿ ਮਾਲੇਰਕੋਟਲਾ ਸੂਫ਼ੀ ਫ਼ੈਸਟੀਵਲ ਸਮੇਂ ਆਯੋਜਤ ਹੋਣ ਵਾਲੇ ਸਮਾਗਮਾਂ ਦੀ ਕੋਈ ਟਿਕਟ ਨਹੀਂ ਹੋਵੇਗੀ, ਇਸ ਲਈ ਇਸ ਤਿੰਨ ਰੋਜਾ ਫੈਸਟੀਵਲ ਲਈ ਸਮੂਹ ਨਿਵਾਸੀਆਂ, ਕਲਾ ਪ੍ਰੇਮੀਆਂ ਤੇ ਆਮ ਲੋਕਾਂ ਨੂੰ ਖੁੱਲ੍ਹਾ ਸੱਦਾ ਹੋਵੇਗਾ।

### ਗੈਂਗਸਟਰਵਾਦ ਖਤਮ ਕਰਨ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ : ਜਗਦੀਪ ਕੰਬੋਜ ਗੋਲਡੀ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**

ਗੈਂਗਸਟਰ ਕਲਚਰ ਨੂੰ ਖਤਮ ਕਰਨ ਤੇ ਸੂਬਾ ਵਾਸੀਆਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ।ਕਿਸੇ ਵੀ ਸ਼ਰਾਰਤੀ ਅਨਸਰ ਨੂੰ ਪੰਜਾਬ ਅੰਦਰ ਮਾਹੌਲ ਖਰਾਬ ਨਹੀਂ ਕਰਨ ਦਿੱਤਾ ਜਾਵੇਗਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਕੀਤਾ।ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਆਰ.ਐਸ.ਐਸ. ਆਗੂ ਦੇ ਪਰਵਾਰਕ ਮੈਂਬਰ ਨਵੀਨ ਅਰੋੜਾ ਦੀ ਗੋਲੀ ਮਾਰ ਕੇ ਹਤਿਆ ਕਰ ਦਿੱਤੀ ਸੀ, ਜਿਸ ਉਪਰੰਤ ਪੰਜਾਬ ਪੁਲਸ ਵੱਲੋਂ ਕੁੱਝ ਮੁਲਜ਼ਮਾਂ ਨੂੰ ਪਹਿਲਾਂ ਹੀ ਫੜ ਲਿਆ ਗਿਆ ਸੀ ਤੇ ਮੁੱਖ ਦੋਸ਼ੀ ਬਾਦਲ ਨੂੰ ਪੰਜਾਬ ਪੁਲਸ ਨੇ ਮੁਠਭੇੜ ਦੌਰਾਨ ਢੇਰ ਕਰ ਦਿੱਤਾ।ਉਨ੍ਹਾਂ ਦੱਸਿਆ ਕਿ ਬੀਤੇ ਦਿਨ ਦੋਸ਼ੀ ਬਾਦਲ ਨੂੰ ਫੜ ਲਿਆ ਗਿਆ ਤੇ ਜਿਥੇ ਅਸਲਾ ਦੱਬਿਆ ਗਿਆ ਸੀ, ਉਸਦੀ ਭਾਲ ਵਿੱਚ ਵੀਰਵਾਰ ਨੂੰ ਸਵੇਰੇ ਪੰਜਾਬ ਪੁਲਸ ਦੋਸ਼ੀ ਨੂੰ ਨਾਲ ਲੈ ਕੇ ਪਿੰਡ ਦੇ ਸ਼ਮਸ਼ਾਨਘਾਟ ਵਿਚ ਪਹੁੰਚੀ। ਪੁਲਸ ਨੂੰ ਦੇਖ ਕੇ ਉਥੇ ਮੌਜੂਦ ਮੁਲਜਮ ਦੇ ਸਾਥੀਆਂ ਵੱਲੋਂ ਫਾਇਰਿੰਗ ਸ਼ੁਰੂ ਕਰ ਦਿੱਤੀ ਗਈ। ਜਵਾਬੀ ਫਾਇਰਿੰਗ ਮੁਕਾਬਲੇ ਵਿਚ ਦੋਸ਼ੀ ਬਾਦਲ ਨੂੰ ਢੇਰ ਕਰ ਦਿੱਤਾ ਗਿਆ।ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਗੈਂਗਸਰਾਂ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਸਟੇਜਾਂ ਤੋਂ ਹਰ ਵਾਰ ਸਖਤੀ ਚੇਤਾਵਨੀ ਦਿੱਤੀ ਗਈ ਹੈ ਜਾਂ ਤਾਂ ਪੰਜਾਬ ਛੱਡ ਦਿਓ ਨਹੀਂ ਤਾਂ ਅਜਿਹਾ ਹੀ ਸਭ ਦਾ ਹਾਲ ਹੋਵੇਗਾ।ਉਨ੍ਹਾਂ ਕਿਹਾ ਕਿ ਕਿਸੇ ਵੀ ਗੈਂਗਸਟਰ ਦੀ ਪੰਜਾਬ ਵਿਚ ਕੋਈ ਜਗ੍ਹਾ ਨਹੀਂ ਹੈ, ਕਿਸੇ ਨੂੰ ਵੀ ਅਮਨ ਤੇ ਕਾਨੂੰਨੀ ਨੂੰ ਭੰਗ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ।ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਦੀ ਸੁਰੱਖਿਆ ਲਈ ਪੰਜਾਬ ਸਰਕਾਰ ਲਗਾਤਾਰ ਗੈਂਗਸਟਰਾਂ ਨੂੰ ਖਤਮ ਕਰ ਰਹੀ ਹੈ ਤਾਂ ਜੁ ਲੋਕ ਸੁਰੱਖਿਅਤ ਹੋ ਕੇ ਆਪਣਾ ਘਰਾਂ ਵਿਚ ਰਹਿਣ। ਉਨ੍ਹਾਂ ਕਿਹਾ ਕਿ ਨਸ਼ਿਆਂ ਖਿਲਾਫ ਵੀ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਅਭਿਆਨ ਚਲਾ ਕੇ ਚਿੱਟੇ ਦਾ ਕਾਰੋਬਾਰ ਕਰਨ ਵਾਲਿਆਂ ਦੇ ਘਰ ਉਜਾੜੇ ਗਏ ਹਨ ਤੇ ਨਸ਼ਿਆਂ 'ਤੇ ਪੂਰੀ ਤਰ੍ਹਾਂ ਠੱਲ੍ਹ ਪਾਈ ਜਾ ਰਹੀ ਹੈ।

## ਦੁਤਾਰਾਂ ਵਾਲੀ ਵਿਖੇ ਕਿਸਾਨ ਜਾਗਰੂਕਤਾ ਕੈਂਪ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ-ਨਿਰਦੇਸ਼ਾਂ 'ਤੇ ਮੁੱਖ ਖੇਤੀਬਾੜੀ ਅਫਸਰ ਸ੍ਰੀਮਤੀ ਹਰਪ੍ਰੀਤ ਪਾਲ ਕੌਰ ਦੀ ਰਹਿਨੁਮਾਈ ਹੇਠ ਖੇਤੀਬਾੜੀ ਵਿਭਾਗ ਵੱਲੋਂ ਬਲਾਕ ਅਬੋਹਰ ਦੇ ਵਹਾਬਵਾਲਾ ਸਰਕਲ ਦੇ ਪਿੰਡ ਦੁਤਾਰਾਂਵਾਲੀ ਵਿਖੇ ਕਿਸਾਨ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ।

ਪਰਾਲੀ ਇਕ ਪੂੰਜੀ ਥੀਮ ਤਹਿਤ ਪਰਾਲੀ ਦਾ ਸੁਯੋਗ ਤਰੀਕੇ ਨਾਲ ਨਿਪਟਾਰਾ ਕਰਨ ਸਬੰਧੀ ਕਿਸਾਨ ਵੀਰਾਂ ਨੂੰ ਪ੍ਰੇਰਿਤ ਕੀਤਾ ਗਿਆ।ਖੇਤੀਬਾੜੀ ਵਿਕਾਸ ਅਫਸਰ ਪ੍ਰਵੀਨ ਕੁਮਾਰ ਤੇ ਪ੍ਰਵੀਨ ਕੁਮਾਰ ਏ.ਐਸ.ਆਈ. ਨੇ ਕੈਂਪ ਦੌਰਾਨ ਕਿਸਾਨਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਪਰਾਲੀ ਨੂੰ ਖਾਦ ਦੇ ਵਜੋਂ ਵਰਤਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਪਰਾਲੀ ਦੀਆਂ ਕਾਤਰਾਂ ਨੂੰ ਜਮੀਨ ਵਿਚ ਵਾਹ ਕੇ ਫਸਲ ਦੀ ਬਿਜਾਈ ਕੀਤੀ ਜਾਵੇ ਜਿਸ ਨਾਲ ਹੋਰਨਾਂ ਖਾਦਾਂ ਤੇ ਸਪਰੇਆਂ ਦੀ ਵਰਤੋਂ ਘੱਟ ਹੁੰਦੀ ਹੈ ਤੇ ਪਰਾਲੀ ਦਾ ਯੋਗ ਪ੍ਰਬੰਧਨ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਮੀਨੀ ਸ਼ਕਤੀ ਕਮਜੋਰ ਹੁੰਦੀ ਹੈ ਤੇ ਖੁਰਾਕੀ ਪੋਸ਼ਕ ਤੱਤ ਵੀ ਨਸ਼ਟ ਹੁੰਦੇ ਹਨ ਤੇ ਆਲਾ-ਦੁਆਲਾ ਵੀ ਪ੍ਰਦੂਸ਼ਿਤ ਹੁੰਦਾ ਹੈ।ਇਸ ਕਰਕੇ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ।


**AXIS BANK**

**Retail Asset Centre:** AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana - 141001,.**Corporate Office:** 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.**, Registered Office:** 'Trishul', 3rd floor, opposite Samartheswar Temple, Law garden, Ellisbridge, Ahmadabad-380006.

**ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ**

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ ਕਰਜ਼ਦਾਰ ਦਾ ਨਾਂਅ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਾਸ਼ੀ (ਰੁਪਏ) |
|---|---|---|---|---|---|
| 1. | 1. ਸ੍ਰੀ ਦੀਪਕ ਪੁੱਤਰ ਕੁੰਦਨ ਲਾਲ (ਕਰਜ਼ਦਾਰ) 2. ਸ੍ਰੀਮਤੀ ਭਾਰਤੀ ਪਤਨੀ ਦੀਪਕ (ਸਹਿ-ਕਰਜ਼ਦਾਰ) ਅਤੇ 3. ਸ੍ਰੀ ਕੁੰਦਨ ਲਾਲ ਪੁੱਤਰ ਪੂਰਨ ਚੰਦ (ਸਹਿ-ਕਰਜ਼ਦਾਰ/ ਰਹਿਣਕਾਰ) | 15-Sep-2023 | 26-July-2025 | 26th-Nov-2025 | ਰੁਪਏ 19,48,353/- (ਉੱਨੀ ਲੱਖ ਅਠਤਾਲੀ ਹਜ਼ਾਰ ਤਿੰਨ ਸੌ ਤਿਰਵੰਜਾ ਰੁਪਏ ਕੇਵਲ) |

**ਰਹਿਣ ਕੀਤੀ ਜਾਇਦਾਦ ਦਾ ਵੇਰਵਾ**

ਬੈਨਾਮਾ ਵਸੀਕਾ ਨੰ. 3055 ਮਿਤੀ 08.06.1998 ਅਨੁਸਾਰ ਸ੍ਰੀ ਕੁੰਦਨ ਲਾਲ ਪੁੱਤਰ ਪੂਰਨ ਚੰਦ ਦੇ ਨਾਂਅ ਰਜਿਸਟਰਡ ਜਾਇਦਾਦ ਰਕਬਾ 7 ਮਰਲੇ, ਖਸਰਾ ਨੰ. 953, ਜਮ੍ਹਾਂਬੰਦੀ ਸਾਲ 15 ਸਾਲ, ਬਸਤੀ ਸ਼ੇਖ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਜਲੰਧਰ-I ਜਲੰਧਰ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਕਿਸ਼ਨ ਲਾਲ, ਪੱਛਮ : ਅਰਜ਼ੀਕਾਰ, ਉੱਤਰ : ਗਲੀ, ਦੱਖਣ : ਪੁਲਸ ਸਟੇਸ਼ਨ।

ਮਿਤੀ : 27.11.2025 ਸਥਾਨ : ਲੁਧਿਆਣਾ

ਸਹੀ/- (ਅਧਿਕਾਰਤ ਅਫਸਰ) ਐਕਸਿਸ ਬੈਂਕ ਲਿਮਟਿਡ



**UMMEED HOUSING FINANCE PVT. LTD**
Registered office at : Unit 2009-14, 20th Floor, Magnum Global Park, Golf Course Extension Road, Sec-58, Gurugram (Haryana)-122011
CIN: U64990HR2016PTC057984

**ਅੰਤਿਕਾ IV [(ਦੇਖੋ ਰੂਲ 8 (1)] ਕਬਜ਼ਾ ਨੋਟਿਸ**

ਜਦੋਂਕਿ ਨਿਮਨਹਸਤਾਖਰੀ 'ਸਕਿਉਰਿਟੀਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ 2002 (54 ਆਫ 2002) ਅਧੀਨ ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ: ਲਿਮ: ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ (ਰੂਲ 3) ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਨੋਟਿਸ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਸੰਬੰਧਤ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਰਾਸ਼ੀ ਵਾਪਸ ਅਦਾ ਕਰਨ 'ਚ ਅਸਫਲ ਰਹੇ ਹਨ ਅਤੇ ਉਨ੍ਹਾਂ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਿਟੀ-ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਨੂੰ ਖਾਸ ਕਰ ਅਤੇ ਆਮ ਜਨਤਾ ਨੂੰ ਆਮ ਤੌਰ 'ਤੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕੀਤੀ ਗਈ ਕੋਈ ਵੀ ਸੌਦੇਬਾਜ਼ੀ ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ: ਲਿਮ: ਨੂੰ ਰਕਮ ਅਤੇ ਉਸ ਉੱਪਰ ਵਿਆਜ ਲਾਗਤਾਂ ਆਦਿ ਨੂੰ ਨਿਮਨਲਿਖਤ ਨਿਰਧਾਰਤ ਮਿਤੀਆਂ ਤੋਂ ਮੁਕੰਮਲ ਅਦਾਇਗੀ ਤੱਕ ਹੱਕਦਾਰ ਬਣਾਏਗੀ।

ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਵਿਵਸਥਾਵਾਂ ਅਧੀਨ ਸਕਿਉਰਡ ਐੱਸਟਸ ਨੂੰ ਛੁਡਾਉਣ ਲਈ ਦਿੱਤੇ ਗਏ ਸਮੇਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ ਗਰੰਟਰਾਂ, ਸਕਿਉਰਟੀਜ਼, ਬਕਾਇਆ ਰਕਮਾਂ, ਡਿਮਾਂਡ ਨੋਟਿਸ ਸੈਕਸ਼ਨ 13 (2) ਅਧੀਨ ਭੇਜੇ ਗਏ ਹਨ ਅਤੇ ਇਸ ਅਧੀਨ ਦਾਅਵਾ ਕੀਤੀ ਗਈ ਰਕਮ ਅਤੇ ਕਬਜ਼ੇ ਦੀ ਮਿਤੀ ਹੇਠਾਂ ਦਰਸਾਏ ਅਨੁਸਾਰ ਹੈ :

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ, ਗਰੰਟਰ ਦਾ ਨਾਂਅ ਅਤੇ ਪਤਾ ਕਰਜ਼ਾ ਖਾਤਾ ਨੰ. ਅਤੇ ਕਰਜ਼ਾ ਰਾਸ਼ੀ | ਡਿਮਾਂਡ ਨੋਟਿਸ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ |
|---|---|---|---|
| 1. | 1. ਸੰਜੇ ਗੁਪਤਾ ਪੁੱਤਰ ਰਾਮ ਬਰਿਜ (ਕਰਜ਼ਦਾਰ) 2. ਯਸ਼ੋਦਾ ਗੁਪਤਾ ਪਤਨੀ ਸੰਜੇ ਗੁਪਤਾ (ਸਹਿ-ਕਰਜ਼ਦਾਰ) ਦੋਵਾਂ ਦਾ ਪਤਾ ਮਕਾਨ ਨੰ. 482, ਗੁਰੂ ਅੰਗਦ ਕਲੋਨੀ, ਜੰਡੋਲੀ ਰਾਜਪੁਰਾ, ਪਟਿਆਲਾ ਰੋਡ ਪਟਿਆਲਾ ਪੰਜਾਬ-140401 ਕਰਜ਼ਾ ਨੰ. ਐੱਲ ਐਕਸ ਏ ਐੱਮ ਬੀ 02918-190004022 ਕਰਜ਼ਾ ਇਕਰਾਰਨਾਮਾ ਮਿਤੀ 28 ਫਰਵਰੀ 2019 ਕਰਜ਼ ਰਕਮ ਰੁਪਏ 9,69,437/- | 11-Sep-25 | 26-Nov-2025 |
| | | ਬਕਾਇਆ ਰਕਮ ਰੁਪਏ 'ਚ: ਰੁਪਏ 10,66,297/- (ਦਸ ਲੱਖ ਛਿਆਹਟ ਹਜ਼ਾਰ ਦੋ ਸੌ ਸਤੰਨਵੇਂ ਕੇਵਲ) 11 ਸਤੰਬਰ 2025 ਤੱਕ, ਸਮੇਤ 12 ਸਤੰਬਰ 2025 ਤੋਂ ਵਿਆਜ 'ਤੇ ਹੋਰ ਖਰਚੇ | |

ਸਕਿਉਰਡ ਐਸਟਸ ਦਾ ਵੇਰਵਾ : ਸਮੁੱਚੇ ਪਲਾਟ ਦਾ ਅਟੁੱਟ ਹਿੱਸਾ, ਪਲਾਟ ਰਕਬਾ 0-2-3/50 ਬਿਸਵੇ, ਜੋ ਕਿ ਰਕਬਾ 103 ਵਰਗ ਗਜ਼, ਅੰਦਾਜ਼ਨ ਜ਼ਮੀਨ ਮਿਨ ਜ਼ੁਮਲਾ 31 ਵਿਘੇ 10 ਬਿਸਵੇ, ਜੋ ਕਿ 103/31500 ਕੁੱਲ ਜਾਇਦਾਦ ਦਾ ਹਿੱਸਾ, ਖੇਵਟ ਖੱਤਾ ਨੰ. 63/122, ਖਸਰਾ ਨੰ. 335 ਮਿਨ (6-0), 61 (1-12), 331 (8-18), 332 (6-19), 333 (6-5) 335 ਮਿਨ (0-5) 311 (1-11), ਕਿੱਤੇ 7, ਡੀਡ ਨੰ. 386 ਤਰੀਕ 26-04-2019, ਪਿੰਡ ਜੰਡੋਲੀ, ਰਾਜਪੁਰਾ, ਪਟਿਆਲਾ। ਹੱਦਬੰਦੀ : ਪੂਰਬ : ਪਲਾਟ ਨੰ. 88, ਪੱਛਮ : ਪਲਾਟ ਨੰ. 89, ਉੱਤਰ : ਖਾਲੀ ਪਲਾਟ, ਦੱਖਣ : ਸੜਕ

ਮਿਤੀ : 29.11.2025 ਸਥਾਨ : ਗੁਰੂਗ੍ਰਾਮ, ਹਰਿਆਣਾ

ਅਧਿਕਾਰਤ ਅਫਸਰ, ਸ੍ਰੀ ਗੌਰਵ ਤ੍ਰਿਪਾਠੀ ਮੋਬਾਇਲ-9650055701 ਉਮੀਦ ਹਾਊਸਿੰਗ ਫਾਇਨਾਂਸ ਪ੍ਰਾਈ. ਲਿਮ.



**Punjab National Bank**
Branch Office:- Rahon Road, DISTT. LUDHIANA

**ਵਿਕਰੀ ਦੀ ਜਾਣਕਾਰੀ ਹਿੱਤ ਕਰਜ਼ਦਾਰ ਨੂੰ ਨੋਟਿਸ (30 ਦਿਨਾ ਨੋਟਿਸ)**
**ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦਾ ਰੂਲ 8 (6)**

ਸੇਵਾ 'ਚ — 13.11.2025

| | |
|---|---|
| ਕਰਜ਼ਦਾਰ/ਰਹਿਣਕਾਰ :- ਮੈਸਰਜ਼ ਐੱਸ ਐੱਲ ਦੁੱਗਲ ਨਿਟਵੇਅਰਜ਼ #60, ਗਲੀ ਨੰ. 1, ਬੰਦਾ ਬਹਾਦਰ ਕਲੋਨੀ, ਲੁਧਿਆਣਾ-141007 | ਕਰਜ਼ਦਾਰ :- ਸ੍ਰੀ ਸ਼ੱਬਾ ਲਾਲ ਪੁੱਤਰ ਸ੍ਰੀ ਠਾਕੁਰ ਰਾਮ ਰਾਹੀਂ ਇਸ ਦੇ ਮਾਲਕ ਮੈਸਰਜ਼ ਐੱਸ ਐੱਲ ਦੁੱਗਲ ਨਿਟਵੇਅਰਜ਼ #60, ਗਲੀ ਨੰ. 1, ਬੰਦਾ ਬਹਾਦਰ ਕਲੋਨੀ, ਲੁਧਿਆਣਾ-141007 |

ਸ੍ਰੀਮਾਨ/ਸ੍ਰੀਮਤੀ

**ਸਕਿਉਰਡ ਐੱਸਟਸ ਦੀ ਵਿਕਰੀ ਵਾਸਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਸਰਫੇਸੀ ਐਕਟ, 2002 ਦੇ ਸੈਕਸ਼ਨ 13(8) ਅਧੀਨ ਰਜਿਸਟਰਡ ਨੋਟਿਸ**

ਤੁਹਾਨੂੰ ਪੱਤਰ ਹਾਸਲ ਕਰਨ ਵਾਲਿਆਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈਆਂ ਚੱਲ/ਅਚੱਲ ਜਾਇਦਾਦਾਂ, ਜਿਨ੍ਹਾਂ ਦਾ ਪੀ ਐੱਨ ਬੀ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਨੇ ਸੰਕੇਤਕ/ਭੌਤਿਕ ਕਬਜ਼ਾ ਹਾਸਲ ਕਰ ਲਿਆ ਹੈ, ਪੰਜਾਬ ਨੈਸ਼ਨਲ ਬੈਂਕ ਸਕਿਉਰਡ ਕ੍ਰੈਡਿਟਰ ਕਰਜ਼ਦਾਰ/ਰਹਿਣਕਾਰ ਮੈਸਰਜ਼ ਐੱਸ ਐੱਲ ਦੁੱਗਲ ਨਿਟਵੇਅਰਜ਼ #60, ਗਲੀ ਨੰ. 1, ਬੰਦਾ ਬਹਾਦਰ ਕਲੋਨੀ, ਲੁਧਿਆਣਾ-141007 ਅਤੇ ਸ੍ਰੀ ਸ਼ੱਬਾ ਲਾਲ ਪੁੱਤਰ ਸ੍ਰੀ ਠਾਕਰ ਰਾਮ ਰਾਹੀਂ ਇਸ ਦੇ ਮਾਲਕ ਮੈਸਰਜ਼ ਐੱਸ ਐੱਲ ਦੁੱਗਲ ਨਿਟਵੇਅਰਜ਼ #60, ਗਲੀ ਨੰ. 1, ਬੰਦਾ ਬਹਾਦਰ ਕਲੋਨੀ, ਲੁਧਿਆਣਾ-141007 ਨੂੰ 30.09.2017 ਨੂੰ ਬਕਾਇਆ ਰਕਮ ਰੁਪਏ 9,11,096.28 (ਨੌਂ ਲੱਖ ਗਿਆਰਾਂ ਹਜ਼ਾਰ ਛਿਆਨਵੇਂ ਰੁਪਏ ਅਤੇ ਅਠਾਈ ਪੈਸੇ ਕੇਵਲ) ਸਮੇਤ ਨਿਮਨ ਹਸਤਾਖਰ ਕੋਲ ਹੋਰ ਵਿਆਜ ਅਤੇ ਲਾਗਤਾਂ ਜਮ੍ਹਾਂ ਮੁਕੰਮਲ ਅਦਾਇਗੀ ਤੱਕ ਹੋਰ ਵਿਆਜ ਅਤੇ ਹੋਰ ਚਾਰਜਿਜ਼ ਮਨਫੀ ਵਸੂਲੀ (ਜੇਕਰ ਕੋਈ ਹੈ) ਸਰਫੇਸੀ ਐਕਟ ਦੇ ਸੈਕਸ਼ਨ 13(2) ਤਹਿਤ 27.10.2017 ਨੂੰ ਜਾਰੀ ਡਿਮਾਂਡ ਨੋਟਿਸ ਅਨੁਸਾਰ ਵਸੂਲੀ ਲਈ "ਜਿਵੇਂ ਹੈ, ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ ਵਿਕਰੀ ਕੀਤੀ ਜਾਵੇਗੀ।

ਸਕਿਉਰਡ ਐੱਸਟਸ ਦਾ ਵੇਰਵਾ ਹੇਠ ਅਨੁਸਾਰ ਹੈ : ਜਾਇਦਾਦ ਦਾ ਉਚਿਤ ਗਿਰਵੀਨਾਮਾ ਰਕਬਾ 100 ਵਰਗ ਗਜ਼ ਖੱਤਾ ਨੰ. 766/878-767/879-768/880 ਖਸਰਾ ਨੰ. 388-389-390, ਜਮ੍ਹਾਂਬੰਦੀ ਸਾਲ 2003-2004, ਹੱਦਬਸਤ ਨੰ. 166, ਪਿੰਡ ਗੇਹਲੇਵਾਲ, ਮੁਹੱਲਾ ਹੀਰਾ ਵਿਹਾਰ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਸ੍ਰੀ ਸ਼ੱਬਾ ਲਾਲ ਪੁੱਤਰ ਸ੍ਰੀ ਠਾਕਰ ਰਾਮ ਦੇ ਨਾਂਅ ਰਜਿਸਟਰਡ ਬੈਨਾਮਾ ਵਸੀਕਾ ਨੰ. 13108, ਮਿਤੀ 01.12.2009 ਅਨੁਸਾਰ। ਹੱਦਾਂ : ਪੂਰਬ : ਗਲੀ 18'-00", ਪੱਛਮ : ਗੁਆਂਢ 18'-00", ਉੱਤਰ : ਗੁਆਂਢ 50'-00", ਦੱਖਣ : ਗੁਆਂਢ 33'-00"

ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਸਰਫੇਸੀ ਐਕਟ ਦੇ ਸੈਕਸ਼ਨ 13(8) ਅਨੁਸਾਰ ਤੁਸੀਂ ਉਕਤ ਸਕਿਉਰਡ ਐੱਸਟ ਸਾਰੇ ਬਕਾਏ ਦੀ ਅਦਾਇਗੀ ਕਰਕੇ 30 ਦਿਨਾਂ ਦੇ ਅੰਦਰ ਪੁਨਰਗ੍ਰਹਿਣ ਕਰ ਸਕਦੇ ਹੋ। ਉਕਤ ਸੈਕਸ਼ਨ 13 ਦੇ ਸਬ-ਸੈਕਸ਼ਨ 8 ਹੇਠ ਅਨੁਸਾਰ ਹੈ :-

"ਜਿੱਥੇ ਸਕਿਉਰਡ ਕ੍ਰੈਡਿਟਰ ਦੀ ਬਕਾਇਆ ਸਾਰੀ ਰਕਮ ਸਮੇਤ ਉਸ ਦੀਆਂ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚਿਆਂ ਦੇ ਸਕਿਉਰਡ ਕ੍ਰੈਡਿਟਰ ਨੂੰ ਜਨਤਕ ਨਿਲਾਮੀ ਨੋਟਿਸ ਜਾਂ ਕੁਟੇਸ਼ਨਾਂ ਦਾ ਸੱਦਾ ਦੇਣ ਜਾਂ ਜਨਤਾ ਤੋਂ ਟੈਂਡਰ ਸੱਦਣ ਜਾਂ ਲੀਜ਼ ਰਾਹੀਂ ਤਬਾਦਲੇ ਸੰਬੰਧੀ ਨਿੱਜੀ ਸੰਧੀ, ਇਕਰਾਰਨਾਮਾ ਜਾਂ ਸਕਿਉਰਡ ਐੱਸਟਸ ਦੀ ਵਿਕਰੀ ਤੋਂ ਪਹਿਲਾਂ ਸਕਿਉਰਡ ਕ੍ਰੈਡਿਟਰ ਨੂੰ ਜਮ੍ਹਾਂ ਕਰਵਾ ਦਿੱਤੇ ਜਾਣ।

(i) ਸਕਿਉਰਡ ਕ੍ਰੈਡਿਟਰ ਵੱਲੋਂ ਸਕਿਉਰਡ ਐੱਸਟਸ ਲੀਜ਼, ਇਕਰਾਰਨਾਮੇ ਜਾਣਕਾਰੀ ਰਾਹੀਂ ਤਬਦੀਲ ਨਹੀਂ ਕੀਤੇ ਜਾਣਗੇ ਅਤੇ

(ii) ਜੇਕਰ ਸਕਿਉਰਡ ਕ੍ਰੈਡਿਟਰ ਵੱਲੋਂ ਲੀਜ਼ ਜਾਂ ਇਕਰਾਰਨਾਮੇ ਰਾਹੀਂ ਸਕਿਉਰਡ ਐੱਸਟਸ ਸੰਬੰਧੀ ਸਬ-ਸੈਕਸ਼ਨ ਹੇਠ ਰਕਮ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਕੋਈ ਕਦਮ ਉਠਾਇਆ ਜਾ ਚੁੱਕਿਆ ਹੋਵੇਗਾ, ਸਕਿਉਰਡ ਕ੍ਰੈਡਿਟਰ ਵੱਲੋਂ ਲੀਜ਼, ਇਕਰਾਰਨਾਮੇ ਜਾਂ ਵਿਕਰੀ ਰਾਹੀਂ ਅਗਲਾ ਕੋਈ ਕਦਮ ਨਹੀਂ ਚੁੱਕਿਆ ਜਾਵੇਗਾ।"

ਤੁਹਾਨੂੰ ਪੱਤਰ ਪ੍ਰਾਪਤ ਕਰਤਾ ਨੂੰ ਰੂਲਜ਼ 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਸਰਫੇਸੀ ਐਕਟ ਦੇ ਸੈਕਸ਼ਨ 13(8) ਦੀ ਪਾਲਣਾ 'ਚ 30 ਦਿਨਾਂ ਦੇ ਅੰਦਰ 30.09.2017 ਨੂੰ ਮੌਜੂਦਾ ਬਕਾਇਆ ਰਕਮ ਰੁਪਏ 9,11,096.28 (ਨੌਂ ਲੱਖ ਗਿਆਰਾਂ ਹਜ਼ਾਰ ਛਿਆਨਵੇਂ ਰੁਪਏ ਅਤੇ ਅਠਾਈ ਪੈਸੇ ਕੇਵਲ) ਸਮੇਤ ਭਵਿੱਖੀ ਵਿਆਜ, ਲਾਗਤ ਅਤੇ ਚਾਰਜਿਜ਼ ਅਦਾ ਕਰਕੇ ਉਕਤ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ, ਅਸਫਲ ਰਹਿਣ 'ਤੇ ਸਕਿਉਰਡ ਐੱਸਟਸ ਦੀ ਵਿਕਰੀ ਵਾਸਤੇ ਸਕਿਉਰਡ ਐੱਸਟਸ ਦੀ ਨਿਲਾਮੀ ਰੱਖ ਦਿੱਤੀ ਜਾਵੇਗੀ ਅਤੇ ਵਿਕਰੀ ਨੋਟਿਸ ਦੀ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ ਦੇ ਰੂਲ 9 (1) ਦੀ ਪਾਲਣਾ 'ਚ ਵਿਕਰੀ ਨੋਟਿਸ ਦੀ ਪ੍ਰਕਾਸ਼ਨਾ ਕਰ ਦਿੱਤੀ ਜਾਵੇਗੀ।

ਮਿਤੀ : 13.11.2025 ਸਥਾਨ : ਲੁਧਿਆਣਾ

ਅਧਿਕਾਰਤ ਅਫਸਰ, ਪੰਜਾਬ ਨੈਸ਼ਨਲ ਬੈਂਕ — ਸਕਿਉਰਡ ਕ੍ਰੈਡਿਟਰ



**punjab national bank** ...Together for the better

ARMB - JALANDHAR
Company Bagh, Civil Lines, Jalandhar (144001)
Phone : 0181-4697613, email : cs8249@pnb.co.in

ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

**ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

**ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈਆਂ ਅਚੱਲ ਜਾਇਦਾਦਾਂ ਜਿਨ੍ਹਾਂ ਦਾ ਬੈਂਕ ਦੇ ਅਧਿਕਾਰਤ ਅਫਸਰ/ਸਕਿਉਰਡ ਕ੍ਰੈਡਿਟਰ ਵੱਲੋਂ ਰਚਨਾਤਮਕ/ਭੌਤਿਕ/ਸੰਕੇਤਕ ਕਬਜ਼ਾ ਪ੍ਰਾਪਤ ਕੀਤਾ ਜਾ ਚੁੱਕਾ ਹੈ, ਸੰਬੰਧਤ ਕਰਜ਼ਦਾਰਾਂ ਅਤੇ ਗਰੰਟਰਾਂ ਕੋਲੋਂ ਬੈਂਕ/ਸਕਿਉਰਡ ਕ੍ਰੈਡਿਟਰ ਦੀ ਬਕਾਇਆ ਰਕਮ ਵਸੂਲਣ ਲਈ, ਹੇਠਾਂ ਦਰਸਾਈ ਸਾਰਣੀ 'ਚ ਦਰਸਾਈ ਮਿਤੀ 'ਤੇ "ਜਿਵੇਂ ਹੈ ਜਿਥੇ ਹੈ", "ਜੋ ਹੈ ਜਿਵੇਂ ਹੈ" ਅਤੇ "ਉਥੇ ਜੋ ਵੀ ਹੈ" ਦੇ ਅਧਾਰ 'ਤੇ ਵਿਕਰੀ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਡਿਪਾਜ਼ਟ ਸੰਬੰਧਤ ਜਾਇਦਾਦਾਂ ਵਿਰੁੱਧ ਹੇਠਾਂ ਦਰਸਾਈ ਸਾਰਣੀ ਅਨੁਸਾਰ ਹੋਵੇਗੀ।**

| ਲੌਟ ਨੰਬਰ | ਬਰਾਂਚ ਦਾ ਨਾਂਅ / ਨਿਲਾਮੀ ਦਾ ਹਵਾਲਾ ਨੰਬਰ / ਖਾਤੇ ਦਾ ਨਾਂਅ / ਕਰਜ਼ਦਾਰ/ਗਰੰਟਰਾਂ ਦੇ ਖਾਤੇ ਦਾ ਨਾਂਅ ਅਤੇ ਪਤੇ | ਰਹਿਣ ਕੀਤੀਆਂ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂਅ (ਜਾਇਦਾਦਾਂ ਦਾ ਰਹਿਣਕਾਰ) | (ਏ) ਸਰਫੇਸੀ ਐਕਟ 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ ਦੀ ਮਿਤੀ (ਬੀ) ਬਕਾਇਆ ਰਕਮ (ਸੀ) ਸਰਫੇਸੀ ਐਕਟ 2002 ਦੇ ਸੈਕਸ਼ਨ 13(4) ਅਧੀਨ ਕਬਜੇ ਦੀ ਮਿਤੀ (ਡੀ) ਕਬਜ਼ੇ ਦੀ ਕਿਸਮ ਸੰਕੇਤਕ, ਭੌਤਿਕ, ਰਚਨਾਤਮਕ | (ਏ) ਰਾਖਵੀਂ ਕੀਮਤ (ਰੁ: ਲੱਖਾਂ 'ਚ) (ਬੀ) ਈ ਐੱਮ ਡੀ (ਸੀ) ਬੋਲੀ ਵਾਧਾ ਰਕਮ | (ਈ)-ਨਿਲਾਮੀ ਦੀ ਮਿਤੀ/ਸਮਾਂ | ਸਕਿਉਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਜੋਖਮਾਂ ਦੇ ਵੇਰਵੇ |
|---|---|---|---|---|---|---|
| 1. | PNB- 023400-JALANDHAR,CHOWK SUDAN / PUNB0234PRACHEE / ਮੈਸਰਜ਼ ਪ੍ਰਾਚੀ ਇੰਟਰਪ੍ਰਾਈਜਜ਼ ਰਾਹੀਂ ਇਸ ਦੇ ਪ੍ਰੋਪਰਾਈਟਰ ਸ੍ਰੀ ਦਵਿੰਦਰ ਕੁਮਾਰ ਪੁੱਤਰ ਸ੍ਰੀ ਸੱਤਪਾਲ ਮੱਲ ਡਾ. ਅੰਬੇਡਕਰ ਮਾਰਗ, ਬੂਟਾ ਮੰਡੀ ਜਲੰਧਰ 2, ਸ੍ਰੀ ਦਵਿੰਦਰ ਕੁਮਾਰ ਪੁੱਤਰ ਸ੍ਰੀ ਸੱਤਪਾਲ ਮੱਲ ਡਾ. ਅੰਬੇਡਕਰ ਮਾਰਗ, ਬੂਟਾ ਮੰਡੀ ਜਲੰਧਰ (ਪ੍ਰੋਪਰਾਈਟਰ/ਰਹਿਣਕਾਰ) 3. ਸ੍ਰੀ ਸੱਤਪਾਲ ਮੱਲ ਪੁੱਤਰ ਬਿਸ਼ਨ ਦਾਸ ਡਾ. ਅੰਬੇਡਕਰ ਮਾਰਗ, ਬੂਟਾ ਮੰਡੀ ਜਲੰਧਰ (ਗਰੰਟਰ/ਰਹਿਣਕਾਰ) 4. ਸ੍ਰੀ ਬਿਸ਼ਨ ਦਾਸ ਐਂਡ ਸੰਨਜ਼ ਡਾ. ਅੰਬੇਡਕਰ ਮਾਰਗ, ਬੂਟਾ ਮੰਡੀ ਜਲੰਧਰ (ਗਰੰਟਰ/ਰਹਿਣਕਾਰ) | 1. ਜਾਇਦਾਦ/ਜਾਇਦਾਦ ਨੰ. ਬੀ-XXX1/964 'ਤੇ ਨਿਰਮਤ ਮਕਾਨ, ਬੂਟਾ ਮੰਡੀ, ਜਲੰਧਰ ਨਾਲ ਸੰਬੰਧਤ ਸਭ ਕੁਝ। (i) ਖੇਤਰ ਰਕਬਾ 2 ਮਰਲੇ 172 ਵਰਗ ਫੁੱਟ ਟਾਈਟਲ ਡੀਡ ਨੰ. 2956 ਮਿਤੀ 22.06.1992 ਅਨੁਸਾਰ ਸ੍ਰੀ ਦਵਿੰਦਰ ਕੁਮਾਰ ਮੱਲ ਦੇ ਨਾਂਅ (ii) ਖੇਤਰ ਰਕਬਾ 90 ਵਰਗ ਗਜ਼ 1 ਵਰਗ ਫੁੱਟ, ਟਾਈਟਲ ਡੀਡ ਨੰ. 7273 ਮਿਤੀ 25.02.1981, ਸ੍ਰੀ ਸਤਪਾਲ ਦੇ ਨਾਂਅ (iii) ਖੇਤਰ ਰਕਬਾ 07 ਮਰਲਾ 207 ਵਰਗ ਫੁੱਟ ਟਾਈਟਲ ਡੀਡ ਨੰ. 2817 ਮਿਤੀ 10.10.1984 ਅਨੁਸਾਰ ਸ੍ਰੀ ਸਤਪਾਲ ਦੇ ਨਾਂਅ (iv) ਖੇਤਰ ਰਕਬਾ 92 ਵਰਗ ਗਜ਼ 5 ਵਰਗ ਫੁੱਟ, ਟਾਈਟਲ ਡੀਡ ਨੰ. 3063 ਮਿਤੀ 06.08.1987 ਅਨੁਸਾਰ ਮੈਸਰਜ਼ ਬਿਸ਼ਨ ਦਾਸ ਐਂਡ ਸਨਜ਼ (ਸਤਪਾਲ ਮੱਲ ਅਤੇ ਸ੍ਰੀ ਦਵਿੰਦਰ ਕੁਮਾਰ ਮੱਲ ਹਿੱਸੇਦਾਰ ਵਜੋਂ) ਦੇ ਨਾਂਅ (v) ਖੇਤਰ ਰਕਬਾ 328 ਵਰਗ ਗਜ਼ 8 ਵਰਗ ਫੁੱਟ ਟਾਈਟਲ ਡੀਡ ਨੰ. 3081 ਮਿਤੀ 07.08.1987 ਅਨੁਸਾਰ ਮੈਸਰਜ਼ ਬਿਸ਼ਨ ਦਾਸ ਐਂਡ ਸਨਜ਼ (ਸਤਪਾਲ ਮੱਲ ਅਤੇ ਸ੍ਰੀ ਵਰਿੰਦਰ ਕੁਮਾਰ ਮੱਲ ਹਿੱਸੇਦਾਰ ਵਜੋਂ) ਦੇ ਨਾਂਅ (vi) ਖੇਤਰ ਰਕਬਾ 155 ਵਰਗ ਗਜ਼ 5 ਵਰਗ ਫੁੱਟ, ਟਾਈਟਲ ਡੀਡ ਨੰ. 5674 ਮਿਤੀ 08.12.1987 ਅਨੁਸਾਰ ਮੈਸਰਜ਼ ਬਿਸ਼ਨ ਦਾਸ ਐਂਡ ਸਨਜ਼ (ਸਤਪਾਲ ਮੱਲ ਅਤੇ ਸ੍ਰੀ ਦਵਿੰਦਰ ਕੁਮਾਰ ਮੱਲ ਹਿੱਸੇਦਾਰ ਵਜੋਂ) ਦੇ ਨਾਂਅ (vii) ਖੇਤਰ ਰਕਬਾ 155 ਵਰਗ ਗਜ਼ 5 ਵਰਗ ਫੁੱਟ, ਟਾਈਟਲ ਡੀਡ ਨੰ. 5676 ਮਿਤੀ 08.12.1987, ਮੈਸਰਜ਼ ਬਿਸ਼ਨ ਦਾਸ ਐਂਡ ਸਨਜ਼ (ਸਤਪਾਲ ਮੱਲ ਅਤੇ ਦਵਿੰਦਰ ਕੁਮਾਰ ਮੱਲ ਹਿੱਸੇਦਾਰ ਵਜੋਂ) ਦੇ ਨਾਂਅ। ਕੁੱਲ ਖੇਤਰ : 1026.11 ਵਰਗ ਗਜ਼। | (ਏ) 18.04.2018 (ਬੀ) ਰੁ: 20681609.80/- + 01.04.2018 ਤੋਂ ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ (ਸੀ) 19.11.2018 (ਡੀ) ਸੰਕੇਤਕ ਕਬਜ਼ਾ | Rs.2,57,81,350/- Rs. 25,78,135/- Rs. 3,00,000/- | 15.12.2025 at 11:00 am to 4:00 pm | ਨਿਲ ਜਾਣਕਾਰੀ ਨਹੀਂ |
| 2. | PNB- (010710), NAWANSHAHR / PUNBARYANIP and PUNBARYANE4 / 1. ਮੈਸਰਜ਼ ਆਰੀਅਨ ਰੋਲਿੰਗ ਫਲੋਰ ਮਿੱਲ, ਈ-6,7, ਨੇੜੇ ਫੋਕਲ ਪੁਆਇੰਟ, ਸ਼ੂਗਰ ਮਿੱਲ ਕਾਲੋਨੀ, ਨਵਾਂ ਸ਼ਹਿਰ, ਸ਼ਹੀਦ ਭਗਤ ਸਿੰਘ ਨਗਰ, ਪੰਜਾਬ-144514, 2. ਸ੍ਰੀ ਕਮਲ ਕੁਮਾਰ ਪੁੱਤਰ ਰੱਖਾ ਰਾਮ ਈ-6,7, ਨੇੜੇ ਫੋਕਲ ਪੁਆਇੰਟ, ਸ਼ੂਗਰ ਮਿੱਲ ਕਾਲੋਨੀ, ਨਵਾਂ ਸ਼ਹਿਰ, ਸ਼ਹੀਦ ਭਗਤ ਸਿੰਘ ਨਗਰ, ਪੰਜਾਬ-144514, 3. ਸ੍ਰੀਮਤੀ ਸੁਸ਼ੀਲਾ ਪਤਨੀ ਕਮਲ ਕੁਮਾਰ ਈ-6,7 ਨੇੜੇ ਫੋਕਲ ਪੁਆਇੰਟ, ਸ਼ੂਗਰ ਮਿੱਲ ਕਾਲੋਨੀ, ਨਵਾਂ ਸ਼ਹਿਰ, ਸ਼ਹੀਦ ਭਗਤ ਸਿੰਘ ਨਗਰ, ਪੰਜਾਬ-144514, 4. ਸ੍ਰੀ ਨਿਤਿਨ ਮਡਾਰ ਪੁੱਤਰ ਕਮਲ ਕੁਮਾਰ ਈ-6,7 ਨੇੜੇ ਫੋਕਲ ਪੁਆਇੰਟ, ਸ਼ੂਗਰ ਮਿੱਲ ਕਾਲੋਨੀ, ਨਵਾਂ ਸ਼ਹਿਰ, ਸ਼ਹੀਦ ਭਗਤ ਸਿੰਘ ਨਗਰ, ਪੰਜਾਬ-144514, 5. ਸ੍ਰੀ ਕਮਲ ਕੁਮਾਰ ਪੁੱਤਰ ਰੱਖਾ ਰਾਮ 21-23, ਨੇੜੇ ਹਨੂੰਮਾਨ ਵਾਲੀ ਗਲੀ, ਇੰਦਰਾ ਪਾਰਕ ਐਕਸਟੈਂਸ਼ਨ, ਈਸਟ ਉੱਤਮ ਨਗਰ, ਵੈਸਟ ਦਿੱਲੀ-110059, 6. ਸ੍ਰੀਮਤੀ ਸੁਸ਼ੀਲਾ ਪਤਨੀ ਕਮਲ ਕੁਮਾਰ 21-23, ਨੇੜੇ ਹਨੂੰਮਾਨ ਵਾਲੀ ਗਲੀ, ਇੰਦਰਾ ਪਾਰਕ ਐਕਸਟੈਂਸ਼ਨ, ਈਸਟ ਉੱਤਮ ਨਗਰ, ਵੈਸਟ ਦਿੱਲੀ-110059, 7. ਨਿਤਿਨ ਮਡਾਰ ਪੁੱਤਰ ਕਮਲ ਕੁਮਾਰ 21-23, ਨੇੜੇ ਹਨੂੰਮਾਨ ਵਾਲੀ ਗਲੀ, ਇੰਦਰਾ ਪਾਰਕ ਐਕਸਟੈਂਸ਼ਨ, ਈਸਟ ਉੱਤਮ ਨਗਰ, ਵੈਸਟ ਦਿੱਲੀ-110059 | ਸਕਿਉਰਡ ਐਸਟ (1) ਪਲਾਟ ਨੰ. 6 ਅਤੇ 7 'ਤੇ ਨਿਰਮਤ ਪੱਟਾ ਜ਼ਮੀਨ ਦੀ ਈ ਐੱਮ ਨਾਲ ਸੰਬੰਧਤ ਸਭ ਕੁਝ। ਵੇਰਵਾ ਇਸ ਤਰ੍ਹਾਂ ਹੈ :- ਪਲਾਟ ਨੰ. ਈ-6, ਰਕਬਾ 450 ਵਰਗ ਗਜ਼, ਇੰਡਸਟਰੀਅਲ ਏਰੀਆ ਫੋਕਲ ਪੁਆਇੰਟ ਨਵਾਂਸ਼ਹਿਰ ਵਿਖੇ ਸਥਿਤ ਲੀਜ਼ ਡੀਡ ਨੰ. 4201 ਮਿਤੀ 12.12.2007 ਸ੍ਰੀਮਤੀ ਸੁਸ਼ੀਲਾ ਪਤਨੀ ਸ੍ਰੀ ਕਮਲ ਕੁਮਾਰ ਵਾਸੀ ਆਰ ਜ਼ੈੱਡ 21-22, ਇੰਦਰਾ ਪਾਰਕ ਐਕਸਟੈਨਸ਼ਨ, ਈਸਟ ਉੱਤਮ ਨਗਰ, ਨਵੀਂ ਦਿੱਲੀ ਦੇ ਪੱਖ 'ਚ ਐੱਸ ਆਰ ਨਵਾਂਸ਼ਹਿਰ ਕੋਲ ਰਜਿਸਟਰਡ 99 ਸਾਲਾ ਲੀਜ਼ 'ਤੇ ਪੱਟਾਦਾਤਾ ਰਾਹੀਂ ਅਸਟੇਟ ਅਫਸਰ-1, ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ (ਪੀ ਐੱਸ ਆਈ ਈ ਸੀ) ਚੰਡੀਗੜ੍ਹ ਵਿਖੇ ਦੂਹਰੀ ਸਪਲੀਮੈਂਟਰੀ ਲੀਜ਼ ਡੀਡ ਨੰ. 1012 ਮਿਤੀ 12.07.2017 ਸ੍ਰੀ ਕਮਲ ਕੁਮਾਰ, ਸ੍ਰੀ ਨਿਤਿਨ ਮਡਾਰ ਅਤੇ ਸ੍ਰੀਮਤੀ ਸੁਸ਼ੀਲਾ ਦੇ ਪੱਖ 'ਚ ਐੱਸ ਆਰ ਨਵਾਂਸ਼ਹਿਰ ਕੋਲ ਰਜਿਸਟਰਡ। ਪਲਾਟ ਨੰ. ਈ-7 ਦੇ ਜ਼ਮੀਨ ਅਤੇ ਇਮਾਰਤ, ਰਕਬਾ 450 ਵਰਗ ਗਜ਼, ਇੰਡਸਟਰੀਅਲ ਏਰੀਆ ਫੋਕਲ ਪੁਆਇੰਟ ਵਿਖੇ ਸਥਿਤ, ਅਸਲ ਲੀਜ਼ ਡੀਡ ਨੰ. 4204 ਮਿਤੀ 12-12-2007, ਪੱਟਾਦਾਤਾ ਅਸਟੇਟ ਅਫਸਰ-1, ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ (ਪੀ ਐੱਸ ਆਈ ਈ ਸੀ), ਚੰਡੀਗੜ੍ਹ ਵਿਖੇ ਸ੍ਰੀਮਤੀ ਸੁਸ਼ੀਲਾ ਪਤਨੀ ਸ੍ਰੀ ਕਮਲ ਕੁਮਾਰ ਦੇ ਪੱਖ 'ਚ 99 ਸਾਲਾਂ ਲਈ ਪੱਟੇ 'ਤੇ, ਵਾਸੀ ਆਰ ਜ਼ੈੱਡ 21-22, ਇੰਦਰਾ ਪਾਰਕ ਐਕਸਟੈਨਸ਼ਨਜ਼, ਈਸਟ ਉੱਤਮ ਨਗਰ ਨਵੀਂ ਦਿੱਲੀ, ਦੂਹਰੀ ਸਪਲੀਮੈਂਟਰੀ ਲੀਜ਼ ਡੀਡ ਨੰ. 1013 ਮਿਤੀ 12-07-2017, ਸ੍ਰੀ ਕਮਲ ਕੁਮਾਰ, ਸ੍ਰੀ ਨਿਤਿਨ ਮਡਾਰ ਅਤੇ ਸ੍ਰੀਮਤੀ ਸੁਸ਼ੀਲਾ ਦੇ ਪੱਖ 'ਚ ਐੱਸ ਆਰ ਨਵਾਂਸ਼ਹਿਰ ਕੋਲ ਰਜਿਸਟਰ (ਲੀਜ਼) | (ਏ) 28.08.2025 (ਬੀ) ਰੁ: 21376955.33/- + ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ (ਸੀ) 21.11.2025 (ਡੀ) ਸੰਕੇਤਕ ਕਬਜ਼ਾ | Rs.1,03,92,100/- Rs. 10,39,210/- Rs. 1,00,000/- | 31.12.2025 at 11:00 am to 4:00 pm | ਨਿਲ ਜਾਣਕਾਰੀ ਨਹੀਂ |
| | | ਸਕਿਉਰਡ ਐਸਟ-2 : ਪਲਾਟ ਨੰ. ਈ-4, ਰਕਬਾ 450 ਵਰਗ ਗਜ਼, ਇੰਡਸਟਰੀਅਲ ਏਰੀਆ ਫੋਕਲ-ਪੁਆਇੰਟ ਨਵਾਂਸ਼ਹਿਰ ਵਿਖੇ ਸਥਿਤ ਲੀਜ਼ ਡੀਡ ਮਿਤੀ 11-09-2020 'ਚ ਦਰਸਾਈ, ਉਸੇ ਮਿਤੀ ਤੇ ਐੱਸ ਆਰ ਨਵਾਂਸ਼ਹਿਰ ਕੋਲ ਰਜਿਸਟਰਡ ਲੜੀ ਨੰ. 2020-21/111 1/965 ਪੱਤਰ ਨੰ. 8741 ਮਿਤੀ 30-07-2020 ਦੇ ਆਧਾਰ 'ਤੇ ਜਾਰੀ ਕੀਤੀ। ਉਕਤ ਦੱਸੇ ਸ੍ਰੀ ਕਮਲ ਕੁਮਾਰ ਪੁੱਤਰ ਰੱਖਾ ਰਾਮ, ਸ੍ਰੀਮਤੀ ਸੁਸ਼ੀਲਾ ਪਤਨੀ ਸ੍ਰੀ ਕਮਲ ਕੁਮਾਰ ਅਤੇ ਸ੍ਰੀ ਨਿਤਿਨ ਮਡਾਰ ਪੁੱਤਰ ਸ੍ਰੀ ਕਮਲ ਕੁਮਾਰ ਸਾਰੇ ਵਾਸੀ ਫੋਕਲ ਪੁਆਇੰਟ ਨਵਾਂਸ਼ਹਿਰ ਬਾਰੇ ਮੈਸਰਜ਼ ਆਰੀਅਨ ਰੋਲਿੰਗ ਫਲੋਰ ਮਿੱਲ ਨਵਾਂਸ਼ਹਿਰ ਦੇ ਪੱਖ 'ਚ 99 ਸਾਲਾ ਲੀਜ਼ ਪੱਟਾਦਾਤਾ ਰਾਹੀਂ ਅਸਲ ਅਲਾਟੀ ਅਫਸਰ ਪੰਜਾਬ ਸਮਾਲ ਇੰਡਸਟਰੀਅਲ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਚੰਡੀਗੜ੍ਹ ਵੱਲੋਂ ਜਾਰੀ। | (ਏ) 28.08.2025 (ਬੀ) ਰੁ: 21376955.33/- + ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ (ਸੀ) 21.11.2025 (ਡੀ) ਸੰਕੇਤਕ ਕਬਜ਼ਾ | Rs.31,30,550/- Rs. 3,13,056/- Rs. 50,000/- | 31.12.2025 at 11:00 am to 4:00 pm | ਨਿਲ ਜਾਣਕਾਰੀ ਨਹੀਂ |
| 3. | PNB- (3499) BANGA DANA MANDI / PUNBRAMBATH, PUNBRAMBATH1269, PUNBRAMBATH350M / 1. ਮੈਸਰਜ਼ ਰਾਮ ਬਾਥ ਟਾਈਲਜ਼ ਕੁਲੈਕਸ਼ਨ, ਕਜਲਾ ਰੋਡ, ਸਾਹਮਣੇ ਮਾਡਰਨ ਪਬਲਿਕ ਸਕੂਲ ਬੰਗਾ-144505 2. ਸ੍ਰੀ ਰਜਤ ਪੁੰਨ ਪੁੱਤਰ ਸ੍ਰੀ ਰਾਮ ਧਵਨ ਪੁੰਨ (ਪ੍ਰੋਪਰਾਈਟਰ) ਕਜਲਾ ਰੋਡ, ਸਾਹਮਣੇ ਮਾਡਰਨ ਪਬਲਿਕ ਸਕੂਲ ਬੰਗਾ-144505 3. ਅਰੁਣਾ ਦੇਵੀ (ਰਹਿਣਕਾਰ/ਗਰੰਟਰ), 6/234 ਤੁੰਗਲ ਗੇਟ, ਬੰਗਾ, ਐੱਸ ਬੀ ਐੱਸ ਨਗਰ-144514 4. ਸ੍ਰੀ ਰਾਮ ਧੰਨ (ਰਹਿਣਕਾਰ/ਗਰੰਟਰ) 6/234 ਤੁੰਗਲ ਗੇਟ, ਬੰਗਾ, ਐੱਸ ਬੀ ਐੱਸ ਨਗਰ-144514 | (1) ਰਿਹਾਇਸ਼ੀ ਜਾਇਦਾਦ ਦਾ ਉਚਿਤ ਗਿਰਵੀਨਾਮਾ ਰਕਬਾ 5.33 ਮਿਨ, ਗਰੀਨ ਐਵੇਨਿਊ ਕਜਲਾ ਰੋਡ ਬੰਗਾ ਵਿਖੇ ਸਥਿਤ ਸ੍ਰੀਮਤੀ ਅਰੁਣਾ ਦੇਵੀ ਪੁੰਨ ਦੀ ਮਾਲਕੀ ਬੈਨਾਮਾ ਨੰ. 1268 ਅਨੁਸਾਰ ਰਜਿਸਟਰਡ। | (ਏ) 28.08.2025 (ਬੀ) ਰੁ: 5795283.47/- + ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ (ਸੀ) 21.11.2025 (ਡੀ) ਸੰਕੇਤਕ ਕਬਜ਼ਾ | Rs. 10,81,958/- Rs. 1,08,196/- Rs. 20,000/- | 31.12.2025 at 11:00 am to 4:00 pm | ਨਿਲ ਜਾਣਕਾਰੀ ਨਹੀਂ |
| | | (2) ਰਿਹਾਇਸ਼ੀ ਜਾਇਦਾਦ ਦਾ ਉਚਿਤ ਗਿਰਵੀਨਾਮਾ, ਰਕਬਾ 5.33 ਮਿਨ,ਗਰੀਨ ਐਵੇਨਿਊ ਕਜਲਾ ਰੋਡ ਬੰਗਾ ਵਿਖੇ ਸਥਿਤ ਸ੍ਰੀ ਰਾਮ ਧੰਨ ਪੁੰਨ ਦੀ ਮਾਲਕੀ ਬੈਨਾਮਾ ਨੰ. 1269 ਮਿਤੀ 22.09.2010 ਅਨੁਸਾਰ ਰਜਿਸਟਰਡ। | (ਏ) 28.08.2025 (ਬੀ) ਰੁ: 5795283.47/- + ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ (ਸੀ) 21.11.2025 (ਡੀ) ਸੰਕੇਤਕ ਕਬਜ਼ਾ | Rs. 31,62,005/- Rs. 3,16,201/- Rs. 20,000/- | 31.12.2025 at 11:00 am to 4:00 pm | ਨਿਲ ਜਾਣਕਾਰੀ ਨਹੀਂ |
| | | (3) ਰਿਹਾਇਸ਼ੀ ਜਾਇਦਾਦ 3.50 ਮਿਨ 6/234 ਰਵਿਦਾਸ ਰੋਡ ਨੇੜੇ ਤੁੰਗਲ ਗੇਟ ਵਿਖੇ ਸਥਿਤ ਸ੍ਰੀ ਰਾਮ ਧੁੰਨ ਪੁੰਨ ਦੀ ਮਾਲਕੀ ਬੈਨਾਮਾ ਨੰ. 1245 ਮਿਤੀ 02.11.1999 ਅਨੁਸਾਰ। ਰਹਿਣ ਕੀਤੀ ਜਾਇਦਾਦ ਦੀ ਈ ਐੱਮ ਦੀ ਐਕਸਟੈਨਸ਼ਨ ਅਰੁਣਾ ਦੇਵੀ ਪੁੰਨ ਅਤੇ ਰਾਮ ਧੰਨ ਪੁੰਨ ਦੀ ਖਾਤੇ ਨਾਲ ਸੰਬੰਧਤ ਹੈ। | (ਏ) 28.08.2025 (ਬੀ) ਰੁ: 5795283.47/- + ਭਵਿੱਖੀ ਵਿਆਜ ਅਤੇ ਮੁਕੰਮਲ ਅਦਾਇਗੀ ਤੱਕ ਲਾਗਤ ਅਤੇ ਚਾਰਜਿਜ (ਸੀ) 21.11.2025 (ਡੀ) ਸੰਕੇਤਕ ਕਬਜ਼ਾ | Rs. 43,03,943/- Rs. 4,30,395/- Rs. 20,000/- | 31.12.2025 at 11:00 am to 4:00 pm | ਨਿਲ ਜਾਣਕਾਰੀ ਨਹੀਂ |

**ਨਿਯਮ ਅਤੇ ਸ਼ਰਤਾਂ: ਵਿਕਰੀ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) 'ਚ ਰੂਲਜ਼ 2002 'ਚ ਦਰਸਾਈਆਂ ਸ਼ਰਤਾਂ ਤੇ ਨਿਯਮਾਂ ਅਤੇ ਹੇਠਾਂ ਦਰਸਾਈਆਂ ਹੋਰ ਸ਼ਰਤਾਂ ਅਨੁਸਾਰ ਹੋਵੇਗੀ।**
1. ਜਾਇਦਾਦਾਂ, "ਜਿਵੇਂ ਹੈ ਜਿਥੇ ਹੈ" ਅਤੇ "ਜਿਵੇਂ ਹੈ ਜੋ ਹੈ" ਅਤੇ "ਉਥੇ ਜੋ ਵੀ ਹੈ, ਦੇ ਅਧਾਰ" 'ਤੇ ਹੋਵੇਗੀ। 2.ਉਪਰੋਕਤ ਦਰਸਾਈ ਸਾਰਣੀ 'ਚ ਦੱਸੇ ਗਏ ਵੇਰਵੇ ਅਧਿਕਾਰਤ ਅਫਸਰ ਦੀ ਬਿਹਤਰ ਜਾਣਕਾਰੀ ਅਨੁਸਾਰ ਹਨ ਪ੍ਰੰਤੂ ਇਸ ਐਲਾਨਨਾਮੇ 'ਚ ਅਧਿਕਾਰਤ ਅਫਸਰ ਕਿਸੇ ਭੁੱਲ, ਗਲਤ ਬਿਆਨਬਾਜ਼ੀ ਜਾਂ ਗਲਤੀ ਲਈ ਜਵਾਬਦੇਹ ਨਹੀਂ। 3. ਈ ਐੱਮ ਡੀ ਨਿਲਾਮੀ ਤੋਂ ਇਕ ਦਿਨ ਪਹਿਲਾਂ ਤੱਕ ਜਮ੍ਹਾਂ ਕਰਵਾਈ ਜਾ ਸਕੇਗੀ। 4. ਵਿਕਰੀ ਨਿਮਨਹਸਤਾਖਰੀ ਵੱਲੋਂ ਵੈੱਬਸਾਈਟ https://baanknet.com ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ 15.12.2025 ਅਤੇ 31.12.2025 ਨੂੰ ਸਵੇਰ ਦੇ 11.00 ਵਜੇ ਤੋਂ ਸ਼ਾਮ ਦੇ 04.00 ਵਜੇ ਤੱਕ ਕਰਵਾਈ ਜਾਵੇਗੀ। 5.ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ https://baanknet.com&www.pnbindia.in ਦਾ ਹਵਾਲਾ ਲਿਆ ਜਾਵੇ।

ਮਿਤੀ : 29.11.2025 ਸਥਾਨ : ਜਲੰਧਰ

ਅਧਿਕਾਰਤ ਅਫਸਰ ਪੰਜਾਬ ਨੈਸ਼ਨਲ ਬੈਂਕ, ਸਕਿਉਰਡ ਕ੍ਰੈਡਿਟਰ

ਸਰਫੇਸੀ ਐਕਟ, 2002 ਦੇ ਰੂਲ 8 (6) ਤਹਿਤ ਵਿਧਾਨਕ ਵਿੱਕਰੀ ਨੋਟਿਸ

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਸਨਮਾਨ ਕਰਨ 'ਚ ਹਰਿਆਣਾ ਪੂਰੇ ਦੇਸ਼ 'ਚ ਰਿਹਾ ਮੋਹਰੀ

ਹਰਿਆਣਾ ਰਾਜ ਨੇ 25 ਨਵੰਬਰ, 2025 ਨੂੰ ਕੁਰੂਕਸ਼ੇਤਰ ਦੇ ਜੋਤੀਸਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਮੌਕੇ 'ਤੇ ਇੱਕ ਇਤਿਹਾਸਕ ਸਮਾਗਮ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਵਿਰਾਸਤ ਨੂੰ ਯਾਦ ਕਰਕੇ ਪੂਰੇ ਦੇਸ਼ ਵਿੱਚ ਇੱਕ ਮਿਸਾਲੀ ਉਦਾਹਰਣ ਕਾਇਮ ਕੀਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ, ਜਿਨ੍ਹਾਂ ਨੇ ਅਧਿਆਤਮਿਕ ਸ਼ਰਧਾ ਅਤੇ ਰਾਸ਼ਟਰੀ ਲੀਡਰਸ਼ਿਪ ਨੂੰ ਇਕੱਠੇ ਇੱਕ ਮੰਚ ਉੱਤੇ ਲਿਆ ਕੇ ਖੜ੍ਹਾ ਕੀਤਾ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਨੌਵੇਂ ਸਿੱਖ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਵਿਰਾਸਤ ਨੂੰ ਸਮਰਪਿਤ ਕਈ ਵੱਡੀਆਂ ਪਹਿਲਕਦਮੀਆਂ ਦਾ ਐਲਾਨ ਕੀਤਾ। ਮਾਣਯੋਗ ਮੁੱਖ ਮੰਤਰੀ ਅਤੇ ਵੱਖ-ਵੱਖ ਰਾਜ ਵਿਭਾਗਾਂ ਨੇ ਲੱਖਾਂ ਨਾਗਰਿਕਾਂ, ਵਿਦਿਆਰਥੀਆਂ, ਵਿਦਵਾਨਾਂ ਅਤੇ ਸੰਗਠਨਾਂ ਦੀ ਸਰਗਰਮ ਸ਼ਮੂਲੀਅਤ ਨਾਲ ਜਿਨ੍ਹਾਂ ਕੋਸ਼ਿਸ਼ਾਂ ਨੂੰ ਅੱਗੇ ਵਧਾਇਆ, ਜਿਸ ਨਾਲ ਹਰਿਆਣਾ ਗੁਰੂ ਸਾਹਿਬ ਦੇ ਕੁਰਬਾਨੀ, ਆਜ਼ਾਦੀ ਅਤੇ ਵਿਸ਼ਵਵਿਆਪੀ ਭਾਈਚਾਰੇ ਦੇ ਮੁੱਲਾਂ ਲਈ ਵਿਲੱਖਣ ਸ਼ਰਧਾਂਜਲੀ ਅਤੇ ਸਤਿਕਾਰ ਦੀ ਇੱਕ ਵਿਲੱਖਣ ਉਦਾਹਰਣ ਬਣ ਗਿਆ ਹੈ। 1 ਨਵੰਬਰ, 2025 ਨੂੰ ਪੰਚਕੂਲਾ ਵਿੱਚ ਇੱਕ ਮੈਗਾ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਤੋਂ ਬਾਅਦ ਹਰਿਆਣਾ ਭਰ ਵਿੱਚ 350 ਖੂਨਦਾਨ ਕੈਂਪ ਲਗਾਏ ਗਏ। ਇਹ ਕੈਂਪ ਸਮੂਹਿਕ ਤੌਰ 'ਤੇ ਸੇਵਾ ਦੀ ਭਾਵਨਾ ਨੂੰ ਦਰਸਾਉਂਦੇ ਹਨ ਜੋ ਸਿੱਖ ਸੇਵਾ ਸੰਕਲਪ ਦੀ ਨੀਂਹ ਬਣਾਉਂਦੇ ਹਨ। ਅੱਜ ਤੱਕ, ਲਗਭਗ 27,000 ਯੂਨਿਟ ਖੂਨ ਇਕੱਠਾ ਕੀਤਾ ਗਿਆ ਹੈ, ਜਿਸ ਨਾਲ ਇਹ ਰਾਜ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਸਵੈ-ਸੇਵਕ-ਸੰਚਾਲਿਤ ਸਿਹਤ ਸੰਭਾਲ ਮੁਹਿੰਮਾਂ ਵਿੱਚੋਂ ਇੱਕ ਮਿਸਾਲ ਬਣ ਗਿਆ ਹੈ। 3 ਨਵੰਬਰ, 2025 ਨੂੰ, ਹਰੇਕ ਜ਼ਿਲ੍ਹੇ ਦੇ 350 ਵਿਦਿਆਰਥੀਆਂ ਨੇ 'ਸੁਣੋ ਕਹਾਣੀ ਗੁਰੂ ਤੇਗ ਬਹਾਦਰ ਕੇ' ਪ੍ਰੋਗਰਾਮ ਵਿੱਚ ਹਿੱਸਾ ਲਿਆ, ਜਿਸ ਵਿੱਚ ਗੁਰੂ ਸਾਹਿਬ ਜੀ ਦੇ ਜੀਵਨ ਦੀਆਂ ਕਹਾਣੀਆਂ ਸੁਣਾਈਆਂ ਗਈਆਂ। ਇਸ ਪਲੇਟਫਾਰਮ ਨੇ ਵਿਦਿਆਰਥੀਆਂ ਨੂੰ ਕਹਾਣੀ ਸੁਣਾਉਣ ਦੇ ਮਾਧਿਅਮ ਨਾਲ ਸਿੱਖਣ ਲਈ ਉਤਸ਼ਾਹਿਤ ਕੀਤਾ, ਜਿਸ ਨਾਲ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦੁਆਰਾ ਪੈਦਾ ਹੋਇਆ ਸਾਹਸ, ਦਇਆ ਅਤੇ ਦ੍ਰਿੜਤਾ ਦੀਆਂ ਕਦਰਾਂ-ਕੀਮਤਾਂ ਨੂੰ ਮੁੜ ਜਾਗਰਿਤ ਕੀਤਾ ਗਿਆ। ਅੱਜ, ਹਰਿਆਣਾ ਸ਼ਾਇਦ ਪੰਜਾਬ ਤੋਂ ਬਾਅਦ ਇਕਲੌਤਾ ਅਜਿਹਾ ਰਾਜ ਹੈ ਜਿੱਥੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਵਿਰਾਸਤ ਨੂੰ ਵੱਡੇ ਪੱਧਰ 'ਤੇ ਅਤੇ ਸੇਵਾ-ਮੁਖੀ ਪ੍ਰੋਗਰਾਮਾਂ ਰਾਹੀਂ ਸਨਮਾਨਤ ਕੀਤਾ ਗਿਆ ਹੈ। ਇਹ ਸਿਰਫ਼ ਸਮਾਗਮ ਨਹੀਂ ਹਨ ਸਗੋਂ ਭਾਈਚਾਰੇ ਦੀ ਭਲਾਈ ਅਤੇ ਸੇਵਾ, ਸਦਭਾਵਨਾ ਅਤੇ ਸਾਂਝੇ ਸੱਭਿਆਚਾਰਕ ਮਾਣ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਚਨਬੱਧ ਯਤਨ ਹਨ।

## ਚੱਬੇਵਾਲ ਦੇ ਪਿੰਡਾਂ ਦੀਆਂ ਗਲੀਆਂ ਦਾ ਰੂਪ ਬਦਲਾਂਗੇ : ਡਾ. ਇਸ਼ਾਂਕ



ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬੀ ਐੱਸ ਸੈਣੀ)–ਚੱਬੇਵਾਲ ਵਿਧਾਨ ਸਭਾ ਖੇਤਰ ਵਿੱਚ 12.58 ਕਰੋੜ ਰੁਪਏ ਨਾਲ 160 ਪਿੰਡਾਂ ਦੀਆਂ ਗਲੀਆਂ ਦਾ ਸੁਧਾਰ ਅਤੇ ਪੱਕਾ ਨਿਰਮਾਣ ਕੀਤਾ ਜਾਵੇਗਾ, ਜਿਸ ਨਾਲ ਖੇਤਰ ਦੇ ਬੁਨਿਆਦੀ ਢਾਂਚੇ ਵਿੱਚ ਮਹੱਤਵਪੂਰਨ ਸੁਧਾਰ ਆਉਣਗੇ। ਇਹ ਵਿਚਾਰ ਡਾ. ਇਸ਼ਾਂਕ ਕੁਮਾਰ ਵਿਧਾਇਕ ਚੱਬੇਵਾਲ ਨੇ ਜ਼ਾਹਿਰ ਕੀਤੇ। ਵਿਧਾਇਕ ਨੇ ਕਿਹਾ ਕਿ ਹਲਕਾ ਵਾਸੀਆਂ ਦੀ ਜ਼ਿੰਦਗੀ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਇਹ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਬਰਸਾਤਾਂ ਵਿੱਚ ਹੜ੍ਹਾਂ ਕਾਰਨ ਬਹੁਤ ਸਾਰੀਆਂ ਸੜਕਾਂ ਅਤੇ ਪਿੰਡਾਂ ਦੀਆਂ ਗਲੀਆਂ ਨੂੰ ਨੁਕਸਾਨ ਪਹੁੰਚਿਆ ਸੀ। ਡਾ. ਇਸ਼ਾਂਕ ਨੇ ਕਿਹਾ ਕਿ ਉਹ ਇਹ ਯਕੀਨੀ ਬਣਾਉਣਗੇ ਕਿ ਇਨ੍ਹਾਂ ਗਲੀਆਂ ਦਾ ਨਿਰਮਾਣ ਟਿਕਾਊ ਅਤੇ ਗੁਣਵੱਤਾਪੂਰਨ ਹੋਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਪਿੰਡਾਂ ਦੇ ਵਸਨੀਕਾਂ ਨੂੰ ਰਾਹਤ ਮਿਲੇਗੀ ਅਤੇ ਖੇਤਰ ਵਿੱਚ ਵਿਕਾਸ ਨੂੰ ਨਵੀਂ ਦਿਸ਼ਾ ਮਿਲੇਗੀ।


## THE KARUR VYSYA BANK LIMITED

Karur Vysya Bank — Smart way to bank

OMC / RA & PB Division, Ground Floor, H No.8-2-269/10, Plot No.2/A, Trendset Towers, Road No.2, Banjara Hills, Hyderabad-500034. Telangana State.

### ਡਿਮਾਂਡ ਨੋਟਿਸ

ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13(2) ਤਹਿਤ 1) ਸ੍ਰੀ ਮੋਹਿਤ ਵਾਲੀਆ ਅਤੇ 2) ਸ੍ਰੀਮਤੀ ਇੰਦੂ ਵਾਲੀਆ ਅਤੇ 3) ਮੈਸਰਜ਼ ਲੀਮਿਸ ਇਨਟੈਲੈਕਟ ਦੇ ਖਾਤੇ (ਕਰਜ਼ਾ ਖਾਤਾ ਨੰਬਰ : 2135754000000341, 2135773000000166, 2135754000000332 ਅਤੇ 2135773000000172) ਕਰਜ਼ਦਾਰ ਕਰਜ਼ੇ ਦੀ ਵਸੂਲੀ ਲਈ ਹੇਠਾਂ ਦਿੱਤੇ ਵਿਅਕਤੀਆਂ ਨੂੰ ਨੋਟਿਸ ਭੇਜੇ ਗਏ ਹਨ।

(1) ਸ੍ਰੀ ਮੋਹਿਤ ਵਾਲੀਆ ਪੁੱਤਰ ਕ੍ਰਿਸ਼ਨ ਸਿੰਘ ਵਾਲੀਆ, ਵਾਸੀ ਵਿਲਾ ਨੰ: 31, ਮੈਟਰੋ ਕਿੰਗਜ਼ ਕੋਰਟ ਐੱਸ ਐੱਸ ਕਾਲੋਨੀ, ਨਾਭਾ ਜ਼ੀਰਕਪੁਰ-140603 ਜ਼ਿਲ੍ਹਾ ਐੱਸ ਏ ਐੱਸ ਨਗਰ ਮੋਹਾਲੀ, ਪੰਜਾਬ ਰਾਜ।
ਇਸ 'ਤੇ ਵੀ ਰੈਜ਼ੀਡੈਂਸ਼ੀਅਲ ਵਿਲਾ ਨੰ: 32, ਮੈਟਰੋ ਸਪੈਨਿਸ਼ ਵਿਲਾ/ਕਿੰਗਜ਼ ਕੋਰਟ, ਖੇਵਟ/ਖਤੌਨੀ ਨੰ: 190/235, 190/240, ਖਸਰਾ ਨੰ: 188/2/1 (1-7), 188/2/2 (2-8), 181 (3-14), ਟੁਕੜੇ 3, ਐੱਸ ਐੱਸ ਕਾਲੋਨੀ, ਪਿੰਡ ਨਾਭਾ, ਤਹਿਸੀਲ ਡੇਰਾ ਬੱਸੀ, ਜ਼ੀਰਕਪੁਰ-140603, ਜ਼ਿਲ੍ਹਾ ਐੱਸ ਏ ਐੱਸ ਨਗਰ (ਮੁਹਾਲੀ) ਪੰਜਾਬ ਰਾਜ।
(2) ਸ੍ਰੀਮਤੀ ਇੰਦੂ ਵਾਲੀਆ ਪਤਨੀ ਸ੍ਰੀ ਮੋਹਿਤ ਵਾਲੀਆ, ਵਾਸੀ ਵਿਲਾ ਨੰ: 31, ਮੈਟਰੋ ਕਿੰਗਜ਼ ਕੋਰਟ ਐੱਸ ਐੱਸ ਕਾਲੋਨੀ, ਨਾਭਾ ਜ਼ੀਰਕਪੁਰ-140603 ਜ਼ਿਲ੍ਹਾ ਐੱਸ ਏ ਐੱਸ ਨਗਰ ਮੋਹਾਲੀ, ਪੰਜਾਬ ਰਾਜ।
ਇਸ 'ਤੇ ਵੀ ਰੈਜ਼ੀਡੈਂਸ਼ੀਅਲ ਵਿਲਾ ਨੰ: 32, ਮੈਟਰੋ ਸਪੈਨਿਸ਼ ਵਿਲਾ/ਕਿੰਗਜ਼ ਕੋਰਟ, ਖੇਵਟ/ਖਤੌਨੀ ਨੰ: 190/235, 190/240, ਖਸਰਾ ਨੰ: 188/2/1 (1-7), 188/2/2 (2-8), 181 (3-14), ਟੁਕੜੇ 3, ਐੱਸ ਐੱਸ ਕਾਲੋਨੀ, ਪਿੰਡ ਨਾਭਾ, ਤਹਿਸੀਲ ਡੇਰਾ ਬੱਸੀ, ਜ਼ੀਰਕਪੁਰ-140603, ਜ਼ਿਲ੍ਹਾ ਐੱਸ ਏ ਐੱਸ ਨਗਰ (ਮੁਹਾਲੀ) ਪੰਜਾਬ ਰਾਜ।
(3) ਮੈਸਰਜ਼ ਲੀਮਿਸ ਇਨਟੈਲੈਕਟ ਇਸ ਮਾਲਕਾਨਾ ਨਾਲ ਸੰਬੰਧਤ, ਕਾਰੋਬਾਰ ਮਕਾਨ ਨੰ: 7-8, ਦੂਸਰੀ ਮੰਜ਼ਲ, ਜ਼ੀਰਕਪੁਰ ਪਿੰਡ, ਅੰਬਾਲਾ, ਚੰਡੀਗੜ੍ਹ ਰੋਡ ਜ਼ੀਰਕਪੁਰ-140603, ਐੱਸ ਏ ਐੱਸ ਨਗਰ, ਪੰਜਾਬ ਰਾਜ। ਇਸ ਦੇ ਮਾਲਕ ਸ੍ਰੀ ਮੋਹਿਤ ਵਾਲੀਆ ਦੁਆਰਾ ਪ੍ਰਤੀਨਿਧਤਾ।
ਇਥੇ ਵੀ : ਰੈਜ਼ੀਡੈਂਸ਼ੀਅਲ ਵਿਲਾ ਨੰ: 31 ਤੇ 32, ਮੈਟਰੋ ਸਪੈਨਿਸ਼ ਵਿਲਾ/ਕਿੰਗਜ਼ ਕੋਰਟ, ਖੇਵਟ/ਖਤੌਨੀ ਨੰ: 190/235, 190/240, ਖਸਰਾ ਨੰ: 188/2/1 (1-7), 188/2/2 (2-8), 181 (3-14), ਟੁਕੜੇ 3, ਐੱਸ ਐੱਸ ਕਾਲੋਨੀ, ਪਿੰਡ ਨਾਭਾ, ਤਹਿਸੀਲ ਡੇਰਾ ਬੱਸੀ, ਜ਼ੀਰਕਪੁਰ-140603, ਜ਼ਿਲ੍ਹਾ ਐੱਸ ਏ ਐੱਸ ਨਗਰ (ਮੁਹਾਲੀ) ਪੰਜਾਬ ਰਾਜ।

ਜਦ ਕਿ ਤੁਸੀਂ ਸਕਿਉਰਡ ਕਰੈਡਿਟਰ ਬੈਂਕ ਨੂੰ ਉਕਤ ਦੱਸੇ ਕਰਜ਼ਾ ਖਾਤਿਆਂ 'ਚ ਕਰਜ਼ੇ ਦੀ ਮੁੜ ਅਦਾਇਗੀ 'ਚ ਨਾਕਾਮ ਰਹੇ ਹੋ। ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਸਰਫੇਸੀ ਐਕਟ ਤਹਿਤ 15/11/2025 ਨੂੰ ਨੋਟਿਸ ਜਾਰੀ ਕੀਤੇ ਸਨ, ਜਿਸ ਵਿੱਚ ਇਨ੍ਹਾਂ ਖਾਤਿਆਂ ਨੂੰ ਕਿਹਾ ਗਿਆ ਹੈ ਕਿ ਉਹ 14.11.2025 ਤੱਕ ਕਰਜ਼ੇ ਬਕਾਏ ਦੀ ਰਕਮ ਰੁਪਏ 3,09,80,616.76 (ਤਿੰਨ ਕਰੋੜ ਨੌਂ ਲੱਖ ਅੱਸੀ ਹਜ਼ਾਰ ਛੇ ਸੌ ਸੋਲਾਂ ਰੁਪਏ ਤੇ ਛਿਅੱਤਰ ਪੈਸੇ ਕੇਵਲ) ਦੀ ਮੁੜ ਅਦਾਇਗੀ ਕਰਨ। ਇਸ ਨੋਟਿਸ ਦੀ ਇੱਕ ਕਾਪੀ ਰਜਿਸਟਰੀ ਵਿਲਾ ਨੰ: 31 ਤੇ 32 ਵਿੱਚ ਵੀ ਚਿਪਕਾਈ ਗਈ ਹੈ। ਮੈਟਰੋ ਸਪੈਨਿਸ਼ ਵਿਲਾ/ਕਿੰਗਜ਼ ਕੋਰਟ, ਖੇਵਟ/ਖਤੌਨੀ ਨੰ: 190/235, 190/240, ਖਸਰਾ ਨੰ: 188/2/1 (1-7), 188/2/2 (2-8), 181 (3-14), ਟੁਕੜੇ 3, ਐੱਸ ਐੱਸ ਕਾਲੋਨੀ, ਪਿੰਡ ਨਾਭਾ, ਤਹਿਸੀਲ ਡੇਰਾ ਬੱਸੀ, ਜ਼ੀਰਕਪੁਰ-140603, ਜ਼ਿਲ੍ਹਾ ਐੱਸ ਏ ਐੱਸ ਨਗਰ (ਮੁਹਾਲੀ) ਪੰਜਾਬ ਰਾਜ। 15.11.2025 ਨੂੰ ਜੇਕਰ ਉਕਤ ਧਿਰਾਂ ਉਪਰ ਦਰਜ ਪੋਸਟ/ਸਪੀਡ ਪੋਸਟ/ਕੋਰੀਅਰ ਰਾਹੀਂ ਭੇਜਿਆ ਨੋਟਿਸ ਤਾਮੀਲ ਨਹੀਂ ਹੋਇਆ ਤਾਂ ਤੁਹਾਨੂੰ ਉਕਤ ਦਸੀ ਰਕਮ ਬਾਰੇ ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ। ਉਥੋਂ ਤੁਸੀਂ ਆਪਣੇ ਹੀ ਹਿਤ 'ਚ ਨੋਟਿਸ ਦੀ ਕਾਪੀ ਲੈ ਸਕਦੇ ਹੋ, ਜਿਸ ਤੋਂ ਤੁਰੰਤ ਕਰਜ਼ਾ ਚੁਕਾਓ, ਬੈਂਕ ਦੇ ਸਕਿਉਰਿਟੀ ਚਾਰਜਿਜ਼ ਆਦਿ ਦਾ ਪੂਰਾ ਵੇਰਵਾ ਮਿਲ ਜਾਵੇਗਾ।
ਤੁਹਾਨੂੰ ਨੋਟਿਸ ਦੀ ਤਰੀਕ ਤੋਂ 60 ਦਿਨਾਂ ਦੇ ਅੰਦਰ 15.11.2025 ਤੋਂ ਅਦਾਇਗੀ ਦੀ ਤਰੀਕ ਤੱਕ ਵਿਆਜ ਸਮੇਤ ਉਕਤ ਦਸੀ ਰਕਮ ਦੀ ਅਦਾਇਗੀ ਕਰਨ ਲਈ ਕਿਹਾ ਜਾਂਦਾ ਹੈ। ਅਸਫਲਤਾ ਰਹਿਣ 'ਤੇ ਸਕਿਉਰਡ ਕਰੈਡਿਟਰ ਸਰਫੇਸੀ ਐਕਟ ਦੀਆਂ ਵਿਵਸਥਾਵਾਂ ਅਨੁਸਾਰ ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ ਸਕਿਉਰਡ ਐਸਟਸ ਹਾਈਪੋਥੀਕੇਟਿਡ/ਮਾਰਟਗੇਜਡ ਇਨਫੋਰਸਮੈਂਟ ਤਹਿਤ ਮਿਲੇ ਅਧਿਕਾਰਾਂ ਨੂੰ ਲਾਗੂ ਕਰਨ ਲਈ ਮਜਬੂਰ ਹੋਵੇਗੀ।

#### ਸਕਿਉਰਡ ਐਸਟਸ ਦਾ ਸੰਖੇਪ ਵੇਰਵਾ

ਜਾਇਦਾਦ ਨੰ: 1 :- ਰਿਹਾਇਸ਼ੀ ਵਿਲਾ ਨੰ: 31 ਦਾ ਸਮੁੱਚਾ ਅਟੁੱਟ ਹਿੱਸਾ, ਰਕਬਾ ਜ਼ਮੀਨ ਖੇਤਰ 105.77 ਵਰਗ ਗਜ਼, ਪਤਾ "ਮੈਟਰੋ ਸਪੈਨਿਸ਼ ਵਿਲਾ/ਕਿੰਗਜ਼ ਕੋਰਟ" ਖੇਵਟ/ਖਤੌਨੀ ਨੰ: 190/235, 190/240, ਖਸਰਾ ਨੰ: 188/2/1 (1-7), 188/2/2 (2-8), 181 (3-14), ਟੁਕੜੇ 3, ਵਿਚੋਂ ਕੁਲ ਜ਼ਮੀਨ ਰਕਬਾ 7 ਵਿਘੇ 9 ਬਿਸਵੇ, 169/11920 ਹਿੱਸਾ ਰਕਬਾ 0 ਵਿਘਾ-2 ਬਿਸਵੇ-2-1/4 ਬਿਸਵਾਸੀ, ਐੱਸ ਐੱਸ ਕਾਲੋਨੀ ਪਿੰਡ ਨਾਭਾ, ਤਹਿਸੀਲ ਡੇਰਾ ਬੱਸੀ, ਐੱਮ ਸੀ ਜ਼ੀਰਕਪੁਰ-140603 ਜ਼ਿਲ੍ਹਾ ਐੱਸ ਏ ਐੱਸ ਨਗਰ, ਮੁਹਾਲੀ ਪੰਜਾਬ ਰਾਜ (ਹਦਬਸਤ ਨੰ: 290) ਅਤੇ ਮੌਕੇ 'ਤੇ ਹੱਦਬੰਦੀ : ਉੱਤਰ : ਵਿਲਾ ਨੰ: 32, ਦੱਖਣ : ਵਿਲਾ ਨੰ: 30, ਪੂਰਬ : ਮਾਲਵਾ ਹੋਮਜ਼, ਪੱਛਮ : ਸੜਕ।

ਜਾਇਦਾਦ ਨੰ: 2 :- ਰਿਹਾਇਸ਼ੀ ਵਿਲਾ ਨੰ: 32 ਦਾ ਸਮੁੱਚਾ ਅਟੁੱਟ ਹਿੱਸਾ, ਰਕਬਾ ਜ਼ਮੀਨ ਖੇਤਰ 105.77 ਵਰਗ ਗਜ਼, ਪਤਾ "ਮੈਟਰੋ ਸਪੈਨਿਸ਼ ਵਿਲਾ/ਕਿੰਗਜ਼ ਕੋਰਟ" ਖੇਵਟ/ਖਤੌਨੀ ਨੰ: 190/235, 190/240, ਖਸਰਾ ਨੰ: 188/2/1 (1-7), 188/2/2 (2-8), 181 (3-14), ਟੁਕੜੇ 3, ਵਿਚੋਂ ਕੁਲ ਜ਼ਮੀਨ ਰਕਬਾ 7 ਵਿਘੇ 9 ਬਿਸਵੇ, 169/11920 ਹਿੱਸਾ ਰਕਬਾ 0 ਵਿਘਾ-2 ਬਿਸਵੇ-2-1/4 ਬਿਸਵਾਸੀ, ਐੱਸ ਐੱਸ ਕਾਲੋਨੀ ਪਿੰਡ ਨਾਭਾ, ਤਹਿਸੀਲ ਡੇਰਾ ਬੱਸੀ, ਐੱਮ ਸੀ ਜ਼ੀਰਕਪੁਰ-140603 ਜ਼ਿਲ੍ਹਾ ਐੱਸ ਏ ਐੱਸ ਨਗਰ, ਮੁਹਾਲੀ ਪੰਜਾਬ ਰਾਜ (ਹਦਬਸਤ ਨੰ: 290) ਅਤੇ ਮੌਕੇ 'ਤੇ ਹੱਦਬੰਦੀ : ਉੱਤਰ : ਵਿਲਾ ਨੰ: 33, ਦੱਖਣ : ਵਿਲਾ ਨੰ: 31, ਪੂਰਬ : ਮਾਲਵਾ ਹੋਮਜ਼, ਪੱਛਮ : ਸੜਕ।

ਸਥਾਨ : ਹੈਦਰਾਬਾਦ
ਮਿਤੀ : 15.11.2025

ਅਧਿਕਾਰਤ ਅਫਸਰ
ਦ ਕਰੂਰ ਵਿਆਸਿਆ ਬੈਂਕ ਲਿਮਟਿਡ


## ਐੱਨ ਐੱਚ ਐੱਮ ਇੰਪਲਾਈਜ਼ ਯੂਨੀਅਨ ਨੇ ਵਜਾਇਆ ਸੰਘਰਸ਼ ਦਾ ਬਿਗੁਲ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਗਰਾਪੁਰੀਆ)-ਸਿਹਤ ਵਿਭਾਗ ਵਿੱਚ ਯੋਗ ਪ੍ਰਣਾਲੀ ਰਾਹੀਂ ਭਰਤੀ ਕੀਤੇ ਨੈਸ਼ਨਲ ਹੈਲਥ ਮਿਸ਼ਨ ਅਧੀਨ ਪਿਛਲੇ ਪੰਦਰਾਂ ਵੀਹ ਸਾਲਾਂ ਤੋਂ ਠੇਕੇ ਤੇ ਕੰਮ ਕਰਦੇ ਕੱਚੇ ਸਿਹਤ ਮੁਲਾਜ਼ਮਾਂ ਨਾਲ ਪੱਕੇ ਵਾਅਦੇ ਕਰਨ ਵਾਲੀ ਸਰਕਾਰ 'ਚ ਸਿਹਤ ਵਿਭਾਗ ਚ ਕੰਮ ਕਰਦੇ ਨੈਸ਼ਨਲ ਹੈਲਥ ਮਿਸ਼ਨ ਦੇ ਮੁਲਾਜ਼ਮਾਂ ਨੂੰ ਲਗਾਤਾਰ ਦੋ ਮਹੀਨੇ ਤੋਂ ਤਨਖਾਹਾਂ ਤੋਂ ਵੀ ਸੱਖਣੇ ਹਨ। ਇਸ ਕਾਰਨ ਨੈਸ਼ਨਲ ਹੈਲਥ ਮਿਸ਼ਨ ਦੇ ਸਮੂਹ ਮੁਲਾਜ਼ਮਾਂ 'ਚ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪਹਿਲਾਂ ਹੀ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਨਾ ਮਿਲਣ ਕਾਰਨ ਉਹਨਾਂ ਨੂੰ ਭਾਰੀ ਆਰਥਿਕ ਮੰਦਹਾਲੀ ਤੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਐੱਨ ਐੱਚ ਐੱਮ ਇੰਪਲਾਈਜ਼ ਯੂਨੀਅਨ ਪੰਜਾਬ ਦੇ ਸੀਨੀਅਰ ਆਗੂ ਸੁਰਿੰਦਰ ਸਿੰਘ ਬਰਨਾਲਾ, ਗੁਲਸ਼ਨ ਸ਼ਰਮਾ ਅਤੇ ਡਾਕਟਰ ਵਾਹਿਦ ਵੱਲੋਂ ਬਾਰ ਬਾਰ ਸਿਹਤ ਮੰਤਰੀ ਤੇ ਐੱਸ ਐੱਮ ਓ ਸਤਵਿੰਦਰ ਪਾਲ ਬਿੱਟੂ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਸੰਬੰਧੀ ਉਹਨਾਂ ਜਾਣਕਾਰੀ ਦਿੰਦਿਆਂ ਕਿਹਾ ਕਿ ਬਾਰ ਬਾਰ ਸਿਹਤ ਮੰਤਰੀ ਅਤੇ ਸਟੇਟ ਹੈਲਥ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗਾਂ ਕਰਨ ਉਪਰੰਤ ਵੀ ਉਹਨਾਂ ਦੀਆਂ ਸਮੱਸਿਆਵਾਂ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ, 1 ਦਸੰਬਰ ਤੋਂ ਸਮੂਹ ਯੂਨੀਅਨ ਨੂੰ ਮਜਬੂਰਨ ਕਰਕੇ ਸੰਘਰਸ਼ ਦਾ ਰਸਤਾ ਅਪਣਾਉਣਾ ਪੈ ਰਿਹਾ ਹੈ, 1 ਦਸੰਬਰ ਤੋਂ ਸਮੂਹ ਐੱਨ ਐੱਚ ਐੱਮ ਮੁਲਾਜ਼ਮਾਂ ਵੱਲੋਂ ਪੈਨ ਡਾਊਨ ਹੜਤਾਲ ਕਰਦੇ ਹੋਏ ਆਪਣਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਹ ਰੋਸ ਪ੍ਰਦਰਸ਼ਨ ਉਹਨਾਂ ਸਮਾਂ ਜਾਰੀ ਰਹੇਗਾ ਜਿੰਨਾ ਸਰਕਾਰ ਉਹਨਾਂ ਦੀਆਂ ਰੁਕੀਆਂ ਹੋਈਆਂ ਤਨਖਾਹਾਂ ਜਾਰੀ ਨਹੀਂ ਕਰਦੀ ਅਤੇ ਤਨਖਾਹਾਂ ਜਾਰੀ ਕਰਨ ਲਈ ਕੋਈ ਠੋਸ ਰਣਨੀਤੀ ਨਹੀਂ ਬਣਾਉਂਦੀ। ਇਸ ਮੌਕੇ 'ਤੇ ਦਿਨੇਸ਼ ਗਰਗ ਪਟਿਆਲਾ, ਵਿਕਰਮ ਜੀਤ ਸਿੰਘ ਮਲੇਰਕੋਟਲਾ, ਜਸਵੀਰ ਸਿੰਘ ਤਰਨਤਾਰਨ, ਮਨਦੀਪ ਸਿੰਘ ਤਰਨਤਾਰਨ, ਅਮਰਜੀਤ ਫਤਿਹਗੜ੍ਹ ਸਾਹਿਬ, ਡਾ. ਸਿਮਰਪਾਲ ਮੋਗਾ, ਰਣਜੀਤ ਕੌਰ ਬਠਿੰਡਾ, ਗੁਰਪ੍ਰੀਤ ਸਿੰਘ ਪ੍ਰਭੂ ਪ੍ਰਕਾਸ਼, ਡਾ. ਸ਼ਿਵਰਾਜ ਲੁਧਿਆਣਾ, ਡਾ. ਪੰਖੁੜੀ ਜਲੰਧਰ, ਅਮਨਦੀਪ ਕੌਰ ਨਵਾਂਸ਼ਹਿਰ ਆਦਿ ਆਗੂ ਹਾਜ਼ਰ ਸਨ।

## ਮਹਿਲਾ ਵੱਲੋਂ ਫਾਹਾ ਲਾ ਕੇ ਖੁਦਕਸ਼ੀ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੱਬੀ): ਇੱਥੋਂ ਦੇ ਮਾੜੀ ਮੁਹੱਲੇ ਰਹਿੰਦੀ ਇੱਕ ਵਿਆਹੁਤਾ ਔਰਤ ਵੱਲੋਂ ਬੀਤੇ ਦਿਨ ਘਰ ਵਿੱਚ ਹੀ ਫਾਹਾ ਲੈ ਕੇ ਖੁਦਕਸ਼ੀ ਕਰ ਲਈ ਗਈ, ਜਿਸ ਦਾ ਸ਼ੁੱਕਰਵਾਰ ਦੁਪਹਿਰ ਬਾਅਦ ਸਸਕਾਰ ਕਰ ਦਿੱਤਾ ਗਿਆ ਹੈ। ਥਾਣਾ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਲਪਨਾ ਗੁਪਤਾ (36) ਦੇ ਪਤੀ ਮੋਹਿਤ ਗੁਪਤਾ ਨੇ ਦੱਸਿਆ ਕਿ ਉਸ ਦੀ ਪਤਨੀ ਕੁੱਝ ਸਮੇਂ ਤੋਂ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦੀ ਸੀ, ਜਿਸ ਕਾਰਨ ਉਸ ਨੇ ਖੁਦਕਸ਼ੀ ਕਰ ਲਈ ਹੈ। ਉਸ ਨੇ ਦੱਸਿਆ ਕਿ ਉਨ੍ਹਾਂ ਦੇ ਦੋ ਬੱਚੇ ਹਨ ਅਤੇ ਉਹ ਕਬਾੜ ਦਾ ਕੰਮ ਕਰਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਕਦੇ ਵੀ ਆਪਸ ਵਿੱਚ ਲੜਾਈ ਝਗੜਾ ਕਦੇ ਵੀ ਨਹੀਂ ਹੋਇਆ ਪਰ ਉਸ ਦੀ ਪਤਨੀ ਨੇ ਅਜਿਹਾ ਕਦਮ ਕਿਉਂ ਚੁੱਕਿਆ, ਉਸ ਨੂੰ ਵੀ ਨਹੀਂ ਪਤਾ। ਥਾਣਾ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਲਪਨਾ ਗੁਪਤਾ ਦਾ ਅੱਜ ਦੁਪਹਿਰ ਬਾਅਦ ਸਸਕਾਰ ਕਰ ਦਿੱਤਾ ਗਿਆ ਹੈ ਤੇ ਪਰ ਮ੍ਰਿਤਕ ਔਰਤ ਦੇ ਭਰਾ ਸੱਤਯ ਗੁਪਤਾ ਵਾਸੀ ਆਗਰਾ ਦੇ ਬਿਆਨਾਂ ਦੇ ਆਧਾਰ ਤੇ ਮ੍ਰਿਤਕ ਦੇ ਪਤੀ ਮੋਹਿਤ ਗੁਪਤਾ ਖਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।


### ਨਿਲਾਮੀ ਸੂਚਨਾ

ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲ ਮਨਸੂਰਕੇ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਅਣ-ਸੁਰੱਖਿਅਤ ਇਮਾਰਤ ਦੇ ਮਟੀਰੀਅਲ ਦੀ ਖੁੱਲ੍ਹੀ ਬੋਲੀ ਮਿਤੀ 2.12.2025 ਨੂੰ ਕੀਤੀ ਜਾਵੇਗੀ। ਚਾਹਵਾਨ ਬੋਲੀਕਾਰਾਂ ਨੂੰ ਬੇਨਤੀ ਹੈ ਕਿ ਉਹ ਨਿਰਧਾਰਤ ਮਿਤੀ 'ਤੇ ਸਵੇਰੇ 11.00 ਵਜੇ ਨਿਲਾਮੀ ਵਿਚ ਸ਼ਾਮਲ ਹੋਣ।
ਨਿਲਾਮੀ ਸੰਬੰਧੀ ਸਾਰੀਆਂ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।
ਸਹੀ/-ਅਧਿਆਪਕ, ਸਰਕਾਰੀ ਪ੍ਰਾਇਮਰੀ ਸਕੂਲ ਮਨਸੂਰਕੇ, ਬਲਾਕ ਡੇਰਾ ਬਾਬਾ ਨਾਨਕ (ਗੁਰਦਾਸਪੁਰ)

I, Baljeet Kaur (UID No. 4382-0866-9360) W/o Darbara Singh R/o Vill. Botianwala, Santuwala, Firozepur-142047 Punjab, declare that after marriage I have changed my name from Veerpal Kaur to Baljeet Kaur. Concerned please note.

### COURT NOTICE

(U/o 5 Rule 20 CPC)
In the Court of
Ms. Keyuri Kataria
Civil Judge Junior Division-17, Patiala
CNR No. PBPT02-002244-2025
Next Date :- 18-12-2025
Jaswinder Singh
Vs
General Public
Publication Issued To :- General Public
: General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 18-12-2025 at 10:00 a.m.

For details logon to https://highcourtchd.gov.in/?mod=district_notice&district=Patiala.

Civil Judge Junior Division-17, Patiala.
Dated, this day of 27-11-2025

### ਚੋਣ ਸੂਚਨਾ

"ਦੀ ਬੀ.ਐੱਸ.ਐੱਨ.ਐੱਲ./ ਟੈਲੀਕਾਮ ਇੰਪਲਾਈਜ਼ ਯੂ.ਐੱਸ.ਈ.ਕੋਆਪਰੇਟਿਵ ਟੀ/ਸੀ ਸੁਸਾਇਟੀ ਲਿ. ਹੈੱਡ ਆਫਿਸ ਅੰਮ੍ਰਿਤਸਰ" ਦੇ ਸਾਰੇ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੀਆਂ ਚੋਣਾ 18-12-2025 ਨੂੰ ਹੋਣਗੀਆਂ। (ਨਾਮਜ਼ਦਗੀਆਂ ਸਕਿਉਰਿਟੀ, ਇਤਰਾਜ਼, ਵਾਪਸੀ, ਡੈਕਲੇਰੇਸ਼ਨ ਅਣਵਿਰੋਧ ਚੁਣੇ ਉਮੀਦਵਾਰ ਅਤੇ ਚੋਣ ਚਿੰਨ੍ਹਾਂ ਦੀ ਅਲਾਟਮੈਂਟ) ਦਫਤਰ ਸਭਾ ਅੰਮ੍ਰਿਤਸਰ ਵਿਖੇ, ਮੁਕਾਬਲੇ ਦੀ ਸੂਰਤ ਵਿਚ 24.12.2025 ਨੂੰ Old Trunk Exchange Building Amritsar ਵਿਖੇ ਵੋਟਾਂ ਪੈਣਗੀਆਂ ਅਤੇ ਨਤੀਜੇ ਦਾ ਐਲਾਨ ਕੀਤਾ ਜਾਵੇਗਾ। ਪ੍ਰਬੰਧਕ ਕਮੇਟੀ ਦੀ ਚੋਣ ਲਈ ਨੌਂ (9) ਜ਼ੋਨ ਪ੍ਰਵਾਨਿਤ ਕੀਤੇ ਗਏ ਹਨ, ਭਾਵ ਹਰੇਕ ਜ਼ੋਨ ਵਿਚੋਂ ਇਕ ਮੈਂਬਰ। ਹੋਰ ਜਾਣਕਾਰੀ ਕੰਮ ਦੇ ਸਮੇਂ ਦੌਰਾਨ ਸਭਾ ਦੇ ਦਫਤਰੋਂ ਲਈ ਜਾ ਸਕਦੀ ਹੈ।

ਸਹੀ/-ਹਰਭਜਨ ਸਿੰਘ ਗਿੱਲ ਆਨਰੇਰੀ ਸਕੱਤਰ।

## POLICE DAV PUBLIC SCHOOL

PAP CAMPUS, JALANDHAR CANTT. PH:7087956715
E-mail: papdavjl@yahoo.co.in www.policedavjal.in
(CO-EDUCATIONAL ENGLISH MEDIUM SCHOOL) MANAGED BY DAV COLLEGE MANAGING COMMITTEE, NEW DELHI
(AFFILIATED TO CBSE, NEW DELHI. VIDE NO. 1630154)

### TENDER FOR THE SECURITY AGENCY

Sealed tenders are invited from **Security Agencies** having a valid **Establishment Registration under Section 7 of the Contract Labour (Regulation & Abolition) Act, 1970**, along with a **valid licence for providing contract labour** and **GST registration number**, for the **appointment of Class-IV employees** in **Police DAV Public School, Jalandhar within three (03) days** after the publication of this advertisement.

The undersigned reserves the right to **reject any or all tenders without assigning any reason thereof.**

Principal
7087956715


# ਕਲਾਸੀਫਾਈਡ ਇਸ਼ਤਿਹਾਰ

### ਨਾਂਅ ਦੀ ਬਦਲੀ

ਮੈਂ, ਕਾਜਲ ਕੁਮਾਰੀ ਪੁੱਤਰੀ ਰਣਜੀਤ ਕੁਮਾਰ ਵਾਸੀ ਏਕਤਾ ਨਗਰ, ਡਾਕਖਾਨਾ ਚੁਗਿੱਟੀ, ਜ਼ਿਲਾ ਜਲੰਧਰ, ਪੰਜਾਬ ਨੇ ਆਪਣਾ ਨਾਮ ਕਾਜਲ ਤੋਂ ਬਦਲ ਕੇ ਕਾਜਲ ਕੁਮਾਰੀ ਰੱਖ ਲਿਆ ਹੈ।

### Change of Name

ਮੈਸਰਜ਼ ਭਾਵੀਨ ਟਰੇਡਿੰਗ ਕੰਪਨੀ 29, ਮੋਤੀ ਬਾਗ ਕਪੂਰਥਲਾ ਵਿਖੇ ਸਥਿਤ ਰਾਹੀਂ ਇਸ ਦੇ ਹਿੱਸੇਦਾਰ ਨੋਟਿਸੀ ਨੰ. 1 (ਕਰਜ਼ਦਾਰ) ਸ੍ਰੀ ਮੋਹਿਤ ਅਗਰਵਾਲ ਪੁੱਤਰ ਜੋਗਿੰਦਰ ਪਾਲ ਵਾਸੀ 10, ਨੇੜੇ ਓ ਬੀ ਸੀ ਬੈਂਕ, ਦਾ ਮਾਲ ਰੋਡ, ਕਪੂਰਥਲਾ-144601, ਨੋਟਿਸੀ ਨੰ. 2 (ਹਿੱਸੇਦਾਰ ਮੈਸਰਜ਼ ਭਾਵੀਨ ਟਰੇਡਿੰਗ ਕੰਪਨੀ, ਸ੍ਰੀ ਮਾਨਿਕ ਅਗਰਵਾਲ ਉਰਫ ਮਾਨਿਕ ਗੁਪਤਾ ਪੁੱਤਰ ਜੋਗਿੰਦਰ ਪਾਲ, ਵਾਸੀ 10, ਨੇੜੇ ਓ ਬੀ ਸੀ ਬੈਂਕ, ਦਾ ਮਾਲ ਰੋਡ, ਕਪੂਰਥਲਾ-144601, ਨੋਟਿਸੀ ਨੰ. 3 (ਹਿੱਸੇਦਾਰ ਮੈਸਰਜ਼ ਭਾਵੀਨ ਟਰੇਡਿੰਗ ਕੰਪਨੀ) ਸ੍ਰੀ ਸਤਿੰਦਰ ਗੁਪਤਾ ਪੁੱਤਰ ਬ੍ਰਿਜ ਭੂਸ਼ਨ ਵਾਸੀ ਮਕਾਨ ਨੰ. 28-29, ਪਹਿਲੀ ਲੇਨ ਸੱਜੇ, ਮੋਤੀ ਬਾਗ, ਕਪੂਰਥਲਾ-144601, ਨੋਟਿਸੀ ਨੰ. 4 (ਗਰੰਟਰ) ਸ੍ਰੀਮਤੀ ਸਰਿਤਾ ਗੁਪਤਾ ਪਤਨੀ ਸਤਿੰਦਰ ਗੁਪਤਾ, ਵਾਸੀ ਮੋਤੀ ਬਾਗ, ਕਪੂਰਥਲਾ-144601, ਨੋਟਿਸੀ ਨੰ. 5 (ਗਰੰਟਰ) ਸ੍ਰੀ ਮੋਹਿਤ ਅਗਰਵਾਲ ਪੁੱਤਰ ਜੋਗਿੰਦਰ ਪਾਲ ਵਾਸੀ 10, ਨੇੜੇ ਓ ਬੀ ਸੀ ਬੈਂਕ, ਦਾ ਮਾਲ ਰੋਡ, ਕਪੂਰਥਲਾ-144601, ਨੋਟਿਸੀ ਨੰ. 6 (ਗਰੰਟਰ) ਸ੍ਰੀ ਮਾਨਿਕ ਅਗਰਵਾਲ ਉਰਫ ਮਾਨਿਕ ਗੁਪਤਾ ਪੁੱਤਰ ਜੋਗਿੰਦਰ ਪਾਲ ਵਾਸੀ 10, ਨੇੜੇ ਓ ਬੀ ਸੀ ਬੈਂਕ, ਦਾ ਮਾਲ ਰੋਡ, ਕਪੂਰਥਲਾ-144601, ਨੋਟਿਸੀ ਨੰ. 7 (ਗਰੰਟਰ)

| ਮਨਜ਼ੂਰ ਸਹੂਲਤ ਦੀ ਕਿਸਮ/ ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.11.2025 ਤੋਂ ਬਿਨਾਂ ਵਿਆਜ) |
|---|---|---|
| WCTL-1/007612000097 | Rs. 30,00,000/- | Rs. 27,00,178/- |
| WCTL-2/007612000099 | Rs. 20,00,000/- | Rs. 16,37,445/- |

ਪ੍ਰਾਇਮਰੀ ਸਕਿਉਰਟੀ : ਬਹੀਆਂ ਖਾਤੇ ਅਤੇ ਸਟਾਕ ਦੀ ਹਾਈਪੋਥੇਕੇਸ਼ਨ
ਕੁਲੈਟਰਲ ਸਰਿਉਰਿਟੀ 1) ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2022-23/187/1/9776 ਮਿਤੀ 22.02.2023 ਅਨੁਸਾਰ ਸ੍ਰੀਮਤੀ ਸਰਿਤਾ ਗੁਪਤਾ ਪਤਨੀ ਸ੍ਰੀ ਸਤਿੰਦਰ ਗੁਪਤਾ ਦੀ ਮਾਲਕੀ 15.5 ਮਰਲਾ ਅਤੇ ਸ੍ਰੀ ਮਾਨਿਕ ਗੁਪਤਾ ਪੁੱਤਰ ਸ੍ਰੀ ਜੋਗਿੰਦਰ ਅਤੇ ਸ੍ਰੀ ਮੋਹਿਤ ਅਗਰਵਾਲ ਪੁੱਤਰ ਸ੍ਰੀ ਜੋਗਿੰਦਰ ਪਾਲ ਦੀ ਮਾਲਕੀ ਵਾਲੇ 15.5 ਮਰਲੇ ਦੇ ਬਰਾਬਰ ਹਿੱਸੇ। ਜਾਇਦਾਦ ਰਕਬਾ 31 ਮਰਲੇ (1 ਮਰਲਾ 272 ਵਰਗ ਫੁੱਟ) ਪਿੰਡ ਬੁਲੰਦਪੁਰ, ਤਹਿਸੀਲ ਜਲੰਧਰ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਨਾਲ ਸੰਬੰਧਤ ਸਭ ਕੁੱਝ।
2) ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਵਸੀਕਾ ਨੰ. 3787 ਮਿਤੀ 20.01.2014 ਅਤੇ ਤਾਤੀਮਾਨਾਮਾ ਦਸਤਾਵੇਜ਼ ਨੰ. 2024-25/30/1/1891 ਮਿਤੀ 27.08.2024 ਅਨੁਸਾਰ ਸ੍ਰੀਮਤੀ ਸਰਿਤਾ ਗੁਪਤਾ ਪਤਨੀ ਸ੍ਰੀ ਸਤਿੰਦਰ ਗੁਪਤਾ ਦੀ ਮਾਲਕੀ ਵਾਲੀ ਜਾਇਦਾਦ ਰਕਬਾ 12.3/4 ਮਰਲਾ, ਪਿੰਡ ਮਨਸੂਰਵਾਲ ਦੋਨਾ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਕਪੂਰਥਲਾ, ਹੱਦਬਸਤ ਨੰ. 149 ਨਾਲ ਸੰਬੰਧਤ ਸਭ ਕੁੱਝ।
ਉਪਰੋਕਤ ਦਰਸਾਈਆਂ ਜਾਇਦਾਦਾਂ ਹੇਠਾਂ ਦਰਸਾਏ ਖਾਤਿਆਂ 'ਚ ਮੁੜ ਅਦਾਇਗੀ ਵੀ ਸੁਰੱਖਿਅਤ ਹਨ:-

| ਖਾਤਾ ਨੰ. | ਵਸਤੂ ਦਾ ਨਾਂਅ | ਖਾਤੇ ਦਾ ਨਾਂਅ | ਮਨਜ਼ੂਰ ਰਕਮ |
|---|---|---|---|
| 007612000092 | ਡਬਲਯੂ ਸੀ ਟੀ ਐੱਲ | ਪਾਰਥ ਸਾਰਥੀ ਟਰੇਡਿੰਗ ਕੰਪਨੀ | 2000000 |
| 007612000100 | ਡਬਲਯੂ ਸੀ ਟੀ ਐੱਲ | ਪਾਰਥ ਸਾਰਥੀ ਟਰੇਡਿੰਗ ਕੰਪਨੀ | 2200000 |
| 007400000292 | ਜਨਰਲ | ਸ੍ਰੀ ਕੇਸ਼ਵ ਟਰੇਡਰਜ਼ | 5000000 |
| 007612000103 | ਡਬਲਯੂ ਸੀ ਟੀ ਐੱਲ | ਸ੍ਰੀ ਕੇਸ਼ਵ ਟਰੇਡਰਜ਼ | 800000 |
| 007602000158 | ਐੱਲ ਏ ਪੀ | ਸਰਿਤਾ ਗੁਪਤਾ | 1100000 |

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਕਪੂਰਥਲਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: - (ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ (ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ (ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ (ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।
ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਸਥਾਨ : ਜਲੰਧਰ ਮਿਤੀ : 28.11.2025 ਅਧਿਕਾਰਤ ਅਫਸਰ

# 13 ਸਾਲਾ ਲੜਕੀ ਦੇ ਕਤਲ ਦਾ ਮਾਮਲਾ ਪਹੁੰਚਿਆ ਰਾਜਪਾਲ ਦੇ ਦਰਬਾਰ

**● ਲੜਕੀ ਦੀ ਮਾਂ ਨੂੰ ਧਮਕਾਉਣ ਵਾਲੇ ਏ ਡੀ ਸੀ ਪੀ ਸਮੇਤ ਲਖਬੀਰ ਸਿੰਘ ਤੇ ਹਰਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ**

**ਜਲੰਧਰ (ਸੁਰਿੰਦਰ ਕੁਮਾਰ)**- ਸਥਾਨਕ ਜਲੰਧਰ ਦੇ ਪਾਰਸ ਅਸਟੇਟ ਵਿੱਚ ਰਹਿਣ ਵਾਲੀ ਨਾਬਾਲਿਗ ਮਾਸੂਮ ਬੱਚੀ ਦਾ ਕਤਲ ਕਰਨ ਵਾਲੇ ਦੇ ਘਰ ਵਿੱਚ ਬੈਠ ਕੇ ਚਾਹ ਪੀਣ ਤੇ ਉਸ ਕਤਲ ਕੀਤੀ ਗਈ ਬੱਚੀ ਦੀ ਮਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਏ ਐਸ ਆਈ ਲਖਬੀਰ ਸਿੰਘ ਤੇ ਹਰਦੀਪ ਸਿੰਘ ਤੇ ਨਾਲ ਹੀ ਇੱਕ ਏ ਡੀ ਸੀ ਪੀ ਵੱਲੋ ਪੀੜਿਤਾ ਦਾ ਮਜ਼ਾਕ ਉਡਾਉਣ ਨੂੰ ਲੈ ਕੇ ਪੀੜਿਤ ਮਹਿਲਾ ਨੇ ਹੁਣ ਇੱਕ ਪੱਤਰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਲਿੱਖ ਕੇ ਇਨ੍ਹਾਂ ਮੁਲਾਜ਼ਮਾਂ ਦੇ ਖਿਲਾਫ ਵੀ ਪਰਚਾ ਦਰਜ ਕਰਕੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਮੰਗ ਪੱਤਰ ਦੀ ਇੱਕ ਕਾਪੀ ਪੰਜਾਬ ਪੁਲਿਸ ਤੇ ਮੁੱਖੀ ਗੋਰਵ ਯਾਦਵ ਨੂੰ ਤੇ ਮੁੱਖਮੰਤਰੀ ਪੰਜਾਬ ਭੰਗਵੰਤ ਮਾਨ ਨੂੰ ਭੇਜ ਕੇ ਉਸਦਾ ਮਜਾਕ ਉਡਾਉਣ ਵਾਲੇ ਤੇ ਕਾਤਲ ਤੇ ਘਰ ਦੇ ਬਾਥਰੂਮ ਵਿੱਚ ਮ੍ਰਿਤਕ ਹਾਲਤ ਵਿੱਚ ਬੱਚੀ ਹੋਣ ਦੇ ਬਾਵਜੂਦ ਉਸ ਨੂੰ ਨਾ ਲੱਭਣ ਤੇ ਉਲਟਾ ਬੱਚੀ ਦੀ ਮਾਂ ਨੂੰ ਇਨਾ ਦੋ ਏ ਐਸ ਆਈ ਲੱਖਵੀਰ ਸਿੰਘ ਤੇ ਹਰਦੀਪ ਸਿੰਘ ਤੇ ਇੱਕ ਏ ਡੀ ਸੀ ਪੀ ਵੱਲੋ ਉਸ ਦਾ ਮਜ਼ਾਕ ਉਡਾਉਣ ਨੂੰ ਲੈ ਕੇ ਮੰਗ ਪੱਤਰ 'ਚ ਇਨਾਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਦੋਵੇ ਏ ਐਸ ਆਈ ਪੀ ਸੀ ਆਰ ਦੇ ਕਰਮਚਾਰੀ ਸਨ ਪਰ ਪੁਲਿਸ ਨੇ ਇੱਕ ਏ ਐਸ ਆਈ ਮੰਗਤ ਰਾਮ ਨੂੰ ਨੋਕਰੀ ਤੋ ਡਿਸਮਿਸ ਕੀਤਾ ਪਰ ਬਾਕੀ ਦੇ ਦੋਵੇ ਕਰਮਚਾਰੀਆ ਤੇ ਕੋਈ ਵੀ ਕਾਰਵਾਈ ਨਹੀ ਹੋਈ। ਇਸ ਸਬੰਧ 'ਚ ਜਦੋਂ ਜਲੰਧਰ ਦੀ ਪੁਲਸ ਕਮਿਸ਼ਨਰ ਧੰਨਪ੍ਰੀਤ ਕੋਰ ਨਾਲ ਗੱਲ ਕੀਤੀ ਤਾ ਉਨ੍ਹਾ ਨੇ ਕਿਹਾ ਕਿ ਪੀੜਿਤਾ ਦੀ ਸ਼ਿਕਾਇਤ ਉਨ੍ਹਾਂ ਕੋਲ ਵੀ ਆਈ ਹੈ ਇਸ ਦੀ ਜਾਂਚ ਕਰਨ ਦੀ ਜ਼ਿੰਮੇਵਾਰੀ ਏ ਡੀ ਸੀ ਪੀ ਹਰਿੰਦਰ ਸਿੰਘ ਗਿੱਲ ਨੂੰ ਸੌਂਪੀ ਗਈ ਹੈ। ਇਸ ਦੇ ਨਾਲ ਹੀ ਦੋ ਪੀ ਸੀ ਆਰ ਦਸਤੇ ਕਰਮਚਾਰੀਆਂ ਲੱਖਬੀਰ ਸਿੰਘ ਹਰਦੀਪ ਸਿੰਘ ਦੇ ਖਿਲਾਫ ਵੀ ਵਿਭਾਗੀ ਜਾਂਚ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਕੋਈ ਵੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਇਸ ਵਿੱਚ ਜਿਹੜਾ ਵੀ ਪੁਲਸ ਅਧਿਕਾਰੀ ਦੋਸ਼ੀ ਪਾਇਆ ਗਿਆ ਤਾਂ ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ।

# ਰੋਡਵੇਜ਼ ਤੇ ਪੀ ਆਰ ਟੀ ਸੀ 'ਚ ਕਿਲੋਮੀਟਰ ਸਕੀਮ ਦੇ ਟੈਂਡਰਾਂ ਖਿਲਾਫ ਕਰਮਚਾਰੀਆਂ ਨੇ ਕੀਤਾ ਚੱਕਾ ਜਾਮ



**ਨੰਗਲ (ਨ ਜ ਸ)**- ਸੈਂਟਰ ਕਮੇਟੀ ਦੇ ਸੱਦੇ ਤੇ ਕਿਲੋਮੀਟਰ ਸਕੀਮ ਬੱਸਾਂ ਅਤੇ ਠੇਕੇਦਾਰ ਵਿਚੋਲੀਏ ਨੂੰ ਬਾਹਰ ਕਰਨ, ਮੁਲਾਜ਼ਮਾਂ ਨੂੰ ਪੱਕਾ ਕਰਨ, ਸਰਵਿਸ ਰੂਲ ਬਣਾ ਕੇ ਜਿਹੜੀਆਂ ਡਰਾਈਵਰਾਂ ਅਤੇ ਕੰਡਕਟਰਾਂ ਤੇ ਕੰਡੀਸ਼ਨਾਂ ਲਾਈਆਂ ਹਨ ਉਹਨਾਂ ਨੂੰ ਰੱਦ ਕਰਨ ਲਈ ਸਮੂਹ ਪੰਜਾਬ ਦੇ ਡੀਪੂ ਬੰਦ ਕਰਕੇ ਸਰਕਾਰ ਖਿਲਾਫ ਪ੍ਰਦਰਸ਼ਨ ਕਰਨਾ ਸੀ। ਪਰ ਇਸ ਸੰਘਰਸ਼ ਤੋਂ ਡਰਦੇ ਹੋਏ ਸਰਕਾਰ ਵੱਲੋਂ ਸਾਰੇ ਪੰਜਾਬ ਦੇ ਲੀਡਰਾਂ ਅਤੇ ਵਰਕਰਾਂ ਨੂੰ ਘਰੋਂ ਘਰੀ ਸਵੇਰੇ ਗਿਰਫਤਾਰ ਕਰ ਲਿਆ। ਗ੍ਰਿਫਤਾਰ ਕਰਕੇ ਪੰਜਾਬ ਪੁਲਸ ਨੇ ਚੌਂਕੀਆਂ ਅਤੇ ਥਾਣਿਆਂ ਵਿੱਚ ਨਜ਼ਰਬੰਦ ਕਰ ਦਿੱਤਾ। ਪੂਰੇ ਪੰਜਾਬ ਵਿੱਚ ਪਨਬੱਸ ਅਤੇ ਪੀ ਆਰ ਟੀ ਸੀ ਦਾ ਮੁਕੰਮਲ ਤੌਰ ਤੇ ਚੱਕਾ ਜਾਮ ਕੀਤਾ ਗਿਆ ਹੈ। ਜੇਕਰ ਸਰਕਾਰ ਵੱਲੋਂ ਕਿਲੋਮੀਟਰ ਸਕੀਮ ਬੱਸਾਂ ਦਾ ਟੈਂਡਰ ਰੱਦ ਨਾ ਕੀਤਾ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਤੇ ਧਰਨਾ ਦਿੱਤਾ ਜਾਵੇਗਾ। ਇਸ ਦੌਰਾਨ ਅਣਮਿਥੇ ਸਮੇਂ ਦੀ ਹੜਤਾਲ ਜਾਰੀ ਰਹੇਗੀ। ਇਸ ਦੌਰਾਨ ਨੰਗਲ ਪੁਲਸ ਨੇ ਯੂਨੀਅਨ ਦੇ ਪ੍ਰਮੁੱਖ ਆਗੂ ਰਾਮ ਦਿਆਲ ਮਾਹੀ ਅਤੇ ਸੁਨੀਲ ਕੁਮਾਰ ਰਾਣਾ ਨੂੰ ਸਵੇਰੇ ਗ੍ਰਿਫਤਾਰ ਕਰ ਲਿਆ ਗਿਆ।ਸਾਰੇ ਪੰਜਾਬ ਵਿੱਚ ਯੂਨੀਅਨ ਆਗੂਆਂ ਦੀਆਂ ਹੋਈਆਂ ਗ੍ਰਿਫਤਾਰੀਆਂ ਦੇ ਰੋਸ ਵਜੋਂ ਕਰਮਚਾਰੀਆਂ ਨੇ ਸਵੇਰੇ ਤੜਕਸਾਰ ਪੰਜ ਵਜੇ ਤੋਂ ਡਿਪੂ ਮੁਕੰਮਲ ਤੌਰ ਬੰਦ ਕਰ ਦਿੱਤੇ। ਰੋਸ ਵਜੋਂ ਜਬਰਦਸਤ ਪ੍ਰਦਰਸ਼ਨ ਕੀਤਾ ਗਿਆ। ਨੰਗਲ ਪੁਲਸ ਨੇ ਭਾਰੀ ਫੋਰਸ ਤਾਇਨਾਤ ਕਰ ਦਿੱਤੀ ਗਈ। ਕਰਮਚਾਰੀਆਂ ਦੇ ਇਸ ਸੰਘਰਸ਼ ਨੂੰ ਕੁੱਲ ਹਿੰਦ ਕਿਸਾਨ ਸਭਾ ਦੇ ਜਿਲਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ,ਸੀਟੂ ਹਿਮਾਚਲ ਪ੍ਰਦੇਸ਼ ਦੇ ਸੂਬਾਈ ਆਗੂ ਵਿਜੇ ਸ਼ਰਮਾ ਅਤੇ ਸਤਨਾਮ ਸਿੰਘ ਸ਼ੇਰਾ ਨੇ ਹਿਮਾਇਤ ਦਿਤੀ। ਸਰਕਾਰ ਵੱਲੋਂ ਕਰਮਚਾਰੀਆਂ ਨੂੰ ਗ੍ਰਿਫਤਾਰ ਕਰਨ ਦੀ ਸਖ਼ਤ ਨਿਖੇਧੀ ਕੀਤੀ। ਆਗੂਆਂ ਨੇ ਕਿਹਾ ਕਿ ਸੰਘਰਸ਼ਾਂ ਨੂੰ ਜ਼ਬਰ ਨਾਲ ਦਬਾਇਆ ਨਹੀਂ ਜਾ ਸਕਦਾ।

# ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨੇ ਸੁਣੀਆਂ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਲੋਕਾਂ ਦੀਆਂ ਮੁਸ਼ਕਲਾਂ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਜਤਿੰਦਰ ਮਸੀਹ ਗੌਰਵ ਨੇ ਇਥੇ ਜ਼ਿਲ੍ਹਾ ਰੈੱਡ ਕਰਾਸ ਭਵਨ ਵਿਖੇ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਲੋਕਾਂ ਦੀਆਂ ਮੁਸ਼ਕਲਾਂ ਦੀ ਸੁਣਵਾਈ ਕਰਦਿਆਂ ਅਧਿਕਾਰੀਆਂ ਨੂੰ ਇਨ੍ਹਾਂ ਦੇ ਯੋਗ ਹੱਲ ਲਈ ਤੁਰੰਤ ਬਣਦੀ ਕਾਰਵਾਈ ਅਮਲ ਵਿੱਚ ਲਿਆਉਣ ਦੀਆਂ ਹਦਾਇਤਾਂ ਕੀਤੀਆਂ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ, ਜੁਆਇੰਟ ਪੁਲਸ ਕਮਿਸ਼ਨਰ ਸੰਦੀਪ ਕੁਮਾਰ ਸ਼ਰਮਾ ਵੀ ਮੌਜੂਦ ਸਨ।ਇਸਾਈ ਭਾਈਚਾਰੇ ਦੀਆਂ ਕਬਰਿਸਤਾਨ ਸੰਬੰਧੀ ਸਮੱਸਿਆਵਾਂ ਸੁਣਦਿਆਂ ਕਮਿਸ਼ਨ ਦੇ ਚੇਅਰਮੈਨ ਨੇ ਅਧਿਕਾਰੀਆਂ ਨੂੰ ਇਸਾਈ ਭਾਈਚਾਰੇ ਦੇ ਲੋਕਾਂ ਨੂੰ ਅੰਤਿਮ ਰਸਮਾਂ ਨਿਭਾਉਣ ਵਿੱਚ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਜਲਦ ਹੱਲ ਕੱਢਣ ਦੀਆਂ ਹਦਾਇਤਾਂ ਕੀਤੀਆਂ।ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਕਬਰਿਸਤਾਨਾਂ 'ਤੇ ਨਾਜਾਇਜ਼ ਕਬਜ਼ਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਅਜਿਹਾ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਜ਼ਿੰਮੇਵਾਰਾਂ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਬਰਿਸਤਾਨਾਂ ਵਿੱਚ ਸਾਫ਼-ਸਫ਼ਾਈ, ਸੁੰਦਰੀਕਰਨ ਅਤੇ ਚਾਰਦਿਵਾਰੀ ਯਕੀਨੀ ਬਣਾਉਣ ਲਈ ਵੀ ਕਿਹਾ। ਚੇਅਰਮੈਨ ਨੇ ਕਿਹਾ ਕਿ ਘੱਟ ਗਿਣਤੀ ਭਾਈਚਾਰੇ ਨੂੰ ਹਰ ਪੱਧਰ 'ਤੇ ਬਰਾਬਰੀ ਦੇ ਅਧਿਕਾਰ ਮਿਲਣ ਅਤੇ ਉਨ੍ਹਾਂ ਦੀਆਂ ਸਮਾਜਿਕ ਤੇ ਧਾਰਮਿਕ ਜ਼ਰੂਰਤਾਂ ਦਾ ਸਨਮਾਨ ਕਰਨਾ ਪੰਜਾਬ ਸਰਕਾਰ ਦੀ ਪਹਿਲ ਹੈ। ਇਸ ਦੌਰਾਨ ਉਨ੍ਹਾਂ ਘੱਟ ਗਿਣਤੀ ਭਾਈਚਾਰੇ ਦੀਆਂ ਪੁਲਸ, ਮਾਲ ਵਿਭਾਗ, ਨਗਰ ਨਿਗਮ ਸਮੇਤ ਹੋਰ ਵਿਭਾਗਾਂ ਨਾਲ ਸਬੰਧਤ ਮੁਸ਼ਕਲਾਂ ਵੀ ਸੁਣੀਆਂ ਅਤੇ ਅਧਿਕਾਰੀਆਂ ਨੂੰ ਸਮਾਂਬੱਧ ਢੰਗ ਨਾਲ ਇਨ੍ਹਾਂ ਦਾ ਢੁੱਕਵਾਂ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਘੱਟ ਗਿਣਤੀ ਭਾਈਚਾਰੇ ਦੀਆਂ ਸਮੱਸਿਆਵਾਂ ਦੇ ਹੱਲ ਲਈ ਦ੍ਰਿੜ੍ਹ ਵਚਨਬੱਧ ਹੈ।ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਘੱਟ ਗਿਣਤੀ ਕਮਿਸ਼ਨ ਵੱਲੋਂ ਧਰਮ ਦੇ ਨਾਂਅ 'ਤੇ ਆਪਸੀ ਭਾਈਚਾਰੇ ਨੂੰ ਭੰਗ ਕਰਨ ਦੀਆਂ ਕੋਸ਼ਿਸ਼ਾਂ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਪੁਲਸ ਵਿਭਾਗ ਨੂੰ ਹਦਾਇਤ ਕੀਤੀ ਕਿ ਜੇਕਰ ਕੋਈ ਸ਼ਰਾਰਤੀ ਅਨਸਰ ਧਰਮ ਦੇ ਨਾਂਅ 'ਤੇ ਘੱਟ ਗਿਣਤੀ ਭਾਈਚਾਰੇ ਨੂੰ ਤੰਗ-ਪ੍ਰੇਸ਼ਾਨ ਕਰਦਾ ਹੈ ਤਾਂ ਉਸ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ।ਵਧੀਕ ਡਿਪਟੀ ਕਮਿਸ਼ਨਰ ਅਮਨਿੰਦਰ ਕੌਰ ਨੇ ਚੇਅਰਮੈਨ ਨੂੰ ਭਰੋਸਾ ਦਿਵਾਇਆ ਕਿ ਇਨ੍ਹਾਂ ਮੁਸ਼ਕਲਾਂ ਦਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਲਦ ਯੋਗ ਹੱਲ ਕੀਤਾ ਜਾਵੇਗਾ ਅਤੇ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਭਵਿੱਖ ਵਿੱਚ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।

# ਹੜ੍ਹ ਪ੍ਰਭਾਵਿਤ ਪਿੰਡਾਂ ਨੂੰ 30 ਲੱਖ ਰੁਪਏ ਦੀ ਰਾਹਤ ਰਾਸ਼ੀ ਜਾਰੀ : ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਅੱਜ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ 15 ਹੜ੍ਹ ਪ੍ਰਭਾਵਿਤ ਪਿੰਡਾਂ ਨੂੰ ਕੁੱਲ 30 ਲੱਖ ਰੁਪਏ ਦੀ ਰਾਹਤ ਰਾਸ਼ੀ ਦੇ ਮਨਜ਼ੂਰੀ ਪੱਤਰ ਵੰਡੇ। ਇਹ ਰਾਹਤ ਰਾਸ਼ੀ ਬੇਲਾ ਧਿਆਨੀ ਲੋਅਰ, ਹਰਸਾ ਬੇਲਾ, ਐਲਗਰਾਂ, ਬੇਲਾ ਰਾਮਗੜ੍ਹ, ਪੱਤੀ ਟੇਕ ਸਿੰਘ, ਪੱਤੀ ਦੁਲਚੀ, ਸੈਂਸੋਵਾਲ, ਮਟੌਰ, ਚੰਦਪੁਰ, ਮਹਿਲਵੀ ਕਲਾਂ, ਭਨਾਮ, ਸ਼ਾਹਪੁਰ ਬੇਲਾ, ਨਿੱਕੂਵਾਲ, ਬਲਾਣ ਅਤੇ ਗੱਜਪੁਰ ਸਮੇਤ 15 ਪਿੰਡਾਂ ਦੇ ਪ੍ਰਭਾਵਿਤ ਪਿੰਡਾਂ ਲਈ ਜਾਰੀ ਕੀਤੀ ਗਈ ਹੈ, ਤਾਂ ਜੋ ਕਿਸੇ ਵੀ ਪਰਿਵਾਰ ਦੀ ਮੁੜ ਸਥਾਪਨਾ ਨਾਲ



ਜੀਵਨ ਦੀ ਬਹਾਲੀ ਵਿੱਚ ਕੋਈ ਰੁਕਾਵਟ ਨਾ ਆਵੇ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਦਾ ਉਦੇਸ਼ ਲੋਕਾਂ ਦੀ ਜ਼ਿੰਦਗੀ ਨੂੰ ਜਲਦ ਤੋਂ ਜਲਦ ਪਟੜੀ 'ਤੇ ਲਿਆਉਣਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਹੜ੍ਹ ਦੇ ਦੌਰਾਨ ਅਤੇ ਬਾਅਦ ਵੱਖ-ਵੱਖ ਪੜਾਅ 'ਚ ਰਾਹਤ ਕਾਰਜ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਹੈ, ਜਿਸ ਨਾਲ ਪ੍ਰਭਾਵਿਤ ਨਾਗਰਿਕਾਂ ਨੂੰ ਵੱਡਾ ਸਹਾਰਾ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀ ਟੀਮ ਨੇ ਹੜ੍ਹ ਦੌਰਾਨ ਰਾਹਤ ਸਮੱਗਰੀ, ਖਾਣ-ਪੀਣ, ਬਚਾਅ ਕਾਰਜ, ਸਿਹਤ ਸੇਵਾਵਾਂ ਅਤੇ ਹੁਣ ਪੁਨਰਵਾਸ ਲਈ ਵੱਖ-ਵੱਖ ਯਤਨ ਕੀਤੇ ਹਨ। ਪ੍ਰਭਾਵਿਤ ਇਲਾਕਿਆਂ ਦਾ ਨਿਰੀਖਣ ਕਰਦਿਆਂ ਵੀ ਸਰਕਾਰ ਨੇ ਹਰ ਪਿੰਡ ਅਤੇ ਹਰ ਪਰਿਵਾਰ ਦੀ ਜ਼ਰੂਰਤ ਮੁਤਾਬਕ ਕਦਮ ਚੁੱਕੇ ਹਨ।

# ਜੀ ਆਰ ਡੀ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦਾ ਵਿਦਿਅਕ ਟੂਰ ਲਗਾਇਆ



**ਟਾਂਡਾ ਉੜਮੁੜ (ਜਸਵਿੰਦਰ ਸੱਧੂ, ਓਂਕਾਰ ਸਿੰਘ)**- ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੁਸਾਇਟੀ ਰਜਿਸਟਰ ਟਾਂਡਾ ਵੱਲੋਂ ਚਲਾਏ ਜਾ ਰਹੇ ਵਿਦਿਅਕ ਅਦਾਰੇ ਜੀ ਆਰ ਡੀ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦਾ ਵਿਦਿਅਕ ਟੂਰ ਲਗਾਇਆ ਗਿਆ। ਸੰਸਦ ਦੇ ਚੇਅਰਪਰਸਨ ਸ਼੍ਰੀਮਤੀ ਪ੍ਰਦੀਪ ਕੌਰ, ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਅਤੇ ਮੈਨੇਜਰ ਸਰਬਜੀਤ ਸਿੰਘ ਮੋਮੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪ੍ਰਿੰਸੀਪਲ ਅਮਨਦੀਪ ਕੌਰ ਦੀ ਅਗਵਾਈ ਹੇਠ ਜੀ ਆਰ ਡੀ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੂੰ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ, ਆਪਣਾ ਪਿੰਡ ਅੰਮ੍ਰਿਤਸਰ ਵਿਖੇ ਲਿਜਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਅਮਨਦੀਪ ਕੌਰ ਵੱਲੋਂ ਨੇ ਕਿਹਾ ਕਿ ਬੱਚਿਆਂ ਨੂੰ ਪੰਜਾਬੀ ਵਿਰਸੇ ਦੇ ਨਾਲ ਜੁੜੀਆਂ ਵੱਖ-ਵੱਖ ਤਰ੍ਹਾਂ ਦੀਆਂ ਝਾਕੀਆਂ ਦੇਖਣ ਨੂੰ ਮਿਲੀਆਂ। ਇਸ ਮੌਕੇ ਮੈਨੇਜਰ ਸਰਬਜੀਤ ਸਿੰਘ ਮੋਮੀ ਨੇ ਕਿਹਾ ਕਿ ਜੀ ਆਰ ਡੀ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਸਮੇਂ ਵਿਦਿਅਕ ਟੂਰਾਂ ਦੁਆਰਾ ਜਿੱਥੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ ਜਾਂਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਕੌਰ, ਤਜਿੰਦਰ ਕੌਰ, ਬਲਜੀਤ ਕੌਰ ,ਆਚਲ ਸੈਣੀ, ਹਰਦੀਪ ਕੌਰ, ਮਨਜੀਤ ਕੌਰ, ਸੰਵੇਦਨ, ਸੀਮਾ ਜਾਜਾ, ਪਿੰਕੀ ਚੌਧਰੀ, ਹਰਿੰਦਰ ਕੌਰ ਆਦਿ ਵੀ ਹਾਜ਼ਰ ਸੀ।

# ਵਿਧਾਇਕ ਵੱਲੋਂ ਟਿਊਬਵੈੱਲ ਦਾ ਉਦਘਾਟਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪਿੰਡ ਭੂਨਿਆਵਾਲੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਪਹਿਲਕਦਮੀ ਕਰਦੇ ਹੋਏ, ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਨੂੰ ਸੀਟਾਂ ਪਿੰਡ ਵਿੱਚ 7 ਲੱਖ ਰੁਪਏ ਦੀ ਲਾਗਤ ਨਾਲ ਲਗਾਏ ਗਏ ਇੱਕ ਨਵੇਂ ਪੀਣ ਵਾਲੇ ਪਾਣੀ ਦੇ ਟਿਊਬਵੈੱਲ ਦਾ ਉਦਘਾਟਨ ਕੀਤਾ। ਇਸ ਪ੍ਰੋਜੈਕਟ ਨੂੰ ਪਿੰਡ ਵਾਸੀਆਂ ਵਲੋਂ ਉਤਸ਼ਾਹ ਪੂਰਨ ਹੁੰਗਾਰਾ ਮਿਲਿਆ, ਸਥਾਨਕ ਨਿਵਾਸੀਆਂ ਨੇ ਇਸਨੂੰ ਲੰਬੇ ਸਮੇਂ ਤੋਂ ਚੱਲੀ ਆ ਰਹੀ ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਵੱਲ ਇੱਕ ਵੱਡਾ ਕਦਮ ਦੱਸਿਆ। ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਡਾ. ਇਸ਼ਾਂਕ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਨਵਾਂ ਟਿਊਬਵੈੱਲ ਸੀਟਾਂ ਪਿੰਡ ਦੇ ਸਾਰੇ ਪਰਿਵਾਰਾਂ ਨੂੰ ਸਾਫ ਪੀਣ ਵਾਲਾ ਪਾਣੀ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ। ਪਿੰਡ ਵਾਸੀਆਂ ਨੇ ਵਿਧਾਇਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਣੀ ਦੀ ਘਾਟ ਉਨ੍ਹਾਂ ਲਈ ਲੰਬੇ ਸਮੇਂ ਤੋਂ ਇੱਕ ਵੱਡੀ ਸਮੱਸਿਆ ਸੀ, ਪਰ ਹੁਣ ਨਵਾਂ ਟਿਊਬਵੈੱਲ ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਮਹੱਤਵਪੂਰਨ ਰਾਹਤ ਪ੍ਰਦਾਨ ਕਰੇਗਾ।

## ਸੀ ਪੀ ਆਈ (ਐੱਮ-ਐੱਲ) ਨਿਊ ਡੈਮੋਕ੍ਰੇਸੀ ਵੱਲੋਂ ਬੱਸ ਮੁਲਾਜ਼ਮਾਂ 'ਤੇ ਜਬਰ ਕਰਨ ਦੀ ਨਿੰਦਾ

**ਜਲੰਧਰ ( ਨ ਜ ਸ)**- ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕ੍ਰੇਸੀ ਨੇ ਸਰਕਾਰੀ ਟਰਾਂਸਪੋਰਟ ਮਹਿਕਮੇ ਪ੍ਰਾਈਵੇਟ ਹੱਥਾਂ ਵਿੱਚ ਦੇਣ ਦਾ ਵਿਰੋਧ ਕਰ ਰਹੇ ਬੱਸ ਡਰਾਈਵਰਾਂ,ਕੰਡਕਟਰਾਂ ਉੱਪਰ ਰਾਜ ਭਰ ਵਿੱਚ ਲਾਠੀਚਾਰਜ, ਗ੍ਰਿਫ਼ਤਾਰੀਆਂ ਕਰਕੇ ਜ਼ਬਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਪਾਰਟੀ ਦੇ ਸੂਬਾਈ ਆਗੂਆਂ ਕਾਮਰੇਡ



ਅਜਮੇਰ ਸਿੰਘ ਅਤੇ ਕਾਮਰੇਡ ਕੁਲਵਿੰਦਰ ਸਿੰਘ ਵੜੈਚ ਨੇ ਮੰਗ ਕੀਤੀ ਕਿ ਗ੍ਰਿਫ਼ਤਾਰ ਕੀਤੇ ਗਏ ਬੱਸ ਡਰਾਈਵਰਾਂ, ਕੰਡਕਟਰਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਲਾਠੀਚਾਰਜ ਲਈ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ, ਜਿੰਨੀ ਦੇ ਵੱਡੇ ਕਾਰੋਬਾਰੀਆਂ ਹਵਾਲੇ ਕਰਨ ਲਈ ਸਰਕਾਰੀ ਬੱਸਾਂ ਨੂੰ ਕਿਲੋਮੀਟਰ ਸਕੀਮ ਤਹਿਤ ਪ੍ਰਾਈਵੇਟ ਕਰਨ ਦਾ ਫ਼ੈਸਲਾ ਰੱਦ ਕੀਤਾ ਜਾਵੇ ਤੇ ਕੱਚੇ ਮੁਲਾਜ਼ਮਾਂ ਨੂੰ ਟਰਾਂਸਪੋਰਟ ਵਿਭਾਗ ਵਿੱਚ ਪੱਕੇ ਕੀਤਾ ਜਾਵੇ।

## ਹਾਈਵੇ 'ਤੇ ਜਾਂਦੇ ਸਮੇਂ ਟਰੈਕਟਰ ਦੇ ਹੋਏ ਦੋ ਟੁਕੜੇ

**ਫਿਲੌਰ (ਨਿਰਮਲ)**- ਫਿਲੌਰ ਨੈਸ਼ਨਲ ਹਾਈਵੇ ਤੇ ਇੱਕ ਆਲੂਆਂ ਨਾਲ ਭਰੀ ਟਰੈਕਟਰ ਟਰਾਲੀ ਨਾਲ ਹਾਦਸਾ ਉਸ ਸਮੇਂ ਵਾਪਰ ਗਿਆ ਜਦੋਂ ਫਲਾਈ ਓਵਰ ਤੇ ਚੜਦੇ ਹੋਏ ਟਰੈਕਟਰ ਦਾ ਜ਼ਿਆਦਾ ਜ਼ੋਰ ਲੱਗਣ ਕਾਰਨ ਟਰੈਕਟਰ ਦੇ



ਵਿਚਕਾਰ ਤੋਂ ਦੋ ਟੋਟੇ ਹੋ ਗਏ। ਇਸ ਹਾਦਸੇ ਦੌਰਾਨ ਕੋਈ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਸੜਕ ਸੁਰੱਖਿਆ ਫੋਰਸ ਦੇ ਥਾਣੇਦਾਰ ਜਸਵਿੰਦਰ ਸਿੰਘ ਸੂਚਨਾ ਮਿਲਦੇ ਸਾਰ ਆਪਣੀ ਟੀਮ ਨਾਲ ਮੌਕੇ ਤੇ ਪੁੱਜੇ ਉਹਨਾਂ ਕਰੇਨ ਦੀ ਮਦਦ ਨਾਲ ਟਰੈਕਟਰ ਟਰੈਲੀ ਨੂੰ ਇੱਕ ਪਾਸੇ ਕਰਕੇ ਟਰੈਫਿਕ ਚਾਲੂ ਕਰਵਾਇਆ। ਇਸ ਹਾਦਸੇ ਕਾਰਨ ਲੰਬਾ ਜਾਮ ਲੱਗ ਗਿਆ ਸੀ ਜੋ ਤਿੰਨ ਚਾਰ ਘੰਟੇ ਬਾਅਦ ਚਾਲੂ ਹੋਇਆ।

# ਪੰਜਾਬ ਦੇ ਸਕੂਲਾਂ ਵਿੱਚ ਵੱਡੀ ਸਿੱਖਿਆ ਕ੍ਰਾਂਤੀ



**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਨੇ ਸਕੂਲੀ ਸਿੱਖਿਆ ਨੂੰ ਆਧੁਨਿਕ ਬਣਾਉਣ ਲਈ ਇੱਕ ਵੱਡਾ ਕਦਮ ਚੁੱਕਿਆ ਹੈ। ਚੇਅਰਮੈਨ ਡਾ. ਅਮਰਪਾਲ ਸਿੰਘ, ਆਈ.ਏ.ਐਸ. (ਰਿਟਾ) ਦੀ ਅਗਵਾਈ ਹੇਠ ਬੋਰਡ ਨੇ ਤਿੰਨ ਦਿਨਾਂ ਦੀ ਵਰਕਸ਼ਾਪ ਆਯੋਜਿਤ ਕੀਤੀ, ਜਿਸ ਵਿੱਚ 120 ਤੋਂ ਵੱਧ ਅਕਾਦਮਿਕ ਅਤੇ ਵਿਸ਼ਾ-ਮਾਹਿਰਾਂ ਨੇ ਹਿੱਸਾ ਲਿਆ।ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਸਿੱਖਿਆ ਵਿੱਚੋਂ ਰਟਨ ਪ੍ਰਣਾਲੀ ਨੂੰ ਘਟਾ ਕੇ ਵਿਦਿਆਰਥੀਆਂ ਵਿੱਚ ਸਮਰੱਥਾ-ਅਧਾਰਤ ਸਿੱਖਣ ਨੂੰ ਵਧਾਉਣਾ ਹੈ, ਤਾਂ ਜੋ ਉਹ ਸੋਚਣ, ਸਮਝਣ, ਵਿਸ਼ਲੇਸ਼ਣ ਕਰਨ ਅਤੇ ਅਸਲੀ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਯੋਗ ਬਣ ਸਕਣ।ਵਰਕਸ਼ਾਪ ਦੌਰਾਨ, ਬੋਰਡ ਨੇ ਰਿਵਾਈਜ਼ਡ ਬਲੂਮ ਟੈਕਸੋਨੋਮੀ ਅਨੁਸਾਰ ਪ੍ਰਸ਼ਨ ਪੱਤਰਾਂ ਦਾ ਨਵਾਂ ਫਾਰਮੈਟ ਜਾਰੀ ਕੀਤਾ। ਹੁਣ ਸਾਰੇ ਪ੍ਰਸ਼ਨ ਪੱਤਰ ਇੱਕ ਸਪੱਸ਼ਟ ਬਲੂਪ੍ਰਿੰਟ ਅਤੇ ਆਈਟਮ ਮੈਟ੍ਰਿਕਸ ਦੇ ਅਧਾਰ 'ਤੇ ਤਿਆਰ ਕੀਤੇ ਜਾਣਗੇ। ਇਨ੍ਹਾਂ ਵਿੱਚ ਵਿਗਿਆਨ, ਗਣਿਤ, ਸਮਾਜਿਕ ਸਿੱਖਿਆ ਅਤੇ ਅੰਗਰੇਜ਼ੀ ਵਿੱਚ ਅਸਲ ਜੀਵਨ ਨਾਲ ਜੁੜੇ ਪ੍ਰਸ਼ਨ ਵੀ ਸ਼ਾਮਲ ਹੋਣਗੇ। ਇਹ ਪਹਿਲਕਦਮੀ ਅਧਿਆਪਕਾਂ ਦੀ ਟ੍ਰੇਨਿੰਗ ਮਜ਼ਬੂਤ ਕਰਨ, ਪਾਠਕ੍ਰਮ ਨੂੰ ਆਧੁਨਿਕ ਬਣਾਉਣ ਅਤੇ ਮੁਲਾਂਕਣ ਪ੍ਰਣਾਲੀ ਨੂੰ ਹੋਰ ਬਿਹਤਰ ਕਰਨ ਵੱਲ ਪੀ.ਐਸ.ਈ.ਬੀ. ਦਾ ਇੱਕ ਮਹੱਤਵਪੂਰਨ ਕਦਮ ਹੈ, ਜਿਸ ਨਾਲ ਪੰਜਾਬ ਦੇ ਵਿਦਿਆਰਥੀ 21ਵੀਂ ਸਦੀ ਦੀਆਂ ਚੁਣੌਤੀਆਂ ਲਈ ਹੋਰ ਤਿਆਰ ਹੋਣਗੇ।

# ਸ੍ਰੀ ਅਨੰਦਪੁਰ ਸਾਹਿਬ ਵਿਚ ਬਣੀ ਵਿਧਾਨ ਸਭਾ ਦੇਖਣ ਲਈ ਵਿਦਿਆਰਥੀਆਂ ਵਿੱਚ ਲਗਾਤਾਰ ਵਧ ਰਿਹਾ ਰੁਝਾਨ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ੍ਰੀ ਅਨੰਦਪੁਰ ਸਾਹਿਬ ਵਿੱਚ ਭਾਈ ਜੈਤਾ ਜੀ ਮੈਮੋਰੀਅਲ ਵਿਖੇ ਬਣਾਈ ਗਈ ਵਿਧਾਨ ਸਭਾ ਨੂੰ ਦੇਖਣ ਲਈ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਦੇਖਿਆ ਜਾ ਰਿਹਾ ਹੈ। ਵੱਖ-ਵੱਖ ਸਰਕਾਰੀ ਸਕੂਲਾਂ ਦੇ ਹਜ਼ਾਰਾਂ ਵਿਦਿਆਰਥੀ ਅਤੇ ਅਧਿਆਪਕ ਹਰ ਰੋਜ਼ ਇਸ ਵਿਲੱਖਣ ਪ੍ਰਬੰਧ ਦਾ ਰੁਖ ਕਰ ਰਹੇ ਹਨ। ਵਿਧਾਨ ਸਭਾ ਦਾ ਨਜ਼ਦੀਕ ਦਰਸ਼ਨ ਨੌਜਵਾਨ ਪੀੜ੍ਹੀ ਲਈ ਨਾ ਕੇਵਲ ਸਿੱਖਿਆਤਮਕ



ਅਨੁਭਵ ਹੈ, ਸਗੋਂ ਰਾਜਨੀਤਿਕ ਜਾਗਰੂਕਤਾ ਵਧਾਉਣ ਦੀ ਮਹੱਤਵਪੂਰਨ ਕੜੀ ਬਣ ਰਿਹਾ ਹੈ। ਵਿਦਿਆਰਥੀ ਇਸ ਇਤਿਹਾਸਕ ਸਥਾਨ ਨੂੰ ਦੇਖ ਕੇ ਆਪਣੇ ਆਪ ਨੂੰ ਗੁਰੂ ਸਾਹਿਬ ਦੀ ਧਰਤੀ ਅਤੇ ਪੰਜਾਬ ਦੀ ਲੋਕਤੰਤਰਕ ਪ੍ਰਣਾਲੀ ਨਾਲ ਹੋਰ ਜ਼ਿਆਦਾ ਜੋੜਿਆ ਮਹਿਸੂਸ ਕਰ ਰਹੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਸਦਕਾ ਖਾਲਸਾ ਪੰਥ ਦੇ ਜਨਮ ਸਥਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣਾਈ ਗਈ ਵਿਧਾਨ ਸਭਾ ਵਿੱਚ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਇਕ ਰੋਜ਼ਾ ਸੈਸ਼ਨ ਨੇ ਇਤਿਹਾਸ ਸਿਰਜਿਆ ਹੈ, ਉਥੇ ਹੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਲਏ ਗਏ ਫੈਸਲੇ ਸਦਕਾ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੂੰ ਇਸ ਪਵਿੱਤਰ ਸਦਨ ਨੂੰ ਨੇੜੇ ਤੋਂ ਵੇਖਣ ਦਾ ਮੌਕਾ ਮਿਲਿਆ ਹੈ। ਜਸਜੀਤ ਸਿੰਘ ਮੁੱਖ ਮੰਤਰੀ ਫੀਲਡ ਅਫਸਰ ਨੇ ਦੱਸਿਆ ਕਿ ਇਸੇ ਲੜੀ ਦੇ ਤਹਿਤ ਹਲਕਾ ਵਿਧਾਇਕ ਅਤੇ ਸਿੱਖਿਆ ਮੰਤਰੀ ਐਡਵੋਕੇਟ ਹਰਜੋਤ ਸਿੰਘ ਬੈਂਸ ਦੀ ਪ੍ਰੇਰਨਾ ਨਾਲ ਜਿੱਥੇ ਇਲਾਕੇ ਭਰ ਦੇ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਬਣਾਈ ਗਈ ਵਿਧਾਨ ਸਭਾ ਨੂੰ ਵੇਖਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਉੱਥੇ ਹੀ ਦਹਾਕਿਆਂ ਪੁਰਾਣੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਨੇ ਇਸ ਵਿਧਾਨ ਸਭਾ ਦੇ ਅੰਦਰ ਜਾ ਕੇ ਇਸ ਨੂੰ ਵੇਖਿਆ ਹੀ ਨਹੀਂ ਬਲਕਿ ਇਸ ਪਵਿੱਤਰ ਸਦਨ ਵਿੱਚ ਲਏ ਜਾਣ ਵਾਲੇ ਫੈਸਲਿਆਂ ਅਤੇ ਇੱਥੋਂ ਦੀ ਪ੍ਰਕਿਰਿਆ ਬਾਰੇ ਵੀ ਵਡਮੁੱਲੀ ਜਾਣਕਾਰੀ ਹਾਸਲ ਕੀਤੀ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਨੀਰਜ ਕੁਮਾਰ ਨੇ ਦੱਸਿਆ ਕਿ ਸਰਕਾਰ ਵੱਲੋਂ ਲਏ ਗਏ ਫੈਸਲੇ ਅਨੁਸਾਰ ਇਹ ਪਵਿੱਤਰ ਵਿਧਾਨ ਸਭਾ 29 ਨਵੰਬਰ ਤੱਕ ਇਸੇ ਤਰ੍ਹਾਂ ਹੀ ਆਮ ਲੋਕਾਂ ਦੇ ਵੇਖਣ ਲਈ ਬਣੀ ਰਹੇਗੀ। ਉਨ੍ਹਾਂ ਨੇ ਦੱਸਿਆ ਕਿ ਭਾਈ ਜੈਤਾ ਜੀ ਯਾਦਗਾਰ ਦੇ ਐਰੀਨਾ ਵਿੱਚ ਬਣਾਈ ਗਈ ਇਹ ਵਿਧਾਨ ਸਭਾ ਨੂੰ ਵੇਖਣ ਲਈ ਜਿੱਥੇ ਆਮ ਲੋਕਾਂ ਦੇ ਵਿਚ ਕਾਫੀ ਰੁਚੀ ਪਾਈ ਜਾ ਰਹੀ ਹੈ। ਇਸ ਮੌਕੇ ਨਰੇਸ਼ ਰਾਣੀ, ਗੁਰਪ੍ਰੀਤ ਕੌਰ, ਸੁਮਨ ਚਾਂਦਲਾਂ, ਜਤਿੰਦਰ ਪਾਲ ਸਹਿਦੇਵ, ਰੇਨੂੰ ਬਾਲਾ ਪੁਸ਼ਪਾ ਦੇਵੀ, ਸੁਨੀਤਾ ਦੇਵੀ, ਸੁਨੀਤਾ ਧਰਮਾਨੀ, ਗੁਰਦੀਪ ਕੌਰ, ਹਰਪ੍ਰੀਤ ਬਾਵਾ ਪ੍ਰਤੀਬਾ ਗੁਪਤਾ, ਰਣਜੀਤ ਸਿੰਘ, ਅਸ਼ੋਕ ਰਾਣਾ, ਪੂਜਾ ਰਾਣੀ, ਮਨਜੀਤ ਕੌਰ, ਮੀਨਾ ਰਾਣੀ, ਮੀਨਾ ਦੇਵੀ, ਲਲਿਤਾ ਰਾਣੀ ਹਾਜ਼ਰ ਸਨ।

## ਸ਼ੈਲਬੀ ਹਸਪਤਾਲ ਵਿਖੇ ਰੋਬੋਟਿਕ ਜੋਆਇੰਟ ਰਿਪਲੇਸਮੈਂਟ ਸਿਸਟਮ ਸ਼ੁਰੂ

**ਮੋਹਾਲੀ (ਗੁਰਜੀਤ ਬਿੱਲਾ)**- ਸ਼ੈਲਬੀ ਹਸਪਤਾਲ ਮੋਹਾਲੀ ਨੇ ਆਪਣੇ ਅਧੁਨਿਕ ਰੋਬੋਟਿਕ ਜੁਆਇੰਟ ਰਿਪਲੇਸਮੈਂਟ ਸਿਸਟਮ ਦੀ ਪੇਸ਼ਕਸ਼ ਕੀਤੀ, ਜਿਸ ਨਾਲ ਉੱਤਰੀ ਭਾਰਤ ਵਿੱਚ ਘੱਟ ਚੀਰੇ ਵਾਲੀ, ਬਹੁਤ ਹੀ ਸਹੀ ਤੇ ਐਡਵਾਂਸਡ ਜੁਆਇੰਟ ਰਿਪਲੇਸਮੈਂਟ ਸਰਜਰੀ ਦਾ ਨਵਾਂ ਯੁੱਗ




ਸ਼ੁਰੂ ਹੋ ਗਿਆ ਹੈ। ਇਹ ਤਕਨਾਲੋਜੀ ਪੰਜਾਬ, ਹਰਿਆਣਾ, ਹਿਮਾਚਲ ਅਤੇ ਟ੍ਰਾਈਸਿਟੀ ਦੇ ਮਰੀਜ਼ਾਂ ਲਈ ਵੱਡੀ ਰਾਹਤ ਹੈ। ਇਹ ਸਿਸਟਮ ਏਆਈ-ਅਧਾਰਿਤ, ਪੇਸ਼ੈਂਟ-ਸਪੈਸਿਫਿਕ ਗੋਡੇ ਅਤੇ ਹਿੱਪ ਰਿਪਲੇਸਮੈਂਟ ਕਰਦਾ ਹੈ, ਜਿਸ ਨਾਲ ਮਿਲੀਮੀਟਰ ਤੱਕ ਦੀ ਸ਼ੁੱਧਤਾ, ਘੱਟ ਟਿਸ਼ੂ ਨੁਕਸਾਨ, ਘੱਟ ਜਟਿਲਤਾਵਾਂ ਅਤੇ ਤੇਜ਼ ਰਿਕਵਰੀ ਮਿਲਦੀ ਹੈ। ਕਠਿਨ ਡੀਫਾਰਮੀਟੀ, ਤੇਜ਼ ਆਰਥਰਾਈਟਿਸ ਅਤੇ ਜ਼ਰੂਰਤ ਮੁਤਾਬਕ ਇਲਾਜ ਲੋੜਵਾਂ ਮਰੀਜ਼ਾਂ ਲਈ ਇਹ ਤਕਨਾਲੋਜੀ ਖਾਸ ਫ਼ਾਇਦੇਮੰਦ ਹੈ।

## ਸੰਤ ਮੋਨੀ ਮਹਾਰਾਜ ਦੀ ਯਾਦ 'ਚ 26ਵੀਂ ਬਰਸੀ ਨਿਰਮਲ ਕੁਟੀਆ ਸ਼ੰਭਵਾਲੀ ਪੰਡਵਾਂ ਵਿਖੇ ਮਨਾਈ ਜਾ ਰਹੀ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- 9ਵੇਂ ਪਾਤਸ਼ਾਹ ਧੰਨ- ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਬ੍ਰਹਮਲੀਨ ਸ਼੍ਰੋਮਣੀ ਵਿਰਕਤ ਸ੍ਰੀਮਾਨ 108 ਸੰਤ ਬਾਬਾ ਦਲੇਲ ਸਿੰਘ ਜੀ ਮਹਾਰਾਜ ਅਤੇ ਉਹਨਾਂ ਦੇ ਪਰਮ ਸ਼ਿਸ਼ ਬ੍ਰਹਮਲੀਨ ਸ਼੍ਰੋਮਣੀ ਵਿਰਕਤ ਸ੍ਰੀਮਾਨ 108 ਸੰਤ ਮੋਨੀ ਮਹਾਰਾਜ ਦੀ ਯਾਦ ਵਿੱਚ 26ਵੀਂ ਬਰਸੀ 2 ਦਸੰਬਰ ਨੂੰ ਮਹਾਰਾਜ ਜੀ ਦੇ ਤਪ ਅਸਥਾਨ ਨਿਰਮਲ ਕੁਟੀਆ ਸ਼ੰਭਵਾਲੀ ਪਿੰਡ ਪੰਡਵਾਂ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਮਨਾਈ ਜਾ ਰਹੀ



ਹੈ। ਅਸਥਾਨ ਦੇ ਮੁੱਖ ਸੰਚਾਲਕ ਸੰਤ ਬਾਬਾ ਗੁਰਚਰਨ ਸਿੰਘ ਅਤੇ ਸੇਵਾਦਾਰ ਸੰਤ ਗੁਰਲਾਲ ਸਿੰਘ ਨੇ ਦੱਸਿਆ ਕਿ ਬਰਸੀ ਸਮਾਗਮਾਂ ਨੂੰ ਮੁੱਖ ਰੱਖਦੇ ਹੋਏ ਕੁਟੀਆ ਛੰਭਵਾਲੀ ਵਿਖੇ ਸ੍ਰੀ ਮਹੰਤ ਪੰਡਿਤ ਗਿਆਨ ਦੇਵ ਸਿੰਘ ਨਿਰਮਲ ਪੰਚਾਇਤੀ ਅਖਾੜਾ ਕਨਖਲ ਹਰਿਦੁਆਰ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਬਰਸੀ ਸਮਾਗਮ ਦੇ ਸੰਬੰਧ ਵਿੱਚ ਗੁਰਮਤਿ ਵਿਚਾਰਾਂ ਕੀਤੀਆਂ। ਇਸ ਮੌਕੇ ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

# ਐੱਸ ਐੱਚ ਓ ਵਰਿੰਦਰ ਕੁਮਾਰ ਨੇ ਥਾਣਾ ਰਾਹੋਂ ਦਾ ਅਹੁਦਾ ਸੰਭਾਲਿਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਨਵਾਂਸ਼ਹਿਰ ਦੇ ਐੱਸ ਐੱਸ ਪੀ ਤੁਸ਼ਾਰ ਗੁਪਤਾ ਵੱਲੋਂ ਰਾਹੋਂ ਦੇ ਐੱਸ.ਐੱਚ.ਓ. ਦਾ ਤਬਾਦਲਾ ਕਰਨ ਉਪਰੰਤ ਰਾਹੋਂ ਦੇ ਨਵੇਂ ਐੱਸ.ਐੱਚ.ਓ. ਵਰਿੰਦਰ ਕੁਮਾਰ ਨੇ ਆਹੁਦਾ



ਸੰਭਾਲਿਆ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕਿਹਾ ਕਿ ਰਾਹੋਂ ਵਿਚ ਨਸ਼ਾ ਕਰਨ ਵਾਲੇ ਬਖਸ਼ੇ ਨਹੀਂ ਜਾਣਗੇ ਅਤੇ ਗਲਤ ਅਨਸਰ ਰਾਹੋਂ ਦੀ ਹੱਦ ਛੱਡ ਜਾਣ ਨਹੀਂ ਤਾਂ ਉਨ੍ਹਾਂ ਨੂੰ ਜੇਲ ਦੀ ਹਵਾ ਖਾਣੀ ਪਵੇਗੀ।ਉਨ੍ਹਾਂ ਕਿਹਾ ਕਿ ਜੇਕਰ ਕੋਈ ਨਸ਼ੇ ਦਾ ਕਾਰੋਬਾਰ ਕਰਦਾ ਹੈ ਤੇ ਉਸ ਦੀ ਇਤਲਾਹ ਪੁਲਸ ਨੂੰ ਦਿੱਤੀ ਜਾਵੇ। ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ ਐੱਸ ਐੱਚ ਓ ਵਰਿੰਦਰ ਕੁਮਾਰ ਨੇ ਕਿਹਾ ਕਿ ਸ਼ਹਿਰ ਨਿਵਾਸੀਆਂ ਨੂੰ ਪੁਲਿਸ ਵੱਲੋਂ ਹਰ ਸੰਭਵ ਸਹਿਯੋਗ ਕੀਤਾ ਜਾਵੇਗਾ।ਇਸ ਮੌਕੇ ਉਨ੍ਹਾਂ ਪੁਲਸ ਸਟਾਫ ਨਾਲ ਵੀ ਮੀਟਿੰਗ ਕੀਤੀ। ਜ਼ਿਕਰਯੋਗ ਹੈ ਕਿ ਥਾਣਾ ਰਾਹੋਂ ਵਿਚ ਵਰਿੰਦਰ ਕੁਮਾਰ ਪਹਿਲਾਂ ਵੀ ਏ ਐੱਸ ਆਈ ਵੱਲੋਂ ਡਿਊਟੀ ਨਿਭਾ ਚੁੱਕੇ ਹਨ ਅਤੇ ਉਹ ਰਾਹੋਂ ਸ਼ਹਿਰ ਦੇ ਸਾਰੇ ਏਰੀਏ ਨੂੰ ਚੰਗੀ ਤਰ੍ਹਾਂ ਜਾਣਦੇ ਹਨ।

# ਏਕਮ ਪਬਲਿਕ ਸਕੂਲ ਮਹਿਤਪੁਰ 'ਚ ਮਨਾਇਆ 350ਵਾਂ ਸ਼ਹੀਦੀ ਦਿਹਾੜਾ

**ਮਹਿਤਪੁਰ (ਰਾਜਾ)** ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਵਿਸ਼ੇਸ਼ ਮੌਰਨਿੰਗ ਅਸੈਂਬਲੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਕੂਲ ਅਧਿਆਪਕਾ ਸ਼੍ਰੀਮਤੀ ਦਲਵੀਰ ਕੌਰ ਅਤੇ ਸ਼੍ਰੀਮਤੀ ਕਮਲਪ੍ਰੀਤ ਕੌਰ ਵਲੋਂ ਬੱਚਿਆਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ। ਇਸੇ ਦਰਮਿਆਨ ਸਕੂਲ ਦੀਆਂ ਵਿਦਿਆਰਥਣਾਂ ਵਲੋਂ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਵਿਸ਼ੇਸ਼ ਸਪੀਚ ਦਿੱਤੀ ਗਈ।ਇਹ ਜਾਣਕਾਰੀ



ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਅਤੇ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਵਲੋਂ ਸਾਂਝੇ ਤੌਰ 'ਤੇ ਦਿੱਤੀ ਗਈ। ਆਪਣੀ ਗੱਲਬਾਤ ਦੌਰਾਨ ਉਨ੍ਹਾਂ ਅੱਗੇ ਦੱਸਿਆ ਕਿ ਇਸ ਮੌਕੇ ਸਕੂਲ ਦੇ ਵਿਦਿਆਰਥੀ ਵਲੋਂ ਗੁਰੂ ਤੇਗ ਬਹਾਦੁਰ ਜੀ ਨਾਲ ਸੰਬੰਧਿਤ ਇੱਕ ਕਵਿਤਾ ਪੇਸ਼ ਕੀਤੀ ਗਈ।ਇਸਦੇ ਨਾਲ ਹੀ ਸਕੂਲ ਅਧਿਆਪਕਾ ਸ਼੍ਰੀਮਤੀ ਚਰਨਜੀਤ ਕੌਰ ਅਤੇ ਜਸਪ੍ਰੀਤ ਕੌਰ ਵਲੋਂ ਸਕੂਲ ਵਿਦਿਆਰਥੀਆਂ ਸਮੇਤ ਸ਼ਬਦ ਕੀਰਤਨ ਕੀਤਾ ਗਿਆ।ਸਕੂਲ ਡਾਇਰੈਕਟਰ ਨਿਰਮਲ ਸਿੰਘ ਥਿੰਦ ਨੇ ਕਿਹਾ ਕਿ ਏਕਮ ਪਬਲਿਕ ਸਕੂਲ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟਨ ਕੋਟਿ ਪ੍ਰਣਾਮ ਕਰਦਾ ਹੈ।ਇਸ ਮੌਕੇ ਸਟੇਜ ਸੰਚਾਲਨ ਮੈਡਮ ਸਵਪਨਦੀਪ ਕੌਰ ਅਤੇ ਰਣਜੋਤ ਸਿੰਘ ਵਲੋਂ ਕੀਤਾ ਗਿਆ।ਇਸ ਮੌਕੇ ਸਕੂਲ ਮੈਨੇਜਮੈਂਟ ਤੋਂ ਦਲਜੀਤ ਸਿੰਘ, ਵਾਈਸ ਪ੍ਰਿੰਸੀਪਲ ਸ਼੍ਰੀਮਤੀ ਦਲਜੀਤ ਕੌਰ, ਬਲਾਕ ਹੈੱਡ ਸ਼੍ਰੀਮਤੀ ਚੇਤਨਾ, ਰਾਜਵਿੰਦਰ ਕੌਰ, ਦਵਿੰਦਰ ਨਾਹਰ, ਨੇਹਾ ਭੱਲਾ, ਅਧਿਆਪਕਾਂ ਵਿੱਚੋਂ ਬਿਨੇਸ਼ ਸ਼ਰਮਾਂ, ਪਰਮਿੰਦਰ ਸਿੰਘ, ਚੰਦਨ ਸਿੰਘ, ਦਵਿੰਦਰ ਸ਼ਰਮਾਂ, ਹਿਮਾਂਸ਼ੂ, ਮਾਈਕਲ, ਦੀਪਤੀ ਕਵਾਤਰਾ, ਰੇਖਾ ਸ਼ਰਮਾਂ, ਏਕਤਾ, ਮਨਜੀਤ ਕੌਰ, ਗੁਰਪ੍ਰੀਤ ਕੌਰ, ਕਿਰਨਪ੍ਰੀਤ ਕੌਰ, ਮਨਦੀਪ ਕੌਰ, ਰਿਚਾ, ਰਜਨੀ, ਪੂਨਮ ਸ਼ਰਮਾਂ, ਨਵਪ੍ਰੀਤ ਕੌਰ ਅਤੇ ਬਾਕੀ ਸਭ ਮੌਜੂਦ ਸਨ।

# ਡਾਕਟਰ ਰਾਜ ਕੁਮਾਰ ਚੱਬੇਵਾਲ ਵੱਲੋਂ ਸਮਾਜ ਸੇਵੀ ਸੰਸਥਾ ਨੂੰ ਐਂਬੂਲੈਂਸ ਭੇਟ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਮਨੁੱਖਤਾ ਦੀ ਸੇਵਾ ਅਤੇ ਜਨਹਿਤ ਨੂੰ ਧਿਆਨ ਵਿੱਚ ਰੱਖਦਿਆਂ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਆਪਣੀ ਐਮ ਪੀ ਲੈਂਡ ਫੰਡ ਵਿੱਚੋਂ ਇੱਕ ਐਂਬੂਲੈਂਸ ਇਕ ਸਮਾਜ ਸੇਵੀ ਸੰਸਥਾ ਨੂੰ ਭੇਂਟ ਕੀਤੀ ਗਈ।ਇਸ ਐਂਬੂਲੈਂਸ ਦੇ ਰਾਹੀਂ ਖਾਸ ਕਰਕੇ ਗਰੀਬ, ਲਾਚਾਰ ਅਤੇ ਦੂਰ-ਦਰਾਜ਼ ਦੇ ਵਸਨੀਕਾਂ ਨੂੰ ਸਮੇਂ ਸਿਰ ਹਸਪਤਾਲ ਪਹੁੰਚਾਉਣਾ ਆਸਾਨ ਹੋਵੇਗਾ ਅਤੇ ਕੀਮਤੀ ਜਾਨਾਂ ਬਚਾਉਣ ਵਿੱਚ ਮਦਦ ਮਿਲੇਗੀ।ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਡਾ. ਇਸ਼ਾਂਕ ਚੱਬੇਵਾਲ, ਡਾ. ਬਲਵੀਰ ਕੁਮਾਰ ਸਿਵਲ ਸਰਜਨ ਹੁਸ਼ਿਆਰਪੁਰ, ਡਾ. ਰਣਜੀਤ ਸਿੰਘ ਜ਼ਿਲ੍ਹਾ ਪਰਵਾਰ ਭਲਾਈ ਅਧਿਕਾਰੀ, ਡਾ. ਜਤਿੰਦਰ ਭਾਟੀਆ ਜ਼ਿਲ੍ਹਾ ਸਿਹਤ ਅਧਿਕਾਰੀ, ਡਾ. ਪੰਕਜ ਸ਼ਿਵ, ਡਾ. ਜੈਸਮੀਨ, ਰਵਿੰਦਰ ਜੱਸਲ ਡਿਪਟੀ ਮਾਸ ਮੀਡੀਆ ਅਫਸਰ, ਦਵਿੰਦਰ ਭੱਟੀ ਅਤੇ ਬੰਟੀ ਸਾਬਕਾ ਸਰਪੰਚ ਪਿੰਡ ਮੱਲੀ ਆਦਿ ਵੀ ਮੌਜੂਦ ਸਨ।ਇਸ ਮੌਕੇ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਇਹ ਐਂਬੂਲੈਂਸ ਉਨ੍ਹਾਂ ਦੇ ਐਮ.ਪੀ. ਲੈਂਡ ਫੰਡ ਵਿੱਚੋਂ ਦਿੱਤੀ ਗਈ ਹੈ ਤਾਂ ਜੋ ਸਮਾਜ ਦੇ ਹਰ ਵਰਗ ਦੇ ਲੋਕਾਂ, ਖਾਸ ਕਰਕੇ ਜ਼ਰੂਰਤਮੰਦ ਅਤੇ ਗੰਭੀਰ ਮਰੀਜ਼ਾਂ ਨੂੰ ਸਮੇਂ ਸਿਰ ਇਲਾਜ ਲਈ ਹਸਪਤਾਲ ਤੱਕ ਪਹੁੰਚਾਇਆ ਜਾ ਸਕੇ। ਉਨ੍ਹਾਂ ਨੇ



ਕਿਹਾ ਕਿ ਸਰਕਾਰ ਵੱਲੋਂ ਲੋਕਾਂ ਦੀ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਇਸ ਮੌਕੇ ਸਿਵਲ ਸਰਜਨ ਡਾ. ਬਲਵੀਰ ਕੁਮਾਰ ਨੇ ਕਿਹਾ ਕਿ ਡਾਕਟਰ ਰਾਜ ਕੁਮਾਰ ਚੱਬੇਵਾਲ ਵੱਲੋਂ ਸਮਾਜ ਸੇਵੀ ਸੰਸਥਾ ਨੂੰ ਦਿੱਤੀ ਗਈ ਇਹ ਐਂਬੂਲੈਂਸ ਮਨੁੱਖਤਾ ਦੀ ਸੇਵਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।ਇਸ ਦੌਰਾਨ ਸਮਾਜ ਸੇਵੀ ਸੰਸਥਾਂ ਦੇ ਆਗੂਆਂ ਵੱਲੋਂ ਡਾ. ਰਾਜ ਕੁਮਾਰ ਚੱਬੇਵਾਲ ਦਾ ਐਂਬੂਲੈਂਸ ਭੇਟ ਕਰਨ ਲਈ ਧੰਨਵਾਦ ਕੀਤਾ।

## ਖ਼ੂਨਦਾਨ ਕੈਂਪ ਦੌਰਾਨ 54 ਯੂਨਿਟ ਖ਼ੂਨ ਇਕੱਤਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਹੇਠ ਚੱਲ ਰਹੀ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹਾਦਤ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਦਾ ਆਯੋਜਨ




ਕੀਤਾ। ਸਕੱਤਰ ਹਰਬੰਸ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਵਿਸ਼ਵਾਸ਼ ਫਾਊਂਡੇਸ਼ਨ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਲਗਾਏ ਗਏ ਇਸ ਕੈਂਪ ਦੌਰਾਨ 54 ਯੂਨਿਟ ਖ਼ੂਨ ਇਕੱਤਰ ਹੋਇਆ।ਉਨ੍ਹਾਂ ਦੱਸਿਆ ਕਿ ਐੱਸ ਡੀ ਐਮ ਮੋਹਾਲੀ ਦਮਨਦੀਪ ਕੌਰ ਨੇ ਕੈਂਪ ਦਾ ਉਦਘਾਟਨ ਕੀਤਾ ਅਤੇ ਖ਼ੂਨਦਾਨੀਆਂ ਨੂੰ ਬੈਜ ਲਾ ਕੇ ਉਨ੍ਹਾਂ ਦੇ ਇਸ ਵਿਲੱਖਣ ਕਾਰਜ ਦੀ ਪ੍ਰਸ਼ੰਸਾ ਕੀਤੀ।

# ਸਾਹਿਤਕ ਕਿਤਾਬਾਂ ਵੰਡ ਕੇ ਮਨਾਇਆ ਜਨਮ ਦਿਨ

**ਬੰਗਾ (ਅਵਤਾਰ ਕਲੇਰ)** ਸਮਾਜ ਅੰਦਰ ਛੋਟੇ ਅਤੇ ਵੱਡਿਆਂ ਦੇ ਜਨਮ ਦਿਨ ਮਨਾਉਣ ਦੀ ਪ੍ਰੰਪਰਾ ਚੱਲ ਪਈ ਹੈ।ਆਮ ਤੌਰ 'ਤੇ ਜਨਮ ਦਿਨ ਮਨਾਉਣ ਦੀ ਰਸਮ ਕੇਕ ਕੱਟਣ ਅਤੇ ਮਠਿਆਈ ਖਾਣ ਤੱਕ ਸੀਮਤ ਹੋ ਕੇ ਰਹਿ ਗਈ ਹੈ।ਅਜਿਹੀ ਰਵਾਇਤ ਦੇ ਚੱਲਦਿਆਂ ਕੁੱਝ ਲੋਕ ਵੱਖਰੇ ਢੰਗ ਨਾਲ ਵੀ ਮਨਾ




ਰਹੇ ਹਨ।ਪਿੰਡ ਚੱਕ ਬਿਲਗਾਂ ਦੇ ਸਾਬਕਾ ਸਰਪੰਚ ਡਾ ਅਵਤਾਰ ਚੰਦ ਦੇ ਜਨਮ ਦਿਨ ਮੌਕੇ ਪਰਵਾਰ ਵਲੋਂ ਬੱਚਿਆਂ ਨੂੰ ਸਾਹਿਤਕ, ਗਿਆਨ ਵਧਾਉਣ ਵਾਲੀਆਂ ਕਿਤਾਬਾਂ ਦੇ ਕੇ ਯਾਦ ਕੀਤਾ ਗਿਆ। ਵਿਵੇਕ ਵਿਕਾਸ ਲਹਿਰ ਪੰਜਾਬ, ਮੁੱਖ ਦਫ਼ਤਰ ਬੰਗਾ ਦੀ ਪ੍ਰੇਰਨਾ ਅਤੇ ਸਹਿਯੋਗ ਨਾਲ ਇਹ ਸਮਾਗਮ ਪਿੰਡ ਚੱਕ ਬਿਲਗਾਂ ਵਿਖੇ ਆਯੋਜਤ ਕੀਤਾ ਗਿਆ।ਸੰਸਥਾ ਵਲੋਂ ਸਾਹਿਤਕ, ਗਿਆਨ, ਵਿਗਿਆਨ ਨਾਲ ਸੰਬੰਧਿਤ ਮੁਫ਼ਤ ਕਿਤਾਬਾਂ ਵੰਡਣ ਦੀ ਮੁਹਿੰਮ ਨਿਰੰਤਰ ਚਲਾਈ ਜਾ ਰਹੀ ਹੈ।ਇਸ ਮੌਕੇ ਇੰਜ.ਜਸਵੀਰ ਸਿੰਘ ਮੋਰੋਂ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਡਾ. ਅਵਤਾਰ ਆਪਣੇ ਜੀਵਨ ਦੌਰਾਨ ਲੋਕ ਮਸਲਿਆਂ ਲਈ ਸੰਘਰਸ਼ ਕਰਦੇ ਰਹੇ।ਉਨ੍ਹਾਂ ਨੂੰ ਕਿਤਾਬਾਂ ਪੜ੍ਹਨ ਦਾ ਵੀ ਸ਼ੌਕ ਸੀ।ਸਾਨੂੰ ਸਮੇਂ ਦੇ ਹਾਣੀ ਬਣਨ ਲਈ ਕਿਤਾਬਾਂ ਪੜ੍ਹਨ ਦੀ ਆਦਤ ਬਣਾ ਲੈਣੀ ਚਾਹੀਦੀ ਹੈ। ਹਰੀ ਬਿਲਾਸ ਹੀਉਂ ਨੇ ਬੱਚਿਆਂ ਨੂੰ ਸਿਹਤ ਖੇਤਰ ਨਾਲ ਸੰਬੰਧਤ ਸਿੱਖਿਆ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਰਪੰਚ ਬਲਵੰਤ ਸਿੰਘ, ਸੁੱਚਾ ਰਾਮ, ਕਸ਼ਮੀਰੀ ਲਾਲ ਪੰਚ, ਇੰਜੀ.ਪਰਮਜੀਤ, ਦੇਸ ਰਾਜ, ਰਣਜੀਤ, ਅਧਿਆਪਕ ਗੁਰਦੀਪ ਸਿੰਘ, ਸੁਰਜੀਤ ਸਿੰਘ, ਕੇਵਲ ਸਿੰਘ, ਰਾਕੇਸ਼ ਕੁਮਾਰ, ਦਲਵੀਰ ਸਿੰਘ, ਸੁਰਜੀਤ ਲਾਲ ਆਦਿ ਹਾਜ਼ਰ ਰਹੇ। ਪ੍ਰਿੰਸੀਪਲ ਰਾਣੀ ਨੇ ਵਿਵੇਕ ਵਿਕਾਸ ਲਹਿਰ ਬੰਗਾ ਵੱਲੋਂ ਮੁਫਤ ਕਿਤਾਬਾਂ ਵੰਡਣ ਦੀ ਇਸ ਨਵੀਂ ਪਿਰਤ ਦੀ ਸ਼ਲਾਘਾ ਕੀਤੀ। 178 ਵਿਦਿਆਰਥੀਆਂ ਨੂੰ ਪੁਸਤਕਾਂ ਦੀ ਵੰਡ ਕਰਕੇ ਸਮਾਗਮ ਦੀ ਸਮਾਪਤੀ ਕੀਤੀ ਗਈ।

# ਐੱਨ ਸੀ ਸੀ ਟ੍ਰੇਨਿੰਗ ਦੇਸ਼ ਸੇਵਾ ਦੀ ਭਾਵਨਾ ਲਈ ਮੀਲ ਪੱਥਰ : ਪ੍ਰਿੰਸੀਪਲ



**ਅੱਡਾ ਸਰਾਂ (ਜਸਵੀਰ ਕਾਜਲ)**- ਬੀ ਐੱਨ ਡੀ ਸੀਨੀਅਰ ਸੈਕੰਡਰੀ ਸਕੂਲ ਕੰਧਾਲਾ ਜੱਟਾਂ ਦੇ ਐੱਨ ਸੀ ਸੀ ਕੈਡਿਸਟ ਦਾ ਸਲਾਨਾ ਟ੍ਰੇਨਿੰਗ ਕੈਂਪ ਐੱਨ ਸੀ ਸੀ ਅਕੈਡਮੀ ਮਲੋਟ ਵਿਖੇ ਲਗਾਇਆ ਗਿਆ, ਜਿਸ ਵਿੱਚ ਕੈਡਿਟਾਂ ਨੂੰ ਫਾਇਰ ਬ੍ਰਿਗੇਡ, ਫਾਇਰਿੰਗ ਡਿਸਿਪਲਨ, ਗੇਮਸ ਟ੍ਰੇਨਿੰਗ ਦੇ ਨਾਲ ਨਾਲ ਦੇਸ਼ ਭਗਤੀ ਦੀ ਚੇਤਨਾ ਤੋਂ ਜਾਣੂ ਕਰਵਾਇਆ ਗਿਆ। ਕਰਨਲ ਲਵਦੀਪ ਸਿੰਘ ਸੈਣੀ ਦੀ ਦੇਖਰੇਖ ਹੇਠ ਇਹ ਕੈਂਪ ਸੰਪੰਨ ਹੋਇਆ।ਇਸ ਮੌਕੇ ਬੀ ਐੱਨ ਡੀ ਕੈਡਿਟਸ ਅੰਮ੍ਰਿਤ ਪ੍ਰੀਤ, ਰਾਜਪ੍ਰੀਤ ਕੌਰ, ਗੁਰਲੀਨ ਕੌਰ ਹਰਪ੍ਰੀਤ ਕੌਰ, ਜਸਪ੍ਰੀਤ ਕੌਰ ਰਾਜਵੀਰ ਸਿੰਘ, ਗੁਰਲੀਨ ਕੌਰ ਨੂੰ ਸਾਲਾਨਾ ਟ੍ਰੇਨਿੰਗ ਕੈਂਪ ਦੇ ਸਰਟੀਫਿਕੇਟ ਵੰਡਣ ਸਮੇਂ ਪ੍ਰਿੰਸੀਪਲ ਜੈ ਕਿਸ਼ਨ ਮਹਿਤਾ ਨੇ ਇਹਨਾਂ ਨੂੰ ਦੇਸ਼ ਦੇ ਭਾਵੀ ਸੈਨਿਕ ਐਲਾਨਿਆ ਤੇ ਨਾਲ ਹੀ ਐੱਨ ਸੀ ਸੀ ਟ੍ਰੇਨਿੰਗ ਨੂੰ ਅਨੁਸ਼ਾਸਨ ਅਤੇ ਦੇਸ਼ ਸੇਵਾ ਦੀ ਭਾਵਨਾ ਨੂੰ ਜਾਗਰੂਕ ਕਰਨ ਲਈ ਮੀਲ ਪੱਥਰ ਕਿਹਾ। ਇਸ ਮੌਕੇ ਇੰਜੀ. ਅਨਿਲ ਮਹਿਤਾ, ਏ ਐਨ ਓ ਜਤਿੰਦਰ ਸਿੰਘ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਰੰਧਾਵਾ ਵੱਲੋਂ 16 ਪੰਚਾਇਤਾਂ ਨੂੰ 'ਰੰਗਲਾ ਪੰਜਾਬ' ਵਿਕਾਸ ਸਕੀਮ ਤਹਿਤ ਗ੍ਰਾਂਟਾਂ ਦੀ ਵੰਡ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਵਿਧਾਇਕ ਡੇਰਾਬਸੀ ਕੁਲਜੀਤ ਸਿੰਘ ਰੰਧਾਵਾ ਵੱਲੋਂ ਰੰਗਲਾ ਪੰਜਾਬ ਵਿਕਾਸ ਸਕੀਮ ਅਧੀਨ ਡੇਰਾਬਸੀ ਦੇ ਕਮਿਊਨਿਟੀ ਸੈਂਟਰ ਵਿਖੇ 16 ਗ੍ਰਾਮ ਪੰਚਾਇਤਾਂ ਨੂੰ 23 ਵੱਖ-ਵੱਖ ਵਿਕਾਸ ਕਾਰਜਾਂ ਲਈ 2.55 ਕਰੋੜ ਰੁਪਏ ਦੀਆਂ ਵਿਕਾਸ ਗ੍ਰਾਂਟਾਂ ਦੀ ਵੰਡ ਕੀਤੀ ਗਈ।ਉਹਨਾਂ ਦੱਸਿਆ ਕਿ ਇਹ ਰਾਸ਼ੀ ਕਮਿਊਨਿਟੀ ਸੈਂਟਰ,ਐਸ ਸੀ ਧਰਮਸ਼ਾਲਾ, ਗਲੀਆਂ ਨਾਲੀਆਂ, ਖੇਡ ਮੈਦਾਨ, ਸੀਵਰੇਜ, ਗੰਦੇ ਪਾਣੀ ਦੀ ਨਿਕਾਸੀ, ਪੀਣ ਵਾਲੇ ਪਾਣੀ, ਬੱਸ ਸਟਾਪ,ਓਪਨ ਜਿੰਮ, ਡਿਸਪੈਂਸਰੀ ਆਦਿ ਲਈ ਵਰਤੋ ਵਿੱਚ ਲਿਆਂਦੀ ਜਾਵੇਗੀ।ਗਰਾਂਟਾਂ ਪ੍ਰਾਪਤ ਕਰਨ ਵਾਲੇ ਪਿੰਡਾਂ ਵਿੱਚ ਭਾਗਸੀ ਨੂੰ ਕਮਿਊਨਿਟੀ ਸੈਂਟਰ ਲਈ 15 ਲੱਖ ਰੁਪਏ, ਜਿਓਲੀ ਨੂੰ ਐਸ ਸੀ ਧਰਮਸ਼ਾਲਾ ਲਈ 10 ਲੱਖ ਰੁਪਏ ਅਤੇ ਗਲੀਆਂ ਨਾਲੀਆਂ ਲਈ 8 ਲੱਖ ਰੁਪਏ, ਪਰਾਗਪੁਰ ਨੂੰ ਗੰਦੇ ਪਾਣੀ ਦੀ ਨਿਕਾਸੀ ਅਤੇ ਸੀਵਰੇਜ ਲਈ 23.10 ਲੱਖ ਰੁਪਏ, ਜਵਾਹਰਪੁਰ ਨੂੰ ਗੰਦੇ ਪਾਣੀ ਦੀ ਨਿਕਾਸੀ ਅਤੇ ਸੀਵਰੇਜ ਲਈ 12 ਲੱਖ ਰੁਪਏ, ਕਾਰਕੌਰ ਨੂੰ ਕਮਿਊਨਿਟੀ ਸੈਂਟਰ ਲਈ 20 ਲੱਖ ਰੁਪਏ, ਝਵਾਂਸਾ ਨੂੰ ਕਮਿਊਨਿਟੀ ਸੈਂਟਰ ਲਈ 15 ਲੱਖ ਰੁਪਏ, ਤ੍ਰਿਵੇਦੀ ਕੈਂਪ ਨੂੰ ਗਲੀਆਂ ਨਾਲੀਆਂ ਲਈ 10 ਲੱਖ ਰੁਪਏ ਅਤੇ ਡਿਸਪੈਂਸਰੀ ਲਈ 5 ਲੱਖ ਰੁਪਏ, ਬਲਟਾਣਾ ਨੂੰ ਐਂਟਰੀ ਗੇਟ ਲਈ 7 ਲੱਖ ਰੁਪਏ, ਬਾਕਰਪੁਰ ਨੂੰ ਪੀਣ ਵਾਲੇ ਪਾਣੀ ਲਈ 30 ਲੱਖ ਰੁਪਏ ਅਤੇ ਸੀਵਰਜ ਤੇ ਗੰਦੇ ਪਾਣੀ ਦੇ ਨਿਕਾਸ ਲਈ 12 ਲੱਖ ਰੁਪਏ, ਰਾਮਪੁਰ ਬਾਹਲ ਨੂੰ ਖੇਡ ਮੈਦਾਨ ਲਈ 5 ਲੱਖ ਰੁਪਏ, ਰਾਜੋ ਮਾਜਰਾ ਨੂੰ ਗਲੀਆਂ ਨਾਲੀਆਂ ਲਈ 8 ਲੱਖ ਰੁਪਏ, ਪੰਡ ਵਾਲਾ ਨੂੰ ਗਰਾਊਂਡ ਦੀ ਚਾਰ ਦੀਵਾਰੀ ਲਈ 5 ਲੱਖ ਰੁਪਏ ਅਤੇ ਮੇਨ ਐਂਟਰੀ ਵਾਲੀ ਗਲੀ ਦੀ ਉਸਾਰੀ ਲਈ 3 ਲੱਖ ਰੁਪਏ, ਮੁਕੰਦਪੁਰ ਨੂੰ ਓਪਨ ਜਿੰਮ ਅਤੇ ਇੰਨਡੋਰ ਜਿੰਮ ਲਈ 11 ਲੱਖ



ਰੁਪਏ, ਬੱਸ ਸਟਾਪ ਲਈ 4 ਲੱਖ ਰੁਪਏ ਅਤੇ ਸੀਵਰੇਜ ਤੇ ਗੰਦੇ ਪਾਣੀ ਦੀ ਨਿਕਾਸੀ ਲਈ 20 ਲੱਖ ਰੁਪਏ, ਬਿਜਣਪੁਰ ਨੂੰ ਗਰਾਊਂਡ ਦੀ ਚਾਰ ਦੁਵਾਰੀ/ਵਾੜ, ਲਾਈਟਾਂ, ਐਂਟਰੀ ਗੇਟ ਅਤੇ ਜਾਲੀ ਲਈ 20 ਲੱਖ ਰੁਪਏ, ਜੌਲਾ ਕਲਾਂ ਨੂੰ ਓਪਨ ਜਿਮ ਲਈ 4 ਲੱਖ ਰੁਪਏ ਅਤੇ ਮਲਕਪੁਰ ਨੂੰ ਓਪਨ ਜਿਮ ਲਈ 3 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ।ਵਿਧਾਇਕ ਰੰਧਾਵਾ ਨੇ ਇਸ ਮੌਕੇ ਆਪਣੇ ਸੰਬੋਧਨ ਵਿੱਚ ਸਮੂਹ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਗ੍ਰਾਂਟ ਦੇ ਇੱਕ-ਇੱਕ ਰੁਪਏ ਨੂੰ ਇਮਾਨਦਾਰੀ ਨਾਲ ਵਰਤੋਂ ਵਿੱਚ ਲਿਆਉਣ ਅਤੇ ਆਪਣੀ ਪੂਰੀ ਨਿਗਰਾਨੀ ਨਾਲ ਕੰਮ ਕਰਵਾਉਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇੱਕੋ ਇੱਕ ਨਾਅਰਾ ਪੰਜਾਬ ਦੇ ਲੋਕਾਂ ਦੀ ਇਮਾਨਦਾਰੀ ਨਾਲ ਸੇਵਾ ਕਰਨਾ ਹੈ ਅਤੇ ਸਾਡੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਉਹਨਾਂ ਦੀ ਵਚਨਬੱਧਤਾ ਨੂੰ ਜ਼ਮੀਨੀ ਪੱਧਰ ਤੱਕ ਇਨ ਬਿਨ ਲਾਗੂ ਕਰੀਏ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਕੂਲਾਂ, ਸਿਹਤ ਸੰਸਥਾਵਾਂ, ਪੇਂਡੂ ਸੜਕਾਂ ਤੋਂ ਬਾਅਦ ਹੁਣ ਪਿੰਡਾਂ ਦੇ ਸਰਬਪੱਖੀ ਵਿਕਾਸ ਅਤੇ ਨੌਜਵਾਨਾਂ ਲਈ ਖੇਡਾਂ ਦਾ ਮਾਹੌਲ ਸਿਰਜਣ ਲਈ ਪੁਰਜ਼ੋਰ ਯਤਨ ਕੀਤੇ ਜਾ ਰਹੇ ਹਨ, ਜਿਸ ਨਾਲ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਵਿੱਚ ਸਹਾਇਤਾ ਮਿਲੇਗੀ। ਇਸ ਮੌਕੇ ਇਹਨਾਂ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਤੋਂ ਇਲਾਵਾ ਪੇਂਡੂ ਵਿਕਾਸ ਤੇ ਪੰਚਾਇਤ ਮਹਿਕਮੇ ਦੇ ਅਧਿਕਾਰੀ, ਆਮ ਆਦਮੀ ਪਾਰਟੀ ਦੇ ਸਥਾਨਕ ਅਹੁਦੇਦਾਰ ਅਤੇ ਹੋਰ ਪਤਵੰਤੇ ਮੌਜੂਦ ਸਨ।

## ਵਿਧਾਇਕ ਰਾਏ ਦੇ ਦਫ਼ਤਰ ਵਿਖੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਸੰਬੰਧੀ ਮੀਟਿੰਗ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਆਮ ਆਦਮੀ ਪਾਰਟੀ ਪੰਜਾਬ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਨੂੰ ਲੈ ਕੇ ਤਿਆਰ ਬਰ ਤਿਆਰ ਹੈ।ਇਹ ਪ੍ਰਗਟਾਵਾ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੇ ਓਐੱਸਡੀ ਰਾਜਵੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਉਕਤ ਮੀਟਿੰਗ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਸੰਬੰਧ ਵਿੱਚ ਪਾਰਟੀ ਵਲੰਟੀਅਰਜ਼ ਦੇ ਨਾਲ ਰੱਖੀ ਗਈ ਸੀ, ਜੋ ਸਫਲਤਾਪੂਰਵਕ ਸੰਪੰਨ ਹੋਈ ਹੈ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਮ ਆਦਮੀ ਪਾਰਟੀ ਵੱਲੋਂ ਆਉਣ ਵਾਲੀਆਂ ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਤੇ ਨਗਰ ਕੌਂਸਲ ਦੀਆਂ ਚੋਣਾਂ ਸਬੰਧੀ ਪਾਰਟੀ ਦੇ ਵਲੰਟੀਅਰਜ਼ ਨਾਲ ਮੀਟਿੰਗ ਰੱਖੀ ਗਈ ਸੀ।ਉਕਤ ਮੀਟਿੰਗ ਵਿੱਚ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਚੋਣਾਂ ਨੂੰ ਲੜਨ ਲਈ ਰਣਨੀਤੀ ਬਣਾਈ ਗਈ ਹੈ।ਵਲੰਟੀਅਰ ਦੀ ਰਾਏ ਲਈ ਗਈ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਅਮਰੀਕ ਸਿੰਘ ਬਾਲਪੁਰ, ਮਨਦੀਪ ਸਿੰਘ ਪੋਲਾ, ਬਹਾਦਰ ਖਾਨ, ਕੌਂਸਲਰ ਆਸ਼ਾ ਰਾਣੀ, ਰਮੇਸ਼ ਸੋਨੂੰ, ਪ੍ਰਿਤਪਾਲ ਜੱਸੀ, ਬਲਜਿੰਦਰ ਗੋਲਾ, ਬਲਵੀਰ ਸੋਢੀ, ਏਐੱਸਆਈ ਬਲਜਿੰਦਰ ਸਿੰਘ, ਗੁਰਸ਼ਰਨ ਸਿੰਘ, ਰਣਜੀਤ ਸਿੰਘ ਰਾਮਦਾਸ ਨਗਰ, ਸੰਦੀਪ ਵੈਦ, ਹਰਜਿੰਦਰ ਕੁਮਾਰ ਰੇਲਵੇ, ਸਨੀ ਚੋਪੜਾ, ਮਾਨਵ ਟਿਵਾਣਾ, ਪਵੇਲ ਹਾਂਡਾ, ਮੋਹਿਤ ਸੂਦ, ਗੀਨਾ ਰਾਣੀ, ਰਜੇਸ਼ ਕੁਮਾਰ, ਐਡਵੋਕੇਟ ਅਮਰਿੰਦਰ ਸਿੰਘ ਮੰਡੋਫਲ, ਐਡਵੋਕੇਟ ਰਾਹੁਲ ਸ਼ਰਮਾ ਆਦਿ ਹਾਜ਼ਰ ਸਨ।

## ਸਵੈ-ਰੋਜ਼ਗਾਰ ਮੁਹਿੰਮ ਤਹਿਤ ਔਰਤਾਂ ਲਈ ਜਾਗਰੂਕਤਾ ਕੈਂਪ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਔਰਤਾਂ ਨੂੰ ਆਤਮ ਨਿਰਭਰ ਬਣਾਉਣ ਤੇ ਘਰੇਲੂ ਕਾਰਜਾਂ 'ਤੇ ਮਜ਼ਬੂਤ ਕਰਨ ਦੇ ਉਦੇਸ਼ ਨਾਲ ਸਵੈ-ਰੁਜ਼ਗਾਰ ਕੈਂਪ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਸਹਿਯੋਗ ਨਾਲ ਮਹਿਲ ਕਲਾਂ 'ਤੇ ਪੰਡੋਰੀ ਵਿਖੇ ਲਾਏ ਗਏ।ਇਹਨਾਂ ਮਹਿਲਾ ਵਿੰਗ ਬੀਬੀ ਗਮਨਦੀਪ ਕੌਰ ਨੇ ਕਿਹਾ ਕਿ ਘਰੇਲੂ ਮਹਿਲਾਵਾਂ ਨੂੰ ਸਵੈ-ਸਹਾਇਤਾ ਸਮੂਹਾਂ (ਸੈਲਫ ਹੈਲਪ ਗਰੁੱਪਾਂ) ਦੀ ਮਹੱਤਤਾ, ਲਾਭ ਤੇ ਸਰਕਾਰੀ ਸਹੂਲਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਔਰਤਾਂ ਨੂੰ ਦੱਸਿਆ ਗਿਆ ਕਿ ਸਵੈ-ਰੁਜ਼ਗਾਰ ਨਾਲ ਨਾ ਸਿਰਫ ਘਰ ਦੀ ਆਰਥਿਕ ਮਜ਼ਬੂਤੀ ਹੁੰਦੀ ਹੈ, ਸਗੋਂ ਉਨ੍ਹਾਂ ਦੇ ਆਤਮ-ਵਿਸ਼ਵਾਸ ਵੀ ਵਧਦਾ ਹੈ।ਨੌਜਵਾਨ ਵਿਦਿਆਰਥਣਾਂ ਤੇ ਲੜਕੀਆਂ ਨੂੰ ਫਟਾਫਟ ਖਾਣੇ (ਫਾਸਟ ਫੂਡ) ਬਣਾਉਣ, ਦੁੱਧ-ਡੇਅਰੀ ਕਾਰੋਬਾਰ, ਸੁੰਦਰਤਾ ਕੇਂਦਰ (ਬਿਊਟੀ ਪਾਰਲਰ), ਸਿਲਾਈ-ਕਢਾਈ ਅਤੇ ਹੋਰ ਰੁਜ਼ਗਾਰਮੁਖੀ ਕਲਾਵਾਂ ਦੀ ਸਿਖਲਾਈ ਲਈ ਪ੍ਰੇਰਿਤ ਕੀਤਾ ਗਿਆ, ਤਾਂ ਜੁ ਉਹ ਆਪਣੀ ਕਲਾ ਨੂੰ ਰੋਜ਼ਗਾਰ ਵਿੱਚ ਬਦਲ ਸਕਣ।ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡ ਪੱਧਰ 'ਤੇ ਔਰਤਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਸਵੈ-ਸਹਾਇਤਾ ਸਮੂਹ ਔਰਤਾਂ ਦੀ ਤਰੱਕੀ 'ਚ ਇੱਕ ਉਤਸ਼ਾਹਜਨਕ ਸਾਬਤ ਹੋ ਰਿਹਾ ਹੈ।ਮਨਦੀਪ ਕੌਰ ਸਮੂਹ ਸਾਬਕਾ ਮਹਿਲ ਕਲਾਂ ਨੇ ਅਪੀਲ ਕੀਤੀ ਕਿ ਉਹ ਘਰੇਲੂ ਕਲਾਵਾਂ ਤੇ ਰੋਜ਼ਗਾਰਮੁਖੀ ਸਿਖਲਾਈਆਂ ਦੀ ਵਰਤੋਂ ਕਰਕੇ ਆਪਣੇ ਜੀਵਨ ਨੂੰ ਬਿਹਤਰ ਬਣਾਉਣ ਦੀ ਇਸ ਮੁਹਿੰਮ ਨਾਲ ਜੁੜਨ।

## ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ ਤੇ ਬੂਟ ਵੰਡੇ



**ਕੋਟ ਈਸੇ ਖਾਂ (ਅਰੋੜਾ)**-ਧਰਮਕੋਟ ਰੋਡ 'ਤੇ ਸਥਿਤ ਗੁਰੂ ਨਾਨਕ ਕੰਪਿਊਟਰ ਅਕੈਡਮੀ ਦੇ ਸੰਚਾਲਕ ਤੇ ਸਮਾਜ ਸੇਵੀ ਗੁਰਵੰਤ ਸਿੰਘ ਵਿਰਕ ਵੱਲੋਂ ਸਮੇਂ-ਸਮੇਂ ਸਿਰ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਲੋੜਵੰਦ ਵਿਦਿਆਰਥੀਆਂ ਨੂੰ ਸਟੇਸ਼ਨਰੀ ਦਾ ਸਮਾਨ, ਵਰਦੀਆਂ, ਬੂਟ ਆਦਿ ਵੰਡ ਕੇ ਮਦਦ ਕਰਦੇ ਰਹਿੰਦੇ ਹਨ।ਇਸੇ ਕੜੀ ਤਹਿਤ ਸਮਾਜ ਸੇਵੀ ਗੁਰਵੰਤ ਸਿੰਘ ਵਿਰਕ ਵੱਲੋਂ ਇਲਾਕੇ ਦੀ ਨਾਮਵਰ ਭਗਤ ਪੂਰਨ ਸਿੰਘ ਸੇਵਾ ਸੰਥਥਾ ਦੇ ਸੇਵਾਦਾਰਾਂ ਨੂੰ ਨਾਲ ਲੈ ਕੇ ਸਰਕਾਰੀ ਹਾਈ ਸਕੂਲ ਮੰਦਰ ਵਿਖੇ ਨੌਂਵੀ ਤੇ ਦਸਵੀਂ ਕਲਾਸ ਦੇ ਲੋੜਵੰਦ ਵਿਦਿਆਰਥੀਆਂ ਨੂੰ ਸਰਦੀਆਂ ਦੀਆਂ ਵਰਦੀਆਂ, ਬੂਟ, ਜੁਰਾਬਾਂ ਤੇ ਹੋਰ ਵਸਤਾਂ ਦੀ ਵੰਡ ਕੀਤੀ ਗਈ।ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ਼ ਵੱਲੋਂ ਸਕੂਲ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਜੀ ਆਇਆਂ ਆਖਿਆ। ਗੁਰਵੰਤ ਸਿੰਘ ਵਿਰਕ ਤੇ ਹੋਰਨਾਂ ਨੇ ਕਿਹਾ ਕਿ ਸਾਨੂੰ ਹਰ ਇੱਕ ਲੋੜਵੰਦ ਇਨਸਾਨ ਦੀ ਮਦਦ ਕਰਨੀ ਚਾਹੀਦੀ ਹੈ ਤੇ ਨੇਕ ਕਾਰਜਾਂ ਵਿੱਚ ਵਧ-ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ ਤੇ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਚੰਗੇ ਇਨਸਾਨ ਬਨਣ ਲਈ ਪ੍ਰੇਰਿਤ ਕੀਤਾ।ਸਕੂਲ ਮੱਖੀ ਮੈਡਮ ਕਮਲਪ੍ਰੀਤ ਕੌਰ ਤੇ ਗੁਰਬਲਜੀਤ ਸਿੰਘ ਨੇ ਨੇਕ ਕਾਰਜਾਂ ਲਈ ਗੁਰਵੰਤ ਸਿੰਘ ਵਿਰਕ ਤੇ ਸੰਸਥਾਂ ਦੇ ਸੇਵਾਦਾਰਾਂ ਦਾ ਧੰਨਵਾਦ ਕੀਤਾ ਅਤੇ ਸਕੂਲ ਪ੍ਰਬੰਧਕਾਂ ਵੱਲੋਂ ਆਗੂਆਂ ਨੂੰ ਸਨਮਾਨਤ ਵੀ ਕੀਤਾ।

## ਹਰਸ਼ ਬਲੱਡ ਡੋਨਰ ਸੋਸਾਇਟੀ ਵੱਲੋਂ ਜਸਦੀਪ ਖੰਨਾ ਦਾ ਸਨਮਾਨ




**ਨਾਭਾ (ਵਰਿੰਦਰ ਵਰਮਾ)**-ਹਰਸ਼ ਬਲੱਡ ਡੋਨਰ ਸੁਸਾਇਟੀ ਵੱਲੋਂ ਪ੍ਰਧਾਨ ਭੁਵੇਸ ਬਾਂਸਲ ਭਾਸ਼ੀ ਦੀ ਅਗਵਾਈ ਵਿੱਚ ਨਗਰ ਕੌਂਸਲ ਦੇ ਐਕਟਿੰਗ ਪ੍ਰਧਾਨ ਜਸਦੀਪ ਖੰਨਾ ਤੇ ਇੰਪਰੂਵਮੈਂਟ ਟਰਸੱਟ ਦੇ ਸਾਬਕਾ ਚੇਅਰਮੈਨ ਅਮਰਦੀਪ ਖੰਨਾ ਨੂੰ ਸੁਸਾਇਟੀ ਦੀ ਪ੍ਰਤਿਮਾ ਦੇ ਕੇ ਸਨਮਾਨਤ ਕੀਤਾ ਗਿਆ।ਪ੍ਰਧਾਨ ਭਾਸ਼ੀ ਨੇ ਦੱਸਿਆ ਕਿ ਪ੍ਰਧਾਨ ਜਸਦੀਪ ਖੰਨਾ ਨੂੰ ਆਪਣੀ ਸੁਸਾਇਟੀ ਟੀਮ ਵੱਲੋਂ ਕਿਸੇ ਵੀ ਤਰਾਂ ਦੀ ਸਮਾਜਿਕ ਜਾ ਧਾਰਮਿਕ ਸੇਵਾ ਕਿਸੇ ਵੀ ਸਮੇ ਸੇਵਾਵਾਂ ਨਿਭਾਉਣ ਦਾ ਭਰੋਸਾ ਦਿੱਤਾ ਹੈ।ਸਾਡੀ ਸੁਸਾਇਟੀ ਖ਼ੂਨਦਾਨ ਦੇ ਖੇਤਰ ਤੋਂ ਇਲਾਵਾ ਹੋਰ ਕਾਰਜ ਜਿਵੇ ਕਰੋਨਾ ਮਹਾਂਮਾਰੀ ਦੌਰਾਨ ਸ਼ਹਿਰ ਸੈਨੇਟਾਈਜ਼ ਕਰਨਾ, ਬੂਟੇ ਲਾਉਣਾ, ਗਊ ਮਾਤਾ ਦੀ ਸੇਵਾ, ਨਸ਼ੇ ਖਿਲਾਫ਼ ਮੈਰਾਥਨ ਰੇਸ ਕਰਾਉਣਾ, ਅਵਾਰਾ ਪਸ਼ੂਆਂ ਦੇ ਰੈਫਲੈਕਟਰ ਲਵਾਉਣ ਦਾ ਕੰਮ ਕਰਦੀ ਰਹਿੰਦੀ ਹੈ।ਸਨਮਾਨਤ ਹੋਣ ਉਪਰੰਤ ਜਸਦੀਪ ਖੰਨਾ ਨੇ ਕਿਹਾ ਕਿ ਸਾਨੂੰ ਜਿਥੇ ਵੀ ਕਿਤੇ ਸੁਸਾਇਟੀ ਦੀ ਲੋੜ ਪਏਗੀ ਤਾਂ ਅਸੀਂ ਉਨ੍ਹਾਂ ਦੀ ਮਦਦ ਜ਼ਰੂਰ ਲਵਾਂਗੇ, ਖ਼ੂਨਦਾਨ ਕਰਨਾ ਸੁਸਾਇਟੀ ਦਾ ਸਭ ਤੋਂ ਵਧੀਆ ਉਪਰਾਲਾ ਹੈ, ਜੋ ਦੂਜੇ ਦੀ ਜ਼ਿੰਦਗੀ ਬਚਾਉਣ ਲਈ ਇਹ ਕੰਮ ਕਰਦੇ ਹਨ।ਅਸੀਂ ਨਾਭਾ ਨਗਰ ਕੌਂਸਲ ਵੱਲੋਂ ਵੱਡੇ ਕਾਰਜ ਕਰਨ ਜਾ ਰਹੇ ਹਾਂ, ਜਿਸ ਨਾਲ ਲੋਕਾਂ ਨੂੰ ਟ੍ਰੈਫ਼ਿਕ ਦੀ ਸਮੱਸਿਆ ਤੋਂ ਵੀ ਨਿਜ਼ਾਤ ਮਿਲੇਗੀ।ਸਾਬਕਾ ਚੇਅਰਮੈਨ ਅਮਰਦੀਪ ਖੰਨਾ ਨੇ ਦੱਸਿਆ ਕਿ ਸਾਡੇ ਪਰਵਾਰ ਨੂੰ ਜੋ ਇਹ ਨਗਰ ਕੌਂਸਲ ਦੀ ਸੇਵਾ ਮਿਲੀ ਹੈ, ਉਹ ਸਾਡਾ ਪਰਿਵਾਰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਏਗਾ। ਉਨ੍ਹਾਂ ਕਿਹਾ ਕਿ ਹਲਕਾ ਵਾਸੀਆਂ ਦੀ ਸੇਵਾ ਲਈ 24 ਘੰਟੇ ਹਾਜ਼ਰ ਰਹਾਂਗੇ ਅਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਾਂਗੇ।

## ਅਕਾਲੀ ਦਲ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਕਰੇਗਾ ਸ਼ਾਨਦਾਰ ਪ੍ਰਦਰਸ਼ਨ : ਅਕਾਲੀ ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਉਣ ਵਾਲੀਆਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਨੂੰ ਸ਼੍ਰੋਮਣੀ ਅਕਾਲੀ ਦਲ ਪੂਰੀ ਤਾਕਤ, ਇਕਜੁਟਤਾ ਤੇ ਜੋਸ਼ ਨਾਲ ਲੜੇਗਾ ਅਤੇ ਧਮਾਕੇਦਾਰ ਜਿੱਤ ਹਾਸਲ ਕਰੇਗਾ।ਇਹ ਸ਼ਬਦ ਅਕਾਲੀ ਦਲ ਦੇ ਸੀਨੀਅਰ ਆਗੂ ਤਰਲੋਚਨ ਸਿੰਘ ਕਾਲੇਕੇ, ਸਾਬਕਾ ਚੇਅਰਮੈਨ ਬਚਿੱਤਰ ਸਿੰਘ, ਸਰਕਲ ਪ੍ਰਧਾਨ ਘੋਲੀਆ ਹਰਜਿੰਦਰ ਸਿੰਘ ਗਿੱਲ ਕਨੇਡਾ ਤੇ ਕੈਨੇਡਾ ਯੂਥ ਆਗੂ ਮਨਪ੍ਰੀਤ ਸਿੰਘ ਗਿੱਲ ਨੇ ਪ੍ਰਗਟਾਏ।ਉਨ੍ਹਾਂ ਕਿਹਾ ਕਿ ਹਲਕਾ ਬਾਘਾ ਪੁਰਾਣਾ ਵਿਚ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਹੇਠ ਅਕਾਲੀ ਦਲ ਲਗਾਤਾਰ ਮਜ਼ਬੂਤ ਹੋ ਰਿਹਾ ਹੈ ਤੇ ਪਿੰਡ ਤੋਂ ਪਿੰਡ ਤੱਕ ਵਰਕਰਾਂ ਦਾ ਉਤਸ਼ਾਹ ਕਾਬਲ-ਏ-ਤਾਰੀਫ਼ ਹੈ।ਉਨ੍ਹਾਂ ਦੱਸਿਆ ਕਿ ਜਥੇਦਾਰ ਮਾਹਲਾ ਨੇ ਹਮੇਸ਼ਾ ਵਰਕਰਾਂ ਨਾਲ ਨਜ਼ਦੀਕੀ ਬਣਾਈ ਰੱਖਦੇ ਹੋਏ ਹਰ ਮੁੱਦੇ 'ਤੇ ਲੋਕਾਂ ਦੀ ਅਵਾਜ਼ ਨੂੰ ਬੁਲੰਦ ਕੀਤਾ ਹੈ, ਜਿਸ ਕਰਕੇ ਹਲਕੇ ਦਾ ਹਰ ਵਰਕਰ ਚੋਣ ਮੁਹਿੰਮ ਵਿੱਚ ਪੂਰੀ ਦ੍ਰਿੜਤਾ ਨਾਲ ਜੁਟਿਆ ਹੋਇਆ ਹੈ।ਤਰਲੋਚਨ ਸਿੰਘ ਕਾਲੇਕੇ ਨੇ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾਂ ਪਿੰਡ ਪੱਧਰ 'ਤੇ ਵਿਕਾਸ, ਕਿਸਾਨ-ਮਜ਼ਦੂਰ ਹਿੱਤਾਂ ਤੇ ਕੌਮੀ ਸਿਧਾਂਤਾਂ ਲਈ ਲੜਾਈ ਲੜੀ ਹੈ। ਬਚਿੱਤਰ ਸਿੰਘ ਸਾਬਕਾ ਚੇਅਰਮੈਨ ਨੇ ਕਿਹਾ ਕਿ ਮੌਜੂਦਾ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉਤਰੀ, ਜਿਸ ਕਾਰਨ ਜਨਤਾ ਦਾ ਰੁਝਾਣ ਦੁਬਾਰਾ ਅਕਾਲੀ ਦਲ ਵੱਲ ਵਧ ਰਿਹਾ ਹੈ।ਹਰਜਿੰਦਰ ਸਿੰਘ ਗਿੱਲ ਕਨੇਡਾ ਨੇ ਕਿਹਾ ਕਿ ਵਿਦੇਸ਼ਾਂ 'ਚ ਵਸਦੇ ਪੰਜਾਬੀਆਂ 'ਚ ਵੀ ਅਕਾਲੀ ਦਲ ਪ੍ਰਤੀ ਵੱਡਾ ਪਿਆਰ ਹੈ ਤੇ ਉਹ ਚਾਹੁੰਦੇ ਹਨ ਕਿ ਪੰਜਾਬ ਵਿੱਚ ਮੁੜ ਸੱਚੀ, ਤਜਰਬੇਕਾਰ ਤੇ ਲੋਕ-ਭਲਾਈ ਵਾਲੀ ਅਗਵਾਈ ਕਾਇਮ ਹੋਵੇ।ਯੂਥ ਆਗੂ ਮਨਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ ਨੌਜਵਾਨ ਵਰਕਰ ਪੂਰੀ ਤਰ੍ਹਾਂ ਚੁਸਤ-ਦੁਰੁਸਤ ਹਨ ਤੇ ਚੋਣਾਂ ਵਿੱਚ ਨਿਭਾਉਣਯੋਗ ਭੂਮਿਕਾ ਅਦਾ ਕਰਨਗੇ।

## ਗੁਰੂ ਤੇਗ ਬਹਾਦਰ ਜੀ ਦੇ ਉਪਦੇਸ਼ਾਂ ਦੀ ਸਮਾਜ ਸ਼ਾਸਤਰੀ ਵਿਚਾਰ-ਵਿਚਾਰਨਾ ਵਿਸ਼ੇ 'ਤੇ ਅੰਤਰਰਾਸ਼ਟਰੀ ਸਿੰਪੋਜ਼ੀਅਮ ਦਾ ਆਯੋਜਨ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸੋਸ਼ੀਓਲੋਜੀ ਵਿਭਾਗ ਵੱਲੋਂ ਮਾਨਵਤਾ ਦੀ ਸਦੀਵੀ ਜੋਤ : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਉਪਦੇਸ਼ਾਂ ਦੀ ਸਮਾਜ ਸ਼ਾਸਤਰੀ ਵਿਚਾਰ-ਵਿਚਾਰਨਾ ਵਿਸ਼ੇ 'ਤੇ ਅੰਤਰਰਾਸ਼ਟਰੀ ਸਿਮਪੋਜ਼ਿਅਮ ਸਫ਼ਲਤਾਪੂਰਵਕ ਆਯੋਜਿਤ ਕੀਤਾ ਗਿਆ।ਇਸ ਸਮਾਗਮ 'ਚ ਦੇਸ਼-ਵਿਦੇਸ਼ ਤੋਂ ਕਈ ਪ੍ਰਸਿੱਧ ਅਕਾਦਮਿਕ, ਸੱਭਿਆਚਾਰਕ ਵਿਚਾਰਕ ਤੇ ਖੋਜਕਰਤਾ ਸ਼ਾਮਲ ਹੋਏ।ਸਾਰੇ ਵਿਦਵਾਨਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਬਲਿਦਾਨ, ਮਨੁੱਖਤਾ ਲਈ ਉਨ੍ਹਾਂ ਦੇ ਸਰਬਵਿਆਪੀ ਸੰਦੇਸ਼ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਸਮਕਾਲੀ ਮਹੱਤਤਾ 'ਤੇ ਆਪਣੇ ਵਿਚਾਰ ਸਾਂਝੇ ਕੀਤੇ।ਸਮਾਗਮ ਦੀ ਸ਼ੁਰੂਆਤ ਕਨਵੀਨਰ ਡਾ. ਨਵਸ਼ਗਨ ਦੀਪ ਕੌਰ ਦੇ ਗ਼ਰਮਜੋਸ਼ੀ ਭਰੇ ਸਵਾਗਤ ਸੰਬੋਧਨ ਨਾਲ ਹੋਈ।

ਉਨ੍ਹਾਂ ਨੇ ਸਿੰਪੋਜ਼ਿਅਮ ਦੇ ਵਿਦਵਤ ਮਾਹੌਲ, ਅਧਿਐਨ ਲਕਸ਼ਾਂ ਤੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ-ਦਰਸ਼ਨ ਦੀ ਸਮਾਜ ਸ਼ਾਸਤਰੀ ਪ੍ਰਸੰਗ 'ਚ ਮਹੱਤਤਾ 'ਤੇ ਚਰਚਾ ਕੀਤੀ।ਸਮਾਗਮ ਦੇ ਵਿਸ਼ੇਸ਼ ਪ੍ਰਧਾਨ ਕੁਲਪਤੀ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਨੇ ਸੰਬੋਧਨ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਬੇਮਿਸਾਲ ਬਲਿਦਾਨ ਨੂੰ ਉਜਾਗਰ ਕੀਤਾ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਮਨੁੱਖਤਾ, ਸਮਾਨਤਾ ਤੇ ਨੈਤਿਕਤਾ ਦੀ ਸਦੀਵੀ ਜੋਤ ਹੈ।ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਆਪਣੇ ਵਿਸ਼ੇਸ਼ ਸੰਬੋਧਨ ਵਿੱਚ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਨੂੰ ਆਧੁਨਿਕ ਦੁਨੀਆ ਦੇ ਸਮਾਜਿਕ ਤੇ ਨੈਤਿਕ ਸੰਕਟਾਂ ਨਾਲ ਜੋੜਦਿਆਂ ਉਨ੍ਹਾਂ ਦੀ ਪ੍ਰਸੰਗਿਕਤਾ 'ਤੇ ਰੋਸ਼ਨੀ ਪਾਈ।

ਸਮਾਰੋਹ ਨੂੰ ਹੋਰ ਮਹੱਤਵਪੂਰਨ ਬਣਾਉਂਦਿਆਂ ਪ੍ਰੋ. (ਡਾ.) ਤੇਜਬੀਰ ਸਿੰਘ ਨੇ ਵੀ ਸਮਾਗਮ ਦੀ ਸ਼ੋਭਾ ਵਧਾਈ ਅਤੇ ਗੁਰੂ ਸਾਹਿਬ ਦੇ ਦਰਸ਼ਨਿਕ ਵਿਸ਼ਾਲਤਾ, ਧਾਰਮਿਕ ਸਹਿਪ੍ਰਤੀ ਤੇ ਮਨੁੱਖੀ ਮਰਯਾਦਾ ਦੀ ਰਖਿਆ ਬਾਰੇ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ।ਸਿੰਪੋਜ਼ਿਅਮ ਦਾ ਮੁੱਖ ਭਾਸ਼ਣ ਯੂਨੀਵਰਸਿਟੀ ਆਫ ਕੈਲੀਫੋਰਨੀਆ ਦੇ ਪ੍ਰਸਿੱਧ ਵਿਦਵਾਨ ਪ੍ਰੋ. ਗੁਰਿੰਦਰ ਸਿੰਘ ਮਾਨ ਵੱਲੋਂ ਪ੍ਰਸਤੁਤ ਕੀਤਾ ਗਿਆ।ਉਨ੍ਹਾਂ ਗੁਰੂ ਸਾਹਿਬ ਦੇ ਇਤਿਹਾਸਕ ਪ੍ਰਸੰਗ, ਆਧਿਆਤਮਕ ਗਹਿਰਾਈ, ਦਰਸ਼ਨਿਕ ਦੂਰਦ੍ਰਿਸ਼ਟੀ ਤੇ ਉਨ੍ਹਾਂ ਦੀ ਸਿੱਖਿਆਵਾਂ ਦੀ ਵਿਸ਼ਵਵਿਆਪੀ ਮਹੱਤਤਾ 'ਤੇ ਵਿਦਵਤ ਰੋਸ਼ਨੀ ਪਾਈ।ਇਸ ਤੋਂ ਬਿਨਾਂ ਪਾਕਿਸਤਾਨ ਤੋਂ ਪ੍ਰਸਿੱਧ ਲੇਖਕ ਤੇ ਸੱਭਿਆਚਾਰਕ ਖੋਜਕਾਰ ਇਕਬਾਲ ਕਾਇਸਰ ਨੇ ਗੁਰੂ ਤੇਗ ਬਹਾਦਰ ਜੀ ਦੀ ਸਰਹੱਦੀ ਸਿੱਖ ਵਿਰਾਸਤ, ਦਰਸ਼ਨਿਕ ਸਰਬਵਿਆਪਕਤਾ ਤੇ ਸਾਂਝੀ ਮਨੁੱਖਤਾ ਦੇ ਸੰਦੇਸ਼ 'ਤੇ ਆਪਣੇ ਵਿਚਾਰ ਸਾਂਝੇ ਕੀਤੇ।ਪਾਕਿਸਤਾਨ ਦੀ ਯੂਨੀਵਰਸਿਟੀ ਆਫ਼ ਲਾਹੌਰ (ਗਵਰਨਮੈਂਟ ਕਾਲਜ) ਦੇ ਪ੍ਰੋ. ਕਲਿਆਣ ਸਿੰਘ ਨੇ ਵੀ ਗੁਰੂ ਸਾਹਿਬ ਦੇ ਜੀਵਨ ਦੇ ਸਮਾਜ-ਸੱਭਿਆਚਾਰਕ ਆਯਾਮਾਂ 'ਤੇ ਚਰਚਾ ਕਰਦਿਆਂ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਵਿਸ਼ਵ ਪੱਧਰੀ ਮਹੱਤਤਾ ਨੂੰ ਉਜਾਗਰ ਕੀਤਾ।ਸਮਾਗਮ ਦੌਰਾਨ ਪ੍ਰੋ. ਹਰਵਿੰਦਰ ਸਿੰਘ ਭੱਟੀ ਸਮੇਤ ਕਈ ਹੋਰ ਵਿਦਵਾਨਾਂ ਨੇ ਵੀ ਆਪਣੀਆਂ ਵਿਦਵਤ ਭਰੀਆਂ ਰਾਇਆਂ ਨਾਲ ਸਮਾਰੋਹ ਨੂੰ ਸਮ੍ਰਿੱਧ ਕੀਤਾ।ਸਿੰਪੋਜ਼ਿਅਮ ਵਿੱਚ ਵਿਦਿਆਰਥੀਆਂ ਤੇ ਖੋਜਕਰਤਿਆਂ ਨੇ ਵੀ ਜੀਵੰਤ ਚਰਚਾਵਾਂ ਵਿੱਚ ਹਿੱਸਾ ਲੈਂਦਿਆਂ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਤੇ ਮਨੁੱਖਤਾ-ਕੇਂਦਰਤ ਵਿਚਾਰਧਾਰਾ ਬਾਰੇ ਅਧਿਕ ਜਾਣਕਾਰੀ ਪ੍ਰਾਪਤ ਕੀਤੀ।ਸਟੇਜ ਪ੍ਰੋਸੀਡਿੰਗਜ਼ ਦੀ ਪ੍ਰਭਾਵਸ਼ਾਲੀ ਸਾਂਭ-ਸੰਭਾਲ ਐਸਿਸਟੈਂਟ ਪ੍ਰੋਫੈਸਰ ਏਕਰੂਪ ਕੌਰ ਵੱਲੋਂ ਕੀਤੀ ਗਈ।ਫੈਕਲਟੀ ਮੈਂਬਰ ਡਾ. ਹਰਮਨਪ੍ਰੀਤ ਕੌਰ ਤੇ ਲਵਪ੍ਰੀਤ ਸਿੰਘ ਨੇ ਵੀ ਆਪਣੇ-ਆਪਣੇ ਖੇਤਰਾਂ ਵਿੱਚ ਮਹੱਤਵਪੂਰਨ ਅਕਾਦਮਿਕ ਜ਼ਿੰਮੇਵਾਰੀਆਂ ਨਿਭਾਈਆਂ।

## ਨਵਜੰਮੇ ਬੱਚੇ ਦਾ ਭਰੂਣ ਮਿਲਿਆ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਹਰਲਾਲਪੁਰਾ ਦੀ ਹੱਡਾਰੋੜੀ ਵਿੱਚੋਂ ਇੱਕ ਨਵਜੰਮੇ ਬੱਚੇ ਦਾ ਮਾਦਾ ਭਰੂਣ ਮਿਲਣ ਦਾ ਸਮਾਚਾਰ ਹੈ।ਐਸਐਚਓ ਬਡਾਲੀਆ ਇੰਦਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਹਰਲਾਲਪੁਰਾ ਦੀ ਮਹਿਲਾ ਸਰਪੰਚ ਹਰਜਿੰਦਰ ਕੌਰ ਦੇ ਪਤੀ ਰਣਜੀਤ ਸਿੰਘ ਨੇ ਪੁਲਸ ਨੂੰ ਫ਼ੋਨ 'ਤੇ ਸੂਚਿਤ ਕੀਤਾ ਕਿ ਉਹਨਾਂ ਦੇ ਪਿੰਡ ਦੀ ਹੱਡਾਰੋੜੀ ਵਿੱਚ ਇੱਕ ਨਵਜਨਮੇ ਬੱਚੇ ਦਾ ਭਰੂਣ ਪਿਆ ਹੈ।ਸੂਚਨਾ ਮਿਲਣ 'ਤੇ ਪੁਲਸ ਪਾਰਟੀ ਵੱਲੋਂ ਮੌਕੇ 'ਤੇ ਪੁੱਜ ਕੇ ਉਕਤ ਭਰੂਣ ਨੂੰ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਪਹੁੰਚਾਇਆ ਗਿਆ।ਐਸਐਚਓ ਇੰਦਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਵਾਸੀਆਂ ਦੇ ਦੱਸਣ ਅਨੁਸਾਰ ਉਕਤ ਭਰੂਣ ਕਰੀਬ ਸੱਤ ਕਰੀਬ 7 ਮਹੀਨੇ ਦੇ ਬੱਚੇ ਦਾ ਜਾਪਦਾ ਹੈ, ਜਿਸ ਦੇ ਆਲੇ ਦੁਆਲੇ ਅਵਾਰਾ ਕੁੱਤੇ ਇਕੱਠੇ ਹੋਏ ਹੋਏ ਸਨ, ਜਿਸ ਸਬੰਧੀ ਨਾਮਾਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਹਲਕਾ ਇੰਚਾਰਜ ਬਣਨ 'ਤੇ ਹਰਿਆਊ ਦਾ ਸਨਮਾਨ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਸ਼੍ਰੋਮਣੀ ਅਕਾਲੀ ਦਲ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਨੌਜਵਾਨ ਆਗੂ ਜਗਜੀਤ ਸਿੰਘ ਹਰਿਆਊ ਨੂੰ ਇੰਚਾਰਜ ਲਾਇਆ ਗਿਆ ਹੈ।ਜਥੇਦਾਰ ਹਰਿਆਊ ਨੂੰ ਹਲਕਾ ਇੰਚਾਰਜ ਬਣਨ 'ਤੇ ਵਧਾਈਆਂ ਦੇਣ ਵਾਲਿਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਵੱਡੀ ਗਿਣਤੀ 'ਚ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਨੇ ਜਥੇਦਾਰ ਹਰਿਆਊ ਦੇ ਗ੍ਰਹਿ ਵਿਖੇ ਪਹੁੰਚ ਕੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕਰਦਿਆਂ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ ਹੈ।ਸਨਮਾਨ ਪ੍ਰਾਪਤ ਕਰਨ ਉਪਰੰਤ ਨੌਜਵਾਨ ਆਗੂ ਜਗਜੀਤ ਸਿੰਘ ਹਰਿਆਊ ਨੇ ਦਲ ਦੀ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ।ਇਸ ਨੂੰ ਉਹ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਂਦਿਆਂ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨਗੇ।ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪਰਵਾਰ ਪੀੜ੍ਹੀਆਂ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਫ਼ਾਦਾਰ ਸਿਪਾਹੀ ਦੇ ਤੌਰ 'ਤੇ ਕੰਮ ਕਰ ਰਿਹਾ ਹੈ ਤੇ ਹਲਕਾ ਸਮਾਣਾ 'ਚ ਉਨ੍ਹਾਂ ਦੇ ਉਨ੍ਹਾਂ ਦੇ ਮਾਤਾ ਸ਼੍ਰੀਮਤੀ ਹਰਜੀਤ ਕੌਰ ਹਰਿਆਊ ਤੇ ਤਾਇਆ ਨਿਰਮਲ ਸਿੰਘ ਹਰਿਆਊ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਦੇ ਤੌਰ 'ਤੇ ਕਰੀਬ 25 ਸਾਲ ਸੇਵਾ ਕਰਦੇ ਰਹੇ ਹਨ।ਪਿਤਾ ਬਲਜਿੰਦਰ ਸਿੰਘ ਹਰਿਆਊ ਵੱਲੋਂ ਸ਼੍ਰੋਮਣੀ ਅਕਾਲੀ ਦਲ ਲਈ ਕੀਤੇ ਗਏ ਕੰਮਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਪੈੜਾਂ 'ਤੇ ਚੱਲਦਿਆਂ ਉਹ ਜਿੱਥੇ ਹਲਕਾ ਸ਼ੁਤਰਾਣਾ ਤੇ ਸਮਾਣਾ 'ਚ ਕੰਮ ਕਰ ਰਹੇ ਹਨ, ਉੱਥੇ ਪਾਰਟੀ ਵੱਲੋਂ ਬਣਾਏ ਜ਼ਿਲ੍ਹਾ ਪ੍ਰਧਾਨ ਦਿੱਤੀ ਗਈ ਜ਼ਿੰਮੇਵਾਰੀ ਨੂੰ ਵੀ ਨਿਭਾਅ ਰਹੇ ਹਨ।ਆਉਣ ਵਾਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਸ਼ਾਨ ਨਾਲ ਜਿੱਤਣ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਦੀ ਅਸਲੀਅਤ ਪਛਾਣ ਚੁੱਕੇ ਹਨ ਤੇ ਪੰਥ ਅਤੇ ਪੰਜਾਬ ਦੇ ਹਿੱਤਾਂ ਲਈ ਜੰਮ ਕੇ ਪਹਿਰਾ ਦੇਣ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੱਲੋਂ ਕੀਤੇ ਗਏ ਵਿਕਾਸ ਕੰਮਾਂ ਨੂੰ ਯਾਦ ਕਰ ਰਹੇ ਹਨ।

## ਕਾਂਗਰਸ ਕਮੇਟੀ ਵੱਲੋਂ ਸੰਵਿਧਾਨ ਬਚਾਓ ਸਮਾਗਮ

**ਮੋਗਾ (ਇਕਬਾਲ ਸਿੰਘ ਖਹਿਰਾ)**

26 ਨਵੰਬਰ 1949 ਨੂੰ ਭਾਰਤੀ ਸੰਵਿਧਾਨ ਅਪਣਾਇਆ ਗਿਆ ਸੀ, ਜੋ 26 ਜਨਵਰੀ 1950 ਨੂੰ ਲਾਗੂ ਹੋਇਆ। ਅੱਜ ਸੰਵਿਧਾਨ ਦਿਵਸ ਨੂੰ ਜ਼ਿਲਾ ਕਾਂਗਰਸ ਕਮੇਟੀ ਵੱਲੋਂ ਪ੍ਰਧਾਨ ਹਰੀ ਸਿੰਘ ਖਾਈ ਦੀ ਅਗਵਾਈ ਹੇਠ ਸੰਵਿਧਾਨ ਬਚਾਓ ਦਿਵਸ ਵਜੋਂ ਮਨਾਇਆ ਗਿਆ, ਜਿਸ ਵਿੱਚ ਹਾਜ਼ਰ ਕਾਂਗਰਸੀ ਆਗੂਆਂ ਨੇ ਕੇਂਦਰ ਦੀ ਭਾਜਪਾ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ।ਇਸ ਮੌਕੇ ਪੁੱਜੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੋਸ਼ ਲਗਾਇਆ ਕਿ ਭਾਜਪਾ ਸਰਕਾਰ ਕੋਝੇ ਹਥਕੰਡੇ ਅਪਨਾ ਕੇ ਭਾਰਤੀ ਸੰਵਿਧਾਨ ਦੀਆਂ ਕਦਰਾਂ ਕੀਮਤਾਂ ਦਾ ਘਾਣ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੀ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸ੍ਰੀ ਰਾਹੁਲ ਗਾਂਧੀ ਦੇਸ਼ ਭਰ ਵਿਚ ਸੰਵਿਧਾਨ ਬਚਾਉਣ ਲਈ ਨਿਕਲੇ ਸਨ।ਉਨ੍ਹਾਂ ਕਿਹਾ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ 25 ਲੱਖ ਬੋਗਸ ਵੋਟਾਂ ਬਣਾ ਕੇ ਹੇਰਾਫੇਰੀ ਕੀਤੀ ਤੇ 5.2 ਲੱਖ ਤੋਂ ਵੱਧ ਡੁਪਲੀਕੇਟ ਐਂਟਰੀ ਵੀ ਸਾਹਮਣੇ ਆਈਆਂ।ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਅੱਜ ਭਾਜਪਾ ਪਤਾ ਨਹੀਂ ਕਿਹੜੇ ਮੂੰਹ ਨਾਲ ਸੰਵਿਧਾਨ ਦਿਵਸ ਮਨਾ ਰਹੀ ਹੈ।ਜ਼ਿਲ੍ਹਾ ਕਾਂਗਰਸ ਕਮੇਟੀ ਮੋਗਾ ਦੇ ਪ੍ਰਧਾਨ ਹਰੀ ਸਿੰਘ ਖਾਈ ਨੇ ਮੋਗਾ ਪੁੱਜਣ 'ਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਪਾਰਟੀ ਹਾਈਕਮਾਂਡ ਜਿੱਥੇ ਵੀ ਜ਼ਿਲ੍ਹਾ ਕਾਂਗਰਸ ਕਮੇਟੀ ਮੋਗਾ ਦੀ ਡਿਊਟੀ ਲਗਾਏਗੀ, ਉਸ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲੇ ਭਰ ਵਿਚ ਕਾਂਗਰਸ ਪਾਰਟੀ ਏਕੇ ਨਾਲ ਲੋਕਤੰਤਰ ਬਚਾਉਣ ਲਈ ਸੰਘਰਸ਼ ਕਰੇਗੀ।ਇਸ ਮੌਕੇ ਸਾਬਕਾ ਮੰਤਰੀ ਡਾ. ਮਾਲਤੀ ਥਾਪਰ, ਸਾਬਕਾ ਚੇਅਰਮੈਨ ਇੰਦਰਜੀਤ ਸਿੰਘ ਬੀੜ ਚੜਿੱਕ, ਮਨਜੀਤ ਮਾਨ ਮੈਂਬਰ ਪੀਪੀਸੀਸੀ, ਸਾਬਕਾ ਚੇਅਰਮੈਨ ਵਿਨੋਦ ਬਾਂਸਲ, ਐਡਵੋਕੇਟ ਰਵਿੰਦਰ ਸਿੰਘ ਰਵੀ ਗਰੇਵਾਲ, ਕਰਨਲ ਬਾਬੂ ਸਿੰਘ, ਸਾਬਕਾ ਵਿਧਾਇਕ ਵਿਜੇ ਸਾਥੀ, ਪ੍ਰਧਾਨ ਓਪਿੰਦਰ ਗਿੱਲ, ਜਸਵੀਰ ਸਿੰਘ ਬਰਾੜ ਖੋਟੇ, ਗੁਰਬਚਨ ਬਰਾੜ, ਸਵਰਨ ਸਿੰਘ ਆਦੀਵਾਲ, ਅਕਾਸ਼ਦੀਪ ਸਿੰਘ ਲਾਲੀਬੁੱਟਰ, ਗੁਰਨੂਰਮਾਨ ਦੌਧਰ, ਸਰਪੰਚ ਜਸਪਾਲ ਸਿੰਘ ਡਰੋਲੀ ਭਾਈ ਆਦਿ ਹਾਜ਼ਰ ਸਨ।




## ਪ੍ਰੋਫੈਸਰ ਨਿਯੁਕਤ ਹੋਏ ਡਾ. ਪੂਰਨਿਮਾ ਆਨੰਦ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਮਾਜ ਸੇਵੀ ਆਨੰਦ ਪਰਵਾਰ ਦੀ ਨੂੰਹ ਡਾ. ਪੂਰਨਿਮਾ ਸ਼ਰਮਾ ਆਨੰਦ ਦਯਾਨੰਦ ਮੈਡੀਕਲ ਕਾਲਜ ਲੁਧਿਆਣਾ ਵਿਖੇ ਸਹਾਇਕ ਪ੍ਰੋਫੈਸਰ ਨਿਯੁਕਤ ਕੀਤੇ ਗਏ ਹਨ। ਡਾ. ਪੂਰਨਿਮਾ ਸ਼ਰਮਾ ਆਨੰਦ ਜਨਰਲ ਸਰਜਰੀ ਦੇ ਪ੍ਰੋਫੈਸਰ ਹਨ, ਜੋ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਨੂੰ ਇਸ ਸਬੰਧੀ ਸਿੱਖਿਆਵਾਂ ਪ੍ਰਦਾਨ ਕਰਨਗੇ। ਸਮਾਜ ਸੇਵੀ ਤੇ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਸ਼ਕਤੀ ਆਨੰਦ ਦੀ ਨੂੰਹ ਤੇ ਡਾ. ਹਿਮਾਸ਼ੂ ਆਨੰਦ ਦੀ ਪਤਨੀ ਡਾ. ਪੂਰਨਿਮਾ ਸ਼ਰਮਾ ਆਨੰਦ ਦੀ ਇਸ ਨਿਯੁਕਤੀ 'ਤੇ ਆਨੰਦ ਪਰਵਾਰ ਨੂੰ ਇਲਾਕੇ ਦੇ ਪਤਵੰਤਿਆਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਆਨੰਦ ਪਰਵਾਰ ਵੱਲੋਂ ਮਾਛੀਵਾੜਾ ਇਲਾਕੇ 'ਚ ਜਿੱਥੇ ਮੁਫ਼ਤ ਮੈਡੀਕਲ ਕੈਂਪ ਲਾ ਲੋੜਵੰਦ ਲੋਕਾਂ ਨੂੰ ਸਿਹਤ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਉੱਥੇ ਸਮਾਜ ਸੇਵੀ ਕਾਰਜਾਂ 'ਚ ਵੀ ਮੋਹਰੀ ਰੋਲ ਅਦਾ ਕੀਤਾ ਜਾਂਦਾ ਹੈ।

## ਗੱਟੀ ਰਾਜੋ ਕੇ ਸਕੂਲ ਦੇ 8 ਵਿਦਿਆਰਥੀ ਆਰਮੀ ਲਈ ਚੁਣੇ

### ਜ਼ਿਲ੍ਹਾ ਪ੍ਰਸ਼ਾਸਨ ਨੇ ਕੀਤਾ ਸਨਮਾਨਤ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਹੱਦੀ ਖੇਤਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੱਟੀ ਰਾਜੋ ਕੇ ਫਿਰੋਜ਼ਪੁਰ ਦੇ 8 ਵਿਦਿਆਰਥੀਆਂ ਨੇ ਮਾਣਮੱਤੀ ਪ੍ਰਾਪਤੀ ਕਰਦੇ ਹੋਏ ਇੰਡੀਅਨ ਆਰਮੀ ਦੀ ਅਗਨੀਵੀਰ ਦੀ ਪ੍ਰੀਖਿਆ ਪਾਸ ਕਰਨ ਉਪਰੰਤ 2025 ਦੇ ਲਿਖਤੀ ਤੇ ਫਿਜੀਕਲ ਟੈਸਟ ਪਾਸ ਕਰਨ ਦੇ ਬਾਅਦ ਇਨ੍ਹਾਂ ਦੀ ਚੋਣ ਇੰਡੀਅਨ ਆਰਮੀ ਵਿੱਚ ਕੀਤੀ ਗਈ। ਸਕੂਲ ਦੇ ਇੰਚਾਰਜ ਤਜਿੰਦਰ ਸਿੰਘ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਇਨ੍ਹਾਂ ਵਿਦਿਆਰਥੀਆਂ ਵੱਲੋਂ ਪਹਿਲਾਂ ਐੱਨਸੀਸੀ ਦੇ ਕੈਂਪ ਵੀ ਲਗਵਾਏ ਜਾਂਦੇ ਰਹੇ ਹਨ ਤੇ ਇਨ੍ਹਾਂ ਦੀ ਕੜੀ ਮਿਹਨਤ ਦੇ ਚਲਦਿਆਂ ਹੀ ਇਹ ਕੈਡਰ ਦੇ ਹੋਣਹਾਰ ਵਿਦਿਆਰਥੀ ਪ੍ਰੀਖਿਆ ਕਲੀਅਰ ਕਰ ਪਾਏ ਹਨ। ਸਕੂਲ ਦੇ ਐੱਨਸੀਸੀ ਦੇ ਗਾਈਡ ਅਧਿਆਪਕ ਲੈਫਟੀਨੈਂਟ ਪ੍ਰਿਤਪਾਲ ਸਿੰਘ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਹੱਦੀ ਖੇਤਰ ਦੇ ਨੌਜਵਾਨਾਂ ਦੀਆਂ ਸਮੱਸਿਆਵਾਂ ਤੇ ਆਰਥਿਕ ਸਥਿਤੀ ਨੂੰ ਦੇਖਦੇ ਹੋਏ ਸਿੱਖਿਆ ਨੂੰ ਰੋਜ਼ਗਾਰ ਮੁਖੀ ਬਣਾਉਣ ਦੇ ਉਦੇਸ਼ ਨਾਲ ਡਾ. ਸਤਿੰਦਰ ਸਿੰਘ ਨੈਸ਼ਨਲ ਐਵਾਰਡੀ ਪ੍ਰਿੰਸੀਪਲ ਦੇ ਵਿਸ਼ੇਸ਼ ਯਤਨਾਂ ਸਦਕਾ ਇਸ ਸਕੂਲ ਵਿਚ ਐੱਨਸੀਸੀ 2020 ਦੇ ਵਿੱਚ ਸ਼ੁਰੂ ਕੀਤੀ ਗਈ ਸੀ, ਜਿਨ੍ਹਾਂ ਦੇ ਉਪਰਾਲਿਆਂ ਸਦਕਾ ਇਸ ਸਕੂਲ ਦੇ ਪਿਛਲੇ ਸਾਲਾਂ ਵਿੱਚ 15 ਤੋਂ ਵੱਧ ਵਿਦਿਆਰਥੀ ਇੰਡੀਅਨ ਆਰਮੀ ਦੇ ਵਿੱਚ ਭਰਤੀ ਹੋ ਚੁੱਕੇ ਹਨ, ਜੋ ਕਿ ਸਰਹੱਦੀ ਖੇਤਰ ਦੇ ਆਰਥਿਕ ਪੱਖੋਂ ਪਿਛੜੇ ਇਸ ਇਲਾਕੇ ਦੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਡਾ. ਸਤਿੰਦਰ ਸਿੰਘ ਦੀ ਸੋਚ ਤੇ ਵਿਸ਼ੇਸ਼ ਕੋਸ਼ਿਸ਼ਾਂ ਸਦਕਾ ਅੱਜ ਇਸ ਸਕੂਲ ਵਿੱਚ 53 ਵਿਦਿਆਰਥੀਆਂ ਨੇ ਸਕੂਲ ਵਿੱਚ ਐੱਨਸੀਸੀ ਰੱਖੀ ਹੋਈ ਹੈ ਤੇ ਇਨ੍ਹਾਂ ਵਿਦਿਆਰਥੀਆਂ ਦੀਆਂ ਰੋਸਟਰ ਵਾਈਜ਼ ਐੱਨਸੀਸੀ ਦੀਆਂ ਕਲਾਸਾਂ ਵੀ ਲੱਗਦੀਆਂ ਹਨ, ਜਿਸ ਰਾਹੀਂ ਆਰਮੀ ਅਤੇ ਪੈਰਾ ਮਿਲਟਰੀ ਦੀ ਭਰਤੀ ਲਈ ਤਿਆਰ ਕੀਤਾ ਜਾਂਦਾ ਹੈ। ਇਸ ਮਾਣਮੱਤੀ ਪ੍ਰਾਪਤੀ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਹਾਇਕ ਕਮਿਸ਼ਨਰ ਫਿਰੋਜ਼ਪੁਰ ਗੁਰਦੇਵ ਸਿੰਘ ਧੰਮ ਪੀਸੀਐੱਸ ਨੇ ਮੁਬਾਰਕਬਾਦ ਦਿੰਦਿਆਂ ਇਨ੍ਹਾਂ 8 ਨੌਜਵਾਨਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਫਿਰੋਜ਼ਪੁਰ ਮੁਨੀਲਾ ਅਰੋੜਾ ਨੇ ਸਕੂਲ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ ਅਤੇ ਚੁਣੇ ਗਏ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਸਕੂਲ ਅਧਿਆਪਕ ਵਿਸ਼ਾਲ ਗੁਪਤਾ, ਸੁਨੀਲ ਦੱਤ ਰੈਡ ਕਰਾਸ ਸੁਸਾਇਟੀ ਤੇ ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਸੰਨੀ ਗਿੱਲ ਦੀ ਪ੍ਰੇਰਨਾ ਸਦਕਾ ਖੋਸਾ ਪਾਂਡੋ ਦੀ ਪੰਚਾਇਤ ਅਕਾਲੀ ਦਲ 'ਚ ਸ਼ਾਮਲ

### ਪਾਰਟੀ 'ਚ ਸ਼ਾਮਲ ਹੋਣ ਵਾਲੇ ਵਰਕਰਾਂ ਨੂੰ ਦਿੱਤਾ ਜਾਵੇਗਾ ਪੂਰਾ ਮਾਣ ਸਤਿਕਾਰ : ਗਿੱਲ, ਭੁੱਲਰ



**ਮੋਗਾ (ਇਕਬਾਲ ਸਿੰਘ ਖਹਿਰਾ)**

ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਦੀ ਪ੍ਰੇਰਨਾ ਸਦਕਾ ਪਿੰਡ ਖੋਸਾ ਪਾਂਡੋ ਦੀ ਸਮੁੱਚੀ ਪੰਚਾਇਤ ਨੇ ਦੂਸਰੀਆਂ ਪਾਰਟੀਆਂ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਲਿਆ। ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਿਲ ਸੰਜੀਤ ਸਿੰਘ ਸੰਨੀ ਗਿੱਲ ਤੇ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ ਭੰਗੇਰੀਆਂ ਨੇ ਸਾਂਝੇ ਤੌਰ 'ਤੇ ਕੀਤਾ।ਇਸ ਮੌਕੇ ਸੀਨੀਅਰ ਲੀਡਰਸ਼ਿਪ ਵਿੱਚ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਜਗਦੀਸ਼ ਲਾਲ ਛਾਬੜਾ, ਗੋਵਰਧਨ ਪੋਪਲੀ ਸਾਬਕਾ ਕੌਂਸਲਰ, ਬਿਪਨਪਾਲ ਸਿੰਘ ਖੋਸਾ ਸਰਕਲ ਪ੍ਰਧਾਨ, ਰਾਜਵੰਤ ਸਿੰਘ ਮਾਹਲਾ, ਇੰਦਰਜੀਤ ਸਿੰਘ ਸਿੱਧੂ, ਦਿਲਪ੍ਰੀਤ ਸਿੰਘ ਖੋਸਾ, ਮਿਹਰਬਾਨ ਸਿੰਘ ਬਿੱਟੂ ਆਦਿ ਵਿਸ਼ੇਸ ਤੌਰ 'ਤੇ ਹਾਜ਼ਰ ਸਨ।ਇਸ ਮੌਕੇ ਸੰਜੀਤ ਸਿੰਘ ਸੰਨੀ ਗਿੱਲ ਨੇ ਬੋਲਦਿਆਂ ਕਿਹਾ ਕਿ ਲੋਕ ਹੁਣ ਮਹਿਸੂਸ ਕਰਨ ਲੱਗੇ ਹਨ ਕਿ ਜੇਕਰ ਸੂਬੇ ਦਾ ਵਿਕਾਸ ਕਰਵਾਉਣਾ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣੀ ਬੇਹੱਦ ਜ਼ਰੂਰੀ ਹੈ ਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਧੜਾਧੜ ਸ਼ਾਮਲ ਹੋਣ ਵਾਲੇ ਲੋਕਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਸਾਲ 2027 ਦੀਆਂ ਚੋਣਾਂ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਸਰਕਾਰ ਬਣੇਗੀ ਅਤੇ ਸੂਬਾ ਇੱਕ ਵਾਰ ਫਿਰ ਤਰੱਕੀ ਤੇ ਖੁਸ਼ਹਾਲੀ ਵੱਲ ਜਾਏਗਾ ਅਤੇ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੀ ਇੱਕੋ ਇੱਕ ਖੇਤਰੀ ਪਾਰਟੀ ਹੈ ਜੋ ਪੰਜਾਬ ਦੇ ਲੋਕਾਂ ਦਾ ਦਰਦ ਸਮਝਦੀ ਹੈ ਅਤੇ ਇਹ ਪੰਜਾਬ ਦੀ ਮਿੱਟੀ ਵਿੱਚੋਂ ਪੈਦਾ ਹੋਈ ਪੰਥਕ ਪਾਰਟੀ ਹੈ।ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ ਭੰਗੇਰੀਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਪਰਿਵਾਰ ਦਿਨੋਂ ਦਿਨ ਵੱਡਾ ਹੋ ਰਿਹਾ ਹੈ ਤੇ ਆਪ ਸਰਕਾਰ ਤੋਂ ਅੱਕੇ ਹੋਏ ਲੋਕ ਧੜਾਧੜ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜ ਰਹੇਂ ਹਨ ਤੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਵਰਕਰਾਂ ਅਤੇ ਆਗੂਆਂ ਦਾ ਪੂਰਾ ਮਾਣ ਸਤਿਕਾਰ ਤੇ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਪਾਰਟੀ ਵਿੱਚ ਸ਼ਾਮਲ ਹੋਈ ਸਮੁੱਚੀ ਪੰਚਾਇਤ ਨੂੰ ਵਧਾਈ ਵੀ ਦਿੱਤੀ।ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਕੁਲਦੀਪ ਸਿੰਘ ਸਰਪੰਚ ਖੋਸਾ ਪਾਂਡੋ, ਭਗਵਾਨ ਸਿੰਘ ਪੰਚ, ਅਮਰਜੀਤ ਸਿੰਘ ਜੀਤਾ ਮੈਂਬਰ, ਦਿਲਪ੍ਰੀਤ ਸਿੰਘ ਪੰਚ, ਮੱਖਣ ਸਿੰਘ ਪੰਚ, ਲਖਬੀਰ ਸਿੰਘ ਪੰਚ ਤੋਂ ਇਲਾਵਾ ਜਰਨੈਲ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਕਰਨ ਸਿੰਘ, ਗੁਰਪ੍ਰੀਤ ਸਿੰਘ, ਹਰਮਿੰਦਰ ਸਿੰਘ, ਗੁਰਦੀਪ ਸਿੰਘ, ਰਮੇਸ਼ ਕੁਮਾਰ, ਛਿੰਦਰ ਸਿੰਘ ਆਦਿ ਪਿੰਡ ਵਾਸੀ ਹਾਜ਼ਰ ਸਨ।

## ਡੀ ਸੀ ਤੇ ਜ਼ਿਲ੍ਹਾ ਪੁਲਸ ਮੁਖੀ ਦਾ ਬੀ ਕੇ ਯੂ ਸਿੱਧੂਪੁਰ ਵੱਲੋਂ ਸਨਮਾਨ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਡਿਪਟੀ ਕਮਿਸ਼ਨਰ ਸ਼੍ਰੀਮਤੀ ਅਮਰਪ੍ਰੀਤ ਕੌਰ ਸੰਧੂ ਤੇ ਜ਼ਿਲ੍ਹਾ ਪੁਲਸ ਮੁਖੀ ਗੁਰਮੀਤ ਸਿੰਘ ਦਾ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਫ਼ਾਜ਼ਿਲਕਾ ਪ੍ਰਧਾਨ ਭੁਪਿੰਦਰ ਸਿੰਘ ਢਿੱਲੋਂ ਸਮੇਤ ਹੋਰ ਯੂਨੀਅਨ ਆਗੂਆਂ ਵੱਲੋਂ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ।ਯੂਨੀਅਨ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਡਾ. ਮਨਦੀਪ ਕੌਰ ਤੇ ਸਹਾਇਕ ਕਮਿਸ਼ਨਰ ਅਮਨਦੀਪ ਸਿੰਘ ਮਾਵੀ ਦਾ ਵੀ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ।ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਫ਼ਾਜ਼ਿਲਕਾ ਪ੍ਰਧਾਨ ਭੁਪਿੰਦਰ ਸਿੰਘ ਢਿੱਲੋਂ ਨੇ ਦੱਸਿਆ ਬੀਤੇ ਕੁੱਝ ਮਹੀਨੇ ਦੌਰਾਨ ਪੰਜਾਬ ਵਿੱਚ ਹੜ੍ਹਾਂ ਨੇ ਕਾਫੀ ਤਬਾਹੀ ਮਚਾਹੀ ਸੀ ਤੇ ਸਾਡਾ ਫ਼ਾਜ਼ਿਲਕਾ ਜ਼ਿਲ੍ਹਾ ਵੀ ਹੜ੍ਹਾਂ ਦੀ ਮਾਰ ਹੇਠ ਆ ਗਿਆ ਸੀ।ਇਸ ਦੌਰਾਨ ਸਾਡੇ ਜ਼ਿਲ੍ਹਾ ਪ੍ਰਸ਼ਾਸਨਿਕ ਤੇ ਪੁਲਿਸ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਈ, ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਕਿਹਾ ਕਿ ਸਾਡੇ ਪ੍ਰਸ਼ਾਸਨਿਕ ਅਮਲੇ ਨੇ ਇਨ੍ਹੀਂ ਦਿਨੀਂ ਸਾਡੇ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਤ ਲੋਕਾਂ ਨੂੰ ਬਾਹਰ ਸੁਰੱਖਿਆ ਥਾਵਾਂ ਤੇ ਲਿਆਂਦਾ ਤੇ ਹਰੇਕ ਲੋੜਵੰਦ ਤੱਕ ਰਾਹਤ ਸਮੱਗਰੀ ਪੁਚਾਈ, ਜਿਸ ਲਈ ਉਹ ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤੇ ਐੱਸ.ਐੱਸ.ਪੀ ਸਮੇਤ ਹੋਰ ਅਧਿਕਾਰੀਆਂ ਦੇ ਧੰਨਵਾਦੀ ਹਨ।

## ਡਾ. ਬਲਜੀਤ ਕੌਰ ਨੇ ਭਲਾਈ ਸਕੀਮਾਂ ਦਾ ਲਿਆ ਜਾਇਜ਼ਾ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਨੇ ਔਲਖ, ਭੁਲੇਰੀਆਂ, ਖਾਨੇ ਕੀ ਢਾਬ, ਲਖਮੀਰੇਆਣਾ, ਲੱਖੇਵਾਲੀ, ਤਰਖਾਣਵਾਲਾ ਤੇ ਥਾਮ ਵਿਖੇ ਭਲਾਈ ਸਕੀਮਾ ਦਾ ਜਾਇਜ਼ਾ ਲਿਆ।ਉਨ੍ਹਾਂ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ।ਪਿੰਡ ਭੁਲੇਰੀਆਂ 'ਚ ਪਾਈਆਂ ਗਈਆਂ ਪਾਈਪਾਂ 'ਤੇ ਕੁਝ ਪਿੰਡ ਵਾਸੀਆਂ ਵਲੋਂ ਤਸੱਲੀ ਪ੍ਰਗਟ ਨਾ ਕਰਨ 'ਤੇ ਉਨ੍ਹਾਂ ਕਿਹਾ ਕਿ ਜਾਂਚ ਉਪਰੰਤ ਪਾਈਪਾਂ ਦੁਬਾਰਾ ਪਾ ਦਿੱਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਨੂੰ ਕਿਸੇ ਵੀ ਮੁੱਢਲੀ ਸਹੂਲਤ ਤੋਂ ਵਾਂਝਾ ਨਹੀਂ ਰੱਖਿਆ ਜਾਵੇਗਾ।ਇਸ ਦੌਰਾਨ ਉਨ੍ਹਾਂ ਵੱਖ-ਵੱਖ ਪਿੰਡਾਂ ਤੋਂ ਆਏ ਹੋਏ ਸਰਪੰਚਾਂ ਵੱਲੋਂ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਵਿਕਾਸ ਦੇ ਕੰਮਾਂ ਬਾਰੇ ਜਾਣੂ ਕਰਾਇਆ ਅਤੇ ਇਸ ਤੋਂ ਇਲਾਵਾ ਪਿੰਡਾਂ ਵਿੱਚ ਹੋਣ ਵਾਲੇ ਕੰਮਾਂ ਬਾਰੇ ਵੀ ਦੱਸਿਆ ਗਿਆ ਤੇ ਕੈਬਨਿਟ ਮੰਤਰੀ ਨੇ ਰਹਿੰਦੇ ਕੰਮਾਂ ਨੂੰ ਪੂਰਾ ਕਰਨ ਦਾ ਭਰੋਸਾ ਦਿਵਾਇਆ।ਕੈਬਨਿਟ ਮੰਤਰੀ ਨੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਰਕਾਰ ਵੱਲੋਂ ਜੋ ਭਲਾਈ ਦੀਆਂ ਸਕੀਮਾਂ ਚੱਲ ਰਹੀਆਂ ਹਨ, ਉਨ੍ਹਾਂ ਪ੍ਰਤੀ ਲੋਕਾਂ ਤੱਕ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ, ਤਾਂ ਜੁ ਕੋਈ ਵੀ ਵਿਅਕਤੀ ਇਨ੍ਹਾਂ ਸਕੀਮਾਂ ਦਾ ਲਾਭ ਲੈਣ ਤੋਂ ਵਾਂਝਾ ਨਾ ਰਹਿ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੁਆਰਾ ਚੁਣੀ ਗਈ ਇਹ ਆਮ ਲੋਕਾਂ ਦੀ ਸਰਕਾਰ ਹੈ ਤੇ ਮਲੋਟ ਹਲਕੇ ਦੇ ਵਿਕਾਸ ਵਿੱਚ ਵੀ ਫੰਡਾ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

## ਸ਼ਹੀਦੀ ਸਮਾਗਮਾਂ ਮੌਕੇ ਸੰਗਤਾਂ ਨੇ ਲੰਗਰ ਲਾਏ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਪਹੁੰਚ ਰਹੇ ਸ਼ਰਧਾਲੂਆਂ ਲਈ ਮਾਛੀਵਾੜਾ ਇਲਾਕੇ ਦੀ ਸੰਗਤ ਵੱਲੋਂ ਵਿਸ਼ਾਲ ਤੌਰ 'ਤੇ ਲੰਗਰ ਲਾਏ ਗਏ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇੜੇ ਲਗਾਏ ਗਏ ਲੰਗਰ 'ਚ ਬਾਬਾ ਮੋਹਣ ਸਿੰਘ, ਚਿੱਤਰਕਾਰ ਜਗਦੀਸ਼ ਸਿੰਘ ਬਰਾੜ, ਭੁਪਿੰਦਰ ਸਿੰਘ ਰਾਠੌਰ, ਗੁਰਨਾਮ ਸਿੰਘ ਖਾਲਸਾ, ਜਸਵੀਰ ਸਿੰਘ ਢਿੱਲੋਂ, ਰਣਧੀਰ ਸਿੰਘ ਸੈਣੀ, ਜਸਵੀਰ ਸਿੰਘ ਗਿੱਲ, ਬਾਬਾ ਮਹਿੰਦਰ ਸਿੰਘ, ਸਮਸ਼ਾਨ ਸਿੰਘ, ਨਰਿੰਦਰ ਸਿੰਘ ਨਿੱਕੀ, ਬੂਟਾ ਸਿੰਘ ਗਿੱਲ, ਸੁਖਦੀਪ ਸਿੰਘ ਸੈਣੀ, ਕਰਮਜੀਤ ਸਿੰਘ, ਜੋਗਿੰਦਰ ਸਿੰਘ, ਸਪਨੀਤ ਸਿੰਘ ਗਿੱਲ, ਗੁਰਲੀਨ ਸਿੰਘ, ਅਮਨਦੀਪ ਸਿੰਘ, ਭਾਈ ਪਰਮਜੀਤ ਸਿੰਘ ਨੇ ਸੇਵਾ ਨਿਭਾਈ।

## ਪ੍ਰਸ਼ਨੋਤਰੀ ਮੁਕਾਬਲੇ 'ਚੋਂ ਪਹਿਲੇ ਸਥਾਨ 'ਤੇ ਆਏ ਵਿਦਿਆਰਥੀ ਦਾ ਸਨਮਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਭਾਸ਼ਾ ਵਿਭਾਗ ਵੱਲੋਂ ਹਰ ਸਾਲ ਵੱਖ-ਵੱਖ ਜ਼ਿਲ੍ਹਿਆਂ 'ਚ ਪਹਿਲੇ ਸਥਾਨ 'ਤੇ ਆਏ ਵਿਦਿਆਰਥੀਆਂ ਦਾ ਰਾਜ ਪੱਧਰੀ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਜਾਂਦੇ ਹਨ।ਇਨ੍ਹਾਂ ਮੁਕਾਬਲਿਆਂ 'ਚ ਮਾਨਸਾ ਜ਼ਿਲ੍ਹੇ ਦੇ ਸਰਕਾਰੀ ਸੈਕੰਡਰੀ ਸਕੂਲ, ਰਾਏਪੁਰ ਦੇ ਦਸਵੀਂ ਸ਼੍ਰੇਣੀ ਦੇ ਵਿਦਿਆਰਥੀ ਅਕਾਸ਼ਦੀਪ ਸਿੰਘ ਨੇ ਪੰਜਾਬ ਭਰ 'ਚੋਂ ਪਹਿਲਾ ਸਥਾਨ ਪ੍ਰਾਪਤ ਕਰ ਕੇ ਗੋਲਡ ਮੈਡਲ ਹਾਸਲ ਕੀਤਾ ਹੈ।ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਵੱਲੋਂ ਵਿਦਿਆਰਥੀ ਦਾ ਵਿਸ਼ੇਸ਼ ਸਨਮਾਨ ਕਰਨ ਲਈ ਸੰਖੇਪ ਇਕੱਤਰਤਾ ਦਾ ਆਯੋਜਨ ਕੀਤਾ ਗਿਆ।ਇਸ ਇਕੱਤਰਤਾ 'ਚ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸ.ਸਿ) ਪਰਮਜੀਤ ਸਿੰਘ ਭੋਗਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਜ਼ਿਲ੍ਹਾ ਭਾਸ਼ਾ ਅਫ਼ਸਰ ਤੇਜਿੰਦਰ ਕੌਰ ਨੇ ਵਿਦਿਆਰਥੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਅੰਦਰ ਗਿਆਨ, ਵਿਗਿਆਨ ਤੇ ਕਲਾ ਦੇ ਨਾਲ-ਨਾਲ ਬਹੁਪੱਖੀ ਪ੍ਰਤਿਭਾ ਨਿਖਾਰਨ 'ਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।ਇਸ ਇਕੱਤਰਤਾ 'ਚ ਨਿਗਰਾਨ ਅਧਿਆਪਕ ਰਵਿੰਦਰ ਕਾਂਸਲ, ਸੁਖਦੇਵ ਸਿੰਘ, ਕਹਾਣੀਕਾਰ ਅਮਨ ਮਾਨਸਾ, ਸਰਬਜੀਤ ਸਿੰਘ ਤੇ ਜੁਗਰਾਜ ਸਿੰਘ ਵੀ ਹਾਜ਼ਰ ਸਨ।ਇਕੱਤਰਤਾ 'ਚ ਵਿਭਾਗ ਦੇ ਖੋਜ ਅਫ਼ਸਰ ਤੇ ਕਵੀ ਗੁਰਪ੍ਰੀਤ ਨੇ ਧੰਨਵਾਦ ਕਰਦਿਆਂ ਵਿਦਿਆਰਥੀ ਦੇ ਚੰਗੇਰੇ ਅਤੇ ਉਚੇਰੇ ਭਵਿੱਖ ਲਈ ਦੁਆ ਕੀਤੀ।

## ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿਕਾਸ ਦੇ ਅਧਾਰ 'ਤੇ ਲੜੀਆਂ ਜਾਣਗੀਆਂ : ਸਰਪੰਚ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਚੰਨੂਵਾਲਾ ਦੇ ਸਰਪੰਚ ਕੁਲਜੀਤ ਸਿੰਘ ਲੱਖਾ, ਮਾਸਟਰ ਬਲਜੀਤ ਸਿੰਘ ਤੇ ਯੂਥ 'ਆਪ' ਆਗੂ ਗੁਰਵੀਰ ਸਿੰਘ ਨੇ ਕਿਹਾ ਕਿ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਹਲਕੇ ਦੇ ਹਰ ਪਿੰਡ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਨਾਲ ਪਿੰਡਾਂ ਵਿੱਚ ਰਿਕਾਰਡ ਤੌਰ 'ਤੇ ਵਿਕਾਸ ਕਾਰਜ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਹਲਕੇ ਵਿੱਚ ਵਿਕਾਸ ਨੂੰ ਰਾਜਨੀਤੀ ਦਾ ਮਤਭੇਦ ਨਹੀਂ ਬਣਨ ਦਿੱਤਾ ਜਾ ਰਿਹਾ, ਸਗੋਂ ਹਰ ਪਿੰਡ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੰਮ ਕੀਤੇ ਜਾ ਰਹੇ ਹਨ।ਸਰਪੰਚ ਕੁਲਜੀਤ ਸਿੰਘ ਲੱਖਾ ਨੇ ਕਿਹਾ ਕਿ ਹਲਕੇ ਦੇ ਪਿੰਡਾਂ ਵਿੱਚ ਸੜਕਾਂ ਦੀ ਨਵੀਨੀਕਰਨ, ਪਾਣੀ ਸਪਲਾਈ ਪ੍ਰੋਜੈਕਟ, ਸ਼ਮਸ਼ਾਨਘਾਟ ਸੁਧਾਰ, ਖੇਡ ਮੈਦਾਨ ਵਿਕਾਸ ਅਤੇ ਨਿਕਾਸੀ ਪ੍ਰਣਾਲੀ ਦੀ ਬਿਹਤਰੀ ਲਈ ਵਿਧਾਇਕ ਵੱਲੋਂ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਚੰਨੂਵਾਲਾ ਨੂੰ ਵੀ ਵੱਡੇ ਪੱਧਰ 'ਤੇ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਨਾਲ ਅਧੂਰੇ ਕੰਮ ਮੁਕੰਮਲ ਹੋਣ ਦੇ ਨਾਲ ਨਵੇਂ ਪ੍ਰੋਜੈਕਟ ਵੀ ਚਾਲੂ ਹੋਏ ਹਨ।ਮਾਸਟਰ ਬਲਜੀਤ ਸਿੰਘ ਨੇ ਕਿਹਾ ਕਿ ਹਲਕਾ ਬਾਘਾ ਪੁਰਾਣਾ ਵਿਕਾਸ ਦੇ ਮਾਮਲੇ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਤੇ ਲੋਕ ਵਿਧਾਇਕ ਸੁਖਾਨੰਦ ਦੀ ਕਾਰਗੁਜ਼ਾਰੀ ਨਾਲ ਸੰਤੁਸ਼ਟ ਹਨ।ਉਨ੍ਹਾਂ ਅੱਗੇ ਕਿਹਾ ਕਿ ਵਿਧਾਇਕ ਨੇ ਪਿੰਡਾਂ ਦੇ ਸਮੱਸਿਆਵਾਂ ਨੂੰ ਤੁਰੰਤ ਨਿਪਟਾਉਣ ਦਾ ਰਾਹ ਬਣਾਇਆ ਹੈ, ਜਿਸ ਕਰਕੇ ਲੋਕਾਂ ਵਿੱਚ ਸਰਕਾਰ ਪ੍ਰਤੀ ਭਰੋਸਾ ਵਧਿਆ ਹੈ।ਗੁਰਵੀਰ ਸਿੰਘ ਚੰਨੂਵਾਲਾ ਨੇ ਕਿਹਾ ਕਿ ਸਰਕਾਰ ਦੀ ਨੀਤੀ ਸਾਫ਼ ਹੈ ਪਾਰਟੀ ਜਾਂ ਵੋਟ ਦੇਖ ਕੇ ਨਹੀਂ, ਸਗੋਂ ਲੋਕਾਂ ਦੀਆਂ ਲੋੜਾਂ ਦੇ ਅਧਾਰ 'ਤੇ ਫੰਡ ਜਾਰੀ ਕੀਤੇ ਜਾ ਰਹੇ ਹਨ।

## ਖ਼ੂਨਦਾਨ ਸੇਵਾ 'ਚ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਦਾ ਵਡਮੁੱਲਾ ਯੋਗਦਾਨ : ਮਾਨ, ਗੋਗੀਆ, ਮਹਿਤਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਖ਼ੂਨਦਾਨ ਸੇਵਾ ਵਿਚ ਸਰਗਰਮ ਸੰਸਥਾਵਾਂ ਨੂੰ ਮਨੁੱਖਤਾ ਬਚਾਉਣ ਲਈ ਕੀਤੇ ਜਾ ਰਹੇ ਯਤਨਾਂ ਬਦਲੇ ਉਨ੍ਹਾਂ ਨੂੰ ਮਰੀਜ਼ ਮਿੱਤਰਾ ਵੈਲਫੇਅਰ ਆਰਗੇਨਾਈਜ਼ੇਸ਼ਨ ਵੱਲੋਂ ਗੁਰਮੁੱਖ ਗੁਰੂ ਦੀ ਅਗਵਾਈ ਹੇਠ ਪਟਿਆਲਾ ਵਿਖੇ ਸਨਮਾਨਤ ਕੀਤਾ ਗਿਆ। ਇਸ ਮੌਕੇ ਖ਼ੂਨਦਾਨ ਸੇਵਾ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਨੂੰ ਸਨਮਾਨਤ ਕਰਦਿਆਂ ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਤੇ ਜਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਤੇਜਿੰਦਰ ਮਹਿਤਾ ਨੇ ਸਾਂਝੇ ਰੂਪ ਵਿਚ ਕਿਹਾ ਕਿ ਖ਼ੂਨਦਾਨ ਸੇਵਾ 'ਚ ਗਰੁੱਪ ਦਾ ਵੱਡਮੁੱਲਾ ਯੋਗਦਾਨ ਹੈ। ਪਿਛਲੇ 20 ਸਾਲਾਂ ਤੋਂ ਸੇਵਾ ਨਾਲ ਜੁੜੇ ਰਹਿਣਾ ਅਤੇ ਪਿਛਲੇ 13 ਸਾਲਾਂ ਤੋਂ ਲਗਾਤਾਰ ਹਰ ਮਹੀਨੇ 5 ਅਤੇ 20 ਤਰੀਕ ਨੂੰ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਸੈਂਟਰ ਵਿਚ ਖ਼ੂਨਦਾਨ ਕੈਂਪ ਲਗਾ ਕੇ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਤੇ ਸਾਥੀ ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਸਿੱਖਿਆ ਸਾਸ਼ਤਰੀ ਅਨਿਲ ਭਾਰਤੀ, ਭਾਈ ਰਵਿੰਦਰ ਸਿੰਘ ਭਾਂਖਰ, ਲੋਕ ਗਾਇਕ ਲੱਕੀ ਸਿੰਘ, ਠੇਕੇਦਾਰ ਗੁਰਬਚਨ ਸਿੰਘ ਪਟਿਆਲਾ, ਚਾਚਾ ਜੁਗਰਾਜ ਸਿੰਘ ਚਹਿਲ, ਤੇਜਿੰਦਰ ਸਿੰਘ ਮੰਡੌਰ, ਕਿਰਪਾਲ ਸਿੰਘ ਪੰਜੋਲਾ, ਪ੍ਰੇਮ ਸਿੰਘ ਖਾਲਸਾ, ਹਰਮਨਦੀਪ ਸਿੰਘ ਸਨੌਰ ਤੇ ਹੋਰ ਸਾਰੇ ਖ਼ੂਨਦਾਨ ਕੈਂਪ ਪ੍ਰਬੰਧਕ, ਖ਼ੂਨਦਾਨੀ ਤੇ ਸਹਿਯੋਗੀ ਵਧਾਈ ਦੇ ਪਾਤਰ ਹਨ, ਜਿਨ੍ਹਾਂ ਸਦਕਾ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਵਿਚ ਮਦਦ ਹੋ ਰਹੀ ਹੈ। ਸਨਮਾਨ ਪ੍ਰਾਪਤ ਕਰਨ ਤੋਂ ਬਾਅਦ ਗੱਲਬਾਤ ਕਰਦਿਆਂ ਹਰਦੀਪ ਸਨੌਰ ਨੇ ਕਿਹਾ ਕਿ ਖ਼ੂਨਦਾਨੀ ਨੂੰ ਬਲੱਡ ਬੈਂਕ ਬੁਲਾਉਣ ਦਾ ਕੋਈ ਖਰਚਾ ਜਾਂ ਫੀਸ ਨਹੀਂ ਲੱਗਦੀ।

## ਔਰਤਾਂ ਨੂੰ 1000 ਰੁਪਏ ਦੇਣ ਦਾ ਵਾਅਦਾ ਤੁਰੰਤ ਪੂਰਾ ਕੀਤਾ ਜਾਵੇ : ਪਹਾੜਪੁਰ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਕਾਂਗਰਸ ਦੇ ਸੀਨੀਅਰ ਆਗੂ ਅਤੇ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਦੇ ਜ਼ਿਲਾ ਪ੍ਰਧਾਨ ਧਰਮ ਸਿੰਘ ਪਹਾੜ ਪੁਰ ਨੇ ਮੰਗ ਕੀਤੀ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਔਰਤਾਂ ਨੂੰ ਪ੍ਰਤੀ ਮਹੀਨਾ ਹਜਾਰ ਰੁਪਏ ਦੇਣ ਦਾ ਵਾਅਦਾ ਤੁਰੰਤ ਪੂਰਾ ਕਰੇ। ਉਨ੍ਹਾਂ ਕਿਹਾ ਕਿ 22 ਨਵੰਬਰ 2021 ਨੂੰ ਮੋਗਾ ਦੀ ਇੱਕ ਰੈਲੀ ਦੌਰਾਨ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨੇ ਬੜੇ ਗੌਰਵ ਨਾਲ ਪੰਜਾਬ ਦੀ ਹਰ ਔਰਤ ਨੂੰ ਪ੍ਰਤੀ ਮਹੀਨਾ 1,000 ਰੁਪਏ ਦੇਣ ਦੀ ਤੀਜੀ ਗਾਰੰਟੀ ਦਾ ਐਲਾਨ ਕੀਤਾ ਸੀ ਪਰ ਅੱਜ 45 ਮਹੀਨੇ ਬਾਅਦ ਵੀ ਕੁਝ ਨਹੀਂ ਹੋਇਆ। ਇਸ ਮੌਕੇ ਕਾਂਗਰਸੀ ਆਗੂ ਗੁਰਵਿੰਦਰ ਸਿੰਘ ਖੇਰੀ ਮਾਨਿਆਂ ਵੀ ਉਹਨਾਂ ਦੇ ਨਾਲ ਸਨ।

# ਸਰਕਾਰ ਕਿਲੋ ਮੀਟਰ ਸਕੀਮ ਦੀ ਜਗ੍ਹਾ ਸਰਕਾਰੀ ਬੱਸਾਂ ਪਾਵੇ : ਮਜਾਰੀ, ਗੰਡੀਵਿੰਡ

## ਟਰਾਂਸਪੋਰਟ ਕਾਮਿਆਂ 'ਤੇ ਪੁਲਸ ਲਾਠੀਚਾਰਜ ਦੀ ਸਖ਼ਤ ਨਿੰਦਾ

**ਲੁਧਿਆਣਾ (ਨ ਜ਼ ਸ)**

ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸਬੰਧਤ ਏਟਕ) ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਨਾਲ ਸਬੰਧਤ ਸਾਂਝੇ ਧੜੇ ਦੇ ਆਗੂਆਂ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਟਰਾਂਸਪੋਰਟ ਕਾਮਿਆਂ 'ਤੇ ਕੀਤੇ ਵਹਿਸ਼ੀ ਪੁਲਸ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਹਰ ਵਰਗ ਦੇ ਲੋਕਾਂ ਖਾਸ ਕਰਕੇ ਕੱਚੇ ਕਾਮਿਆਂ ਨਾਲ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਮੁਤਾਬਕ ਉਨ੍ਹਾਂ ਨੂੰ ਪੱਕੇ ਕਰਨ ਦੀ ਬਜਾਏ ਸੰਘਰਸ਼ ਕਰ ਰਹੇ ਕੱਚੇ ਕਾਮਿਆਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਉਣ ਦੀ ਘਟੀਆ ਨੀਤੀ ਤੇ ਚਲਦੇ ਹੋਏ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕਰ ਰਹੀ ਹੈ। ਆਗੂਆਂ ਨੇ ਕਿਹਾ ਕਿ ਕੱਚੇ ਮੁਲਾਜ਼ਮ ਪੱਕੇ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨ, ਸੋਧੇ ਸਕੇਲਾਂ ਦਾ ਬਕਾਇਆ ਦੇਣ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਪੁਰਾਣੇ ਸਕੇਲਾਂ ਦੀ ਬਹਾਲੀ ਆਦਿ ਮੰਗਾਂ ਲਾਗੂ ਕਰਨ ਦੀ ਬਜਾਏ ਸਰਕਾਰ ਲਗਾਤਾਰ ਟਾਲ ਮਟੋਲ ਕਰ ਰਹੀ ਹੈ। ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਰੋਡਵੇਜ਼ ਅਤੇ ਪੀਆਰਟੀਸੀ ਅਦਾਰਿਆਂ ਵਿੱਚ ਕਿਲੋ ਮੀਟਰ ਸਕੀਮ ਦੀ ਜਗ੍ਹਾ ਤੇ ਸਰਕਾਰੀ ਬੱਸਾਂ ਪਾ ਕੇ ਬੀਤੇ ਲੰਮੇ ਅਰਸੇ ਤੋਂ ਆਰਥਕ ਲੁੱਟ ਦਾ ਸ਼ਿਕਾਰ ਹੋ ਰਹੇ ਆਊਟਸੋਰਸ ਨੀਤੀ 'ਤੇ ਕੰਮ ਕਰ ਰਹੇ ਸੰਘਰਸ਼ੀ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਨੀਤੀ ਤਿਆਰ ਕਰੇ।ਵੱਖ-ਵੱਖ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਆਗੂਆਂ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਗੁਰਭੇਜ ਸਿੰਘ ਢਿੱਲੋਂ, ਬਲਜੀਤ ਸਿੰਘ ਮੋਦਲਾ, ਰਵੇਲ ਸਿੰਘ ਸਹਾਏਪੁਰ, ਕੁਲਵਿੰਦਰ ਸਿੰਘ ਢਿੱਲੋਂ, ਸੁਰਿੰਦਰਪਾਲ ਲਾਹੌਰੀਆ, ਕੌਰ ਸਿੰਘ ਸੋਹੀ, ਦੇਵਿੰਦਰ ਸਿੰਘ ਪਿਸ਼ੌਰ, ਰਣਜੀਤ ਸਿੰਘ ਢਿੱਲੋਂ, ਜਸਵੀਰ ਸਿੰਘ ਆਂਡਲੂ, ਰਾਧੇ ਸ਼ਿਆਮ, ਬਾਬਾ ਅਮਰਜੀਤ ਸਿੰਘ, ਦਲੀਪ ਕੁਮਾਰ, ਪਵਨਪ੍ਰੀਤ ਸਿੰਘ, ਗੁਰਪਿਆਰ ਸਿੰਘ ਆਦਿ ਨੇ ਮੰਗ ਕੀਤੀ ਕਿ ਗ੍ਰਿਫ਼ਤਾਰ ਕੀਤੇ ਟਰਾਂਸਪੋਰਟ ਕਾਮਿਆਂ ਦੇ ਆਗੂਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਪਿਛਲੇ 4 ਸਾਲ ਤੋਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਦਰਕਿਨਾਰ ਕਰਕੇ ਲਗਾਤਾਰ ਉਨ੍ਹਾਂ ਨੂੰ ਟਕਰਾਅ ਦੇ ਰਾਹ 'ਤੇ ਚੱਲਣ ਲਈ ਮਜਬੂਰ ਕਰ ਰਹੀ ਹੈ।ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਸੰਘਰਸ਼ ਕਰ ਰਹੇ ਮੁਲਾਜ਼ਮਾਂ ਦੀਆਂ ਸਾਰੀਆਂ ਮੰਗਾਂ ਤੁਰੰਤ ਲਾਗੂ ਕਰੇ। ਆਗੂਆਂ ਨੇ ਸਰਕਾਰੀ ਅਦਾਰਿਆਂ ਦੀਆਂ ਜਾਇਦਾਦਾਂ ਵੇਚਣ ਦੇ ਫੈਸਲੇ ਵਾਪਿਸ ਲੈਣ ਅਤੇ ਚੋਣਾਂ ਤੋਂ ਪਹਿਲਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕਰਨ 'ਤੇ ਜ਼ੋਰ ਦਿੱਤਾ।ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਮੁਲਾਜ਼ਮ ਅਤੇ ਪੈਨਸ਼ਨਰ ਮਸਲੇ ਹੱਲ ਨਾ ਕੀਤੇ ਗਏ ਤਾਂ ਸਮੂਹ ਜਥੇਬੰਦੀਆਂ ਤਿੱਖੇ ਸੰਘਰਸ਼ ਲਈ ਮਜਬੂਰ ਹੋਣਗੀਆਂ।

# ਧੁੰਦ 'ਚ ਵਾਧਾ ਅਤੇ ਟੁੱਟੀਆਂ ਸੜਕਾਂ ਕਾਰਨ ਹਾਦਸੇ ਵਾਪਰਨ ਦਾ ਖੌਫ ਲੋਕਾਂ ਨੂੰ ਸਤਾਉਣ ਲੱਗਾ !

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਜ਼ਿਲ੍ਹੇ ਅੰਦਰ ਹੌਲੀ-ਹੌਲੀ ਠੰਢ ਨੇ ਜ਼ੋਰ ਫੜਨਾ ਜਿਥੇ ਸ਼ੁਰੂ ਕਰ ਦਿੱਤਾ ਹੈ ਉਥੇ ਹੀ ਹੁਣ ਆਮ ਲੋਕਾਂ ਦੀ ਰਫ਼ਤਾਰ ਵੀ ਢਿੱਲੀ ਪੈਂਦੀ ਜਾ ਰਹੀ ਹੈ। ਠੰਢ ਦਾ ਪ੍ਰਕੋਪ ਸਵੇਰ ਅਤੇ ਸ਼ਾਮ ਵੇਲੇ ਜ਼ਿਆਦਾ ਦੇਖਣ ਨੂੰ ਮਿਲ ਰਿਹੈ ਅਤੇ ਕੁਝ ਥਾਵਾਂ 'ਤੇ ਧੁੰਦ ਨਾਲ ਕੁਝ ਵੀ ਦਿਖਾਈ ਨਹੀਂ ਦਿੰਦਾ। ਧੁੰਦ ਦੇ ਚਲਦਿਆਂ ਰਾਹਗੀਰਾਂ ਦਾ ਸੜਕਾਂ 'ਤੇ ਚਲਣਾ ਔਖਾ ਹੋ ਰਿਹਾ ਹੈ। ਹੜ੍ਹਾਂ ਕਾਰਨ ਪਹਿਲਾਂ ਹੀ ਸਰਹੱਦੀ ਖੇਤਰ ਦੀਆਂ ਸੜਕਾਂ ਕਾਫ਼ੀ ਬੁਰੀ ਤਰ੍ਹਾਂ ਨਾਲ ਟੁੱਟ ਚੁੱਕੀਆਂ ਹਨ ਜਿਨ੍ਹਾਂ ਰਾਹੀਂ ਦਿਨ ਸਮੇਂ ਲੰਘਣਾ ਮੁਸ਼ਕਿਲ ਹੋਇਆ ਹੈ। ਖਸਤਾ ਹਾਲਤ ਸੜਕਾਂ ਉਪਰੋਂ ਧੁੰਦ ਵਿਚੋਂ ਲੰਘਣਾ ਤਾਂ ਹੋਰ ਵੀ ਖ਼ਤਰੇ ਤੋਂ ਖਾਲੀ ਨਹੀਂ ਕਿਉਂਕਿ ਸੜਕਾਂ ਦੇ ਕੰਢੇ ਪੂਰੀ ਤਰ੍ਹਾਂ ਨਾਲ ਖੁਰ ਚੁੱਕੇ ਹਨ ਅਤੇ ਵੱਡੇ ਟੋਏ ਪੈ ਚੁੱਕੇ ਹਨ। ਜੇਕਰ ਧੁੰਦ ਵਿਚ ਗੱਡੀ ਦਾ ਪਹੀਆ ਥੋੜ੍ਹਾ ਜਿਹਾ ਵੀ ਸੜਕ ਤੋਂ ਹੇਠਾਂ ਨੂੰ ਉਤਰਦਾ ਹੈ ਤਾਂ ਪੂਰੀ ਗੱਡੀ ਹੇਠਾਂ ਡਿਗ ਸਕਦੀ ਹੈ। ਰੋਜ਼ਾਨਾ ਸਫ਼ਰ ਕਰਨ ਵਾਲੇ ਰਾਹਗੀਰਾਂ ਨੂੰ ਧੁੰਦ ਵਿਚ ਖ਼ਾਸ ਸਾਵਧਾਨੀਆਂ ਵਰਤ ਕੇ ਚਲਣ ਦੀ ਲੋੜ ਹੈ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕਿ ਆਉਣ ਵਾਲੇ ਦਿਨਾਂ ਵਿਚ ਧੁੰਦ ਦਾ ਪ੍ਰਕੋਪ ਹੋਰ ਵੀ ਜ਼ਿਆਦਾ ਵਧ ਜਾਵੇਗਾ ਜਿਸ ਕਰਕੇ ਸਰਹੱਦੀ ਖੇਤਰ ਦੀਆਂ ਹੜ੍ਹਾਂ ਕਾਰਨ ਟੁੱਟੀਆਂ ਸੜਕਾਂ ਦੀ ਜਲਦ ਤੋਂ ਜਲਦ ਮੁਰੰਮਤ ਕਰਵਾਈ ਜਾਵੇ ਤਾਂ ਜੋ ਕਿਸੇ ਵਾਹਨ ਚਾਲਕ ਦਾ ਜਾਨੀ ਤੇ ਮਾਲੀ ਨੁਕਸਾਨ ਨਾ ਹੋ ਸਕੇ।

# ਜੇਠੂਵਾਲ ਤੋਂ ਕਿਸਾਨਾਂ ਦੇ ਵੱਡੇ ਕਾਫਲੇ ਨੇ ਚੰਡੀਗੜ੍ਹ ਮਹਾਪੰਚਾਇਤ 'ਚ ਕੀਤੀ ਸ਼ਮੂਲੀਅਤ



**ਮਜੀਠਾ( ਸੋਇਮ ਆਨੰਦ)**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਦਿੱਲੀ ਮੋਰਚੇ ਦੀ ਪੰਜਵੀਂ ਵਰ੍ਹੇਗੰਢ ਤੇ ਪੂਰੇ ਦੇਸ਼ ਦੀਆਂ ਰਾਜਧਾਨੀਆਂ ਅਤੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਵਿਸ਼ਾਲ ਇਕੱਠ ਕੀਤੇ ਗਏ।ਇਸ ਦੌਰਾਨ ਪੰਜਾਬ ਦੀਆਂ ਕਿਸਾਨ ਮਜ਼ਦੂਰ ਜੱਥੇਬੰਦੀਆਂ ਨੇ ਚੰਡੀਗੜ੍ਹ ਵਿੱਚ ਵਿਸ਼ਾਲ ਮਹਾਪੰਚਾਇਤ ਕੀਤੀ ਜਿਸ ਵਿੱਚ ਪੂਰੇ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ, ਔਰਤਾਂ ਚੰਡੀਗੜ੍ਹ ਪਹੁੰਚੀਆਂ।ਜ਼ਿਲ੍ਹਾ ਅੰਮ੍ਰਿਤਸਰ ਤੋਂ ਵੀ ਵਿਸ਼ਾਲ ਕਾਫਲੇ ਬੱਸਾਂ ਤੇ ਗੱਡੀਆਂ ਰਾਹੀਂ ਰਵਾਨਾ ਹੋਏ।ਪਿੰਡ ਜੇਠੂਵਾਲ ਤੋਂ ਇੱਕ ਵੱਡਾ ਕਾਫ਼ਲਾ ਰਵਾਨਾ ਕਰਦੇ ਹੋਏ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਬਲਾਕ ਅਟਾਰੀ ਪ੍ਰਧਾਨ ਡਾ: ਪਰਮਿੰਦਰ ਸਿੰਘ ਪੰਡੋਰੀ ਨੇ ਕਿਹਾ ਕਿ ਅੱਜ ਪੂਰੇ ਦੇਸ਼ ਵਿੱਚ ਦਿੱਲੀ ਅੰਦੋਲਨ ਦੀ ਵਰ੍ਹੇਗੰਢ ਮਨਾਈ ਜਾ ਰਹੀ ਹੈ ਜਿਸ ਵਿਚ ਦਿੱਲੀ ਮੋਰਚੇ ਦੀਆਂ ਰਹਿੰਦੀਆਂ ਮੰਗਾਂ, ਪੰਜਾਬ ਯੂਨੀਵਰਸਿਟੀ ਸੈਨੇਟ ਦੀ ਬਹਾਲੀ ਅਤੇ ਬਿਜਲੀ ਦੇ ਕੇਂਦਰੀ ਡਰਾਫਟ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੀ ਸਰਕਾਰ ਅੱਜ ਲੋਕਾਂ ਦੇ ਹੱਕਾਂ 'ਤੇ ਡਾਕੇ ਮਾਰ ਰਹੀ ਹੈ।ਕਿਸਾਨਾਂ ਅਤੇ ਮਜ਼ਦੂਰਾਂ ਦੇ ਹਾਲਾਤ ਬਹੁਤ ਮਾੜੇ ਹਨ।ਇਕ ਪਾਸੇ ਫ਼ਸਲਾਂ ਦਾ ਸਹੀ ਮੁੱਲ ਨਹੀਂ ਮਿਲ ਰਿਹਾ ਦੂਜੇ ਪਾਸੇ ਕਿਸਾਨ ਨੂੰ ਹੜ੍ਹਾਂ ਦੀ ਵੱਡੀ ਮਾਰ ਪਈ ਹੈ ਜਿਸ ਨਾਲ ਪੰਜਾਬ ਦੇ ਅੱਧੇ ਤੋਂ ਵੱਧ ਜ਼ਿਲੇ ਪ੍ਰਭਾਵਤ ਹੋਏ ਹਨ।ਸੂਬਾ ਸਰਕਾਰ ਦੇ ਨਾਲ ਨਾਲ ਕੇਂਦਰ ਸਰਕਾਰ ਵੀ ਲੋਕਾਂ ਦੀ ਮਦਦ ਕਰਨ 'ਚ ਪੂਰੀ ਤਰਾਂ ਫੇਲ੍ਹ ਸਾਬਤ ਹੋਈ ਹੈ।ਉਨ੍ਹਾਂ ਪੰਜਾਬ ਯੂਨੀਵਰਸਿਟੀ 'ਤੇ ਲਗਾਤਾਰ ਕੇਂਦਰ ਵੱਲੋਂ ਕੀਤੇ ਜਾ ਰਹੇ ਕੰਟਰੋਲ ਦੀ ਨਿਖੇਧੀ ਕਰਦਿਆਂ ਹੋਇਆਂ ਕਿਹਾ ਕਿ ਪੂਰੇ ਦੇਸ਼ 'ਚ ਸਿੱਖਿਆ ਦਾ ਭਗਵਾਂਕਰਨ ਅਤੇ ਕਾਰਪੋਰੇਟੀਕਰਨ ਕਰਕੇ ਸਿੱਖਿਆ ਮਹਿੰਗੀ ਕੀਤੀ ਜਾ ਰਹੀ ਅਤੇ ਇਸ ਗੱਲ ਦਾ ਵਿਰੋਧ ਉਥੋਂ ਦੇ ਵਿਦਿਆਰਥੀ ਤੇ ਪ੍ਰੋਫੈਸਰ ਵੀ ਕਰ ਰਹੇ ਹਨ।ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਬਿਜਲੀ ਨੂੰ ਪ੍ਰਾਈਵੇਟ ਹੱਥਾਂ 'ਚ ਦੇਣ ਲਈ ਕੇਂਦਰ ਜਿਹੜਾ ਬਿੱਲ ਲੈ ਕੇ ਆਇਆ ਹੈ ਉਹ ਬਹੁਤ ਖਤਰਨਾਕ ਹੈ।ਇਸ ਨੋਟੀਫਿਕੇਸ਼ਨ ਤੇ ਪੰਜਾਬ ਸਰਕਾਰ ਦੀ ਚੁੱਪ ਵੀ ਇਸ਼ਾਰਾ ਕਰਦੀ ਹੈ ਕਿ ਉਹ ਕੇਂਦਰ ਦੀਆਂ ਨੀਤੀਆਂ ਨਾਲ ਸਹਿਮਤ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਮਸਲਿਆਂ 'ਤੇ ਆਉਣ ਵਾਲੇ ਸਮੇਂ 'ਚ ਇੱਕ ਵੱਡਾ ਅੰਦੋਲਨ ਦੇਸ਼ ਵਿੱਚ ਚੱਲ ਸਕਦਾ ਹੈ।ਇਸ ਮੌਕੇ ਕੇਂਦਰ ਅਤੇ ਪੰਜਾਬ ਸਰਕਾਰ ਖ਼ਿਲਾਫ਼ ਰੋਹ ਭਰਪੂਰ ਨਾਹਰੇਬਾਜ਼ੀ ਵੀ ਕੀਤੀ ਗਈ।ਇਸ ਮੌਕੇ ਬਲਾਕ ਮਜੀਠਾ ਪ੍ਰਧਾਨ ਜਗਜੀਵਨ ਸਿੰਘ ਤਲਵੰਡੀ, ਜਸਪਾਲ ਸਿੰਘ ਧੰਗਈ,ਗਿਆਨ ਸਿੰਘ ਕੰਦੋਵਾਲੀ, ਰੁਪਿੰਦਰ ਸਿੰਘ ਮੱਧੂਛਾਂਗਾ, ਨਿਰਵੈਰ ਸਿੰਘ ਪਠਾਨ ਨੰਗਲ, ਕੁਲਦੀਪ ਸਿੰਘ ਭਕਨਾ, ਨਿਰਵੈਰ ਨਿਬੂਪੁਰਾ, ਸੁਖਵਿੰਦਰ ਸਿੰਘ ਸਾਘਣਾ, ਤਸਵੀਰ ਸਿੰਘ ਫੌਜੀ, ਰਾਣਾ, ਗੁਰਮੁੱਖ ਸਿੰਘ ਚਵਿੰਡਾ ਦੇਵੀ ਆਦਿ ਹਾਜ਼ਰ ਸਨ।

# ਦੁਕਾਨਾਂ ਤੇ ਘਰਾਂ ਅੱਗੇ ਬਣੇ ਪੁਰਾਣੇ ਨਾਲੇ ਦੀ ਸਾਫ-ਸਫਾਈ ਕਰਵਾਉਣ ਦੀ ਮੰਗ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**

ਸਥਾਨਕ ਸ਼ਹਿਰ ਅਜਨਾਲਾ ਦੇ ਫਤਿਹਗੜ੍ਹ ਚੂੜੀਆਂ ਰੋਡ 'ਤੇ ਪਹਿਲਾਂ ਤੋਂ ਬਣੇ ਪੁਰਾਣੇ ਨਾਲ 'ਚ ਬਹੁਤ ਗੰਦਗੀ ਹੈ ਅਤੇ ਇੱਟਾਂ ਵੱਟਿਆਂ ਨਾਲ ਨੱਕੋ-ਨੱਕ ਭਰਿਆ ਪਿਆ। ਕੁੱਝ ਦੁਕਾਨਦਾਰਾਂ ਨੇ ਆਪਣੀ ਨਵੀਂ ਉਸਾਰੀ ਕਰਨ ਸਮੇਂ ਇੱਟਾ ਅਤੇ ਨਾਲੇ ਵਿੱਚ ਡਿੱਗਣ ਕਾਰਣ ਸਫਾਈ ਕਰਵਾਉਣਾ ਜਾਂ ਕੱਢਣਾ ਜ਼ਰੂਰੀ ਨਹੀਂ ਸਮਝਿਆ। ਕੁੱਝ ਦੁਕਾਨਦਾਰਾਂ ਅਤੇ ਘਰਾਂ ਵਾਲਿਆਂ ਨੇ ਆਪਣੇ ਅੱਗੇ ਪੂਰੀ ਤਰ੍ਹਾਂ ਨਾਲੇ ਨੂੰ ਸੀਮੇਂਟ ਨਾਲ ਕਵਰ ਕੀਤਾ ਹੋਇਆ।ਕੋਈ ਵੀ ਚਾਰ ਚੁਫੇਰੇ ਤੋਂ ਹੋਲ ਨਹੀਂ ਰੱਖੇ ਗਏ ਜਿਸ ਨਾਲ ਸਫਾਈ ਕਰਮਚਾਰੀਆਂ ਨੂੰ ਨਾਲੇ ਵਿਚੋਂ ਸਫ਼ਾਈ ਕਰਨ ਵਿੱਚ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ।ਉਨ੍ਹਾਂ ਕੋਲੋਂ ਨਾਲਾ ਸਹੀ ਢੰਗ ਨਾਲ ਸਾਫ ਨਹੀਂ ਹੁੰਦਾ ਜਿਸ ਕਾਰਨ ਬਹੁਤ ਭਿਆਨਕ ਬੀਮਾਰੀਆਂ ਫੈਲਣ ਦਾ ਖ਼ਤਰਾ ਬਣਿਆ ਰਹਿੰਦਾ ਹੈ।ਇਸ ਮੌਕੇ ਗੱਲਬਾਤ ਕਰਦਿਆਂ ਅਜਨਾਲਾ ਸ਼ਹਿਰ ਦੇ ਸਮਾਜ ਸੇਵੀ ਦਵਿੰਦਰ ਸਿੰਘ ਔਲਖ, ਮਨੀਸ਼ ਕੁਮਾਰ ਨੇ ਨਗਰ ਪੰਚਾਇਤ ਅਜਨਾਲਾ ਦੇ ਉੱਚ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਦੁਕਾਨਦਾਰਾਂ ਅਤੇ ਘਰਾਂ ਵਾਲਿਆਂ ਵੱਲੋਂ ਬਣਾਏ ਆਪਣੇ ਅੱਗੇ ਪੱਕੇ ਸੀਮੇਂਟ ਦੇ ਥੜ੍ਹਿਆਂ ਵਿੱਚੋਂ ਨਾਲੇ ਦੀ ਸਾਫ ਸਫਾਈ ਲਈ ਹੋਲ ਛੁਡਵਾਏ ਜਾਣ ਤਾਂ ਕਿ ਸਫ਼ਾਈ ਸਹੀ ਢੰਗ ਨਾਲ ਹੋ ਸਕੇ।ਜਦੋਂ ਨੰਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ ਨਾਲ ਫੋਨ 'ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਬਹੁਤ ਜਲਦੀ ਇਸ ਮਸਲੇ ਦਾ ਹੱਲ ਕੀਤਾ ਜਾਵੇਗਾ।

# ਗੁਰਦੁਆਰਾ ਮਾਈਆਂ ਵਾਲਾ ਮਜੀਠਾ ਵਿਖੇ ਗੁਰਮਤਿ ਸਮਾਗਮ ਭਲਕੇ

**ਮਜੀਠਾ (ਸੋਇਮ ਆਨੰਦ)**-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦਵਾਰਾ ਮਾਈਆਂ ਵਾਲਾ ਮਜੀਠਾ ਵਿਖੇ ਮਹਾਨ ਗੁਰਮਤਿ ਸਮਾਗਮ 30 ਨਵੰਬਰ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਾਇਆ ਜਾ ਰਿਹਾ ਹੈ।ਸਮਾਗਮਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਗਰੰਥੀ ਭਾਈ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ 25 ਨਵੰਬਰ ਤੋਂ ਸ਼ਾਮ ਸਮੇਂ ਸ੍ਰੀ ਸੁਖਮਨੀ ਸਾਹਿਬ ਦੇ ਜਾਪੁ ਉਪਰੰਤ ਸਤਿਸੰਗ ਹੋਇਆ ਕਰੇਗਾ ਜਿਹੜਾ ਕਿ 30 ਨਵੰਬਰ ਤੱਕ ਨਿਰੰਤਰ ਚੱਲੇਗਾ।30 ਨਵੰਬਰ ਨੂੰ ਸ਼ਾਮ 7 ਵਜੇ ਤੋਂ ਗੁਰਦੁਆਰਾ ਸਾਹਿਬ ਵਿਖੇ ਮਹਾਨ ਗੁਰਮਤਿ ਸਮਾਗਮ ਹੋਵੇਗਾ ਜਿਸ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਜਾਪੁ ਤੋਂ ਬਾਅਦ ਭਾਈ ਹਰਪਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ ਮਨੋਹਰ ਗੁਰਬਾਣੀ ਕੀਰਤਨ ਅਤੇ ਕਥਾਵਾਚਕ ਗਿਆਨੀ ਜਸਵੰਤ ਸਿੰਘ ਪਰਵਾਨਾ ਗੁਰਮਤਿ ਵਿਚਾਰਾਂ ਰਾਹੀ ਸੰਗਤਾਂ ਨੂੰ ਨਿਹਾਲ ਕਰਨਗੇ।

# ਅਹਿਮਦੀਆ ਮੁਹੱਲੇ 'ਚ ਇੰਟਰਨਲ ਰੋਡ ਦੇ ਸੁੰਦਰੀਕਰਨ ਦਾ ਕੰਮ ਸ਼ੁਰੂ

**ਕਾਦੀਆਂ/ਬਟਾਲਾ (ਡਾ. ਮਲਵਿੰਦਰ ਸਿੰਘ)**



ਹਲਕਾ ਕਾਦੀਆਂ ਦੇ ਇੰਚਾਰਜ ਕਾਦੀਆਂ ਐਡੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਾਦੀਆਂ ਅਹਿਮਦੀਆ ਮੁਹੱਲੇ ਵਿੱਖੇ ਸੜਕ ਦੇ ਦੋਵੇਂ ਪਾਸੇ ਟਾਈਲਾਂ ਲਗਵਾਉਣ ਦੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ 4 ਕਰੋੜ ਰੁਪਏ ਦੀ ਲਾਗਤ ਨਾਲ ਸੁੰਦਰੀਕਰਨ ਦੇ ਵਿਕਾਸ ਕੰਮ ਕਰਵਾਏ ਜਾਣਗੇ।ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਕਾਦੀਆਂ ਇਕ ਇਤਿਹਾਸਕ ਕਸਬਾ ਹੈ ਅਤੇ ਅਹਿਮਦੀਆ ਜਮਾਤ ਦਾ ਹੈੱਡ ਕਵਾਟਰ ਹੈ।ਦਸੰਬਰ ਦੇ ਮਹੀਨੇ ਮੁਸਲਿਮ ਜਮਾਤ ਅਹਿਮਦੀਆ ਦਾ ਅੰਤਰਰਾਸ਼ਟਰੀ ਸਾਲਾਨਾ ਜਲਸਾ ਕਰਵਾਇਆ ਜਾਣਾ ਹੈ।ਇਸ ਜਲਸੇ ਵਿੱਚ ਦੇਸ਼ ਅਤੇ ਵਿਦੇਸ਼ ਤੋਂ ਵਡੀ ਗਿਣਤੀ ਵਿੱਚ ਸ਼ਰਧਾਲੂ ਕਾਦੀਆਂ ਪਹੁੰਚਾਣਗੇ। ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਇਹ ਫਰਜ਼ ਹੈ ਕਿ ਅਸੀਂ ਸ਼ਹਿਰ ਨੂੰ ਖੂਬਸੂਰਤ ਬਣਾਈਏ।ਉਨ੍ਹਾਂ ਕਿਹਾ ਕਿ ਮੇਰੇ ਪਿਤਾ ਸਵ: ਸੇਵਾ ਸਿੰਘ ਸੇਖਵਾਂ ਦਾ ਵੀ ਕਾਦੀਆਂ ਸ਼ਹਿਰ ਨਾਲ ਬਹੁਤ ਲਗਾਵ ਸੀ ਅਤੇ ਅਹਿਮਦੀਆ ਜਮਾਤ ਨਾਲ ਬਹੁਤ ਵਧੀਆ ਪਰਿਵਾਰਕ ਸਬੰਧ ਸਨ।ਉਨ੍ਹਾਂ ਨੇ ਸ਼ਹਿਰ ਦੇ ਛੱਪੜ ਨੂੰ ਖਤਮ ਕਰ ਕੇ ਸ਼ਹਿਰ ਦੀ ਗੰਦਗੀ ਖਤਮ ਕੀਤੀ ਅਤੇ ਕਰੋੜਾਂ ਰੁਪਏ ਦੀ ਲਾਗਤ ਨਾਲ ਨਾਲਾ ਬਣਾਇਆ।ਮੇਰਾ ਵੀ ਇਹ ਫਰਜ਼ ਹੈ ਕਿ ਮੈਂ ਇਸ ਪਵਿੱਤਰ ਧਰਤੀ ਲਈ ਆਪਣਾ ਅਤੇ ਆਪਣੀ ਪਾਰਟੀ ਵੱਲੋਂ ਯੋਗਦਾਨ ਪਾਵਾਂ।ਇਸ ਮੌਕੇ ਜਮਾਤ ਅਹਿਮਦੀਆ ਦੇ ਸੈਕਟਰੀ ਅਤਾਉਲ ਮੋਮਿਨ, ਸੱਯਦ ਅਜ਼ੀਜ਼ ਅਹਿਮਦ, ਫਜ਼ਲ ਓਲ ਰਹਿਮਾਨ ਭੱਟੀ, ਨਸਰੁਮਿਨੱਲਾ, ਨਵੀਦ ਅਹਿਮਦ ਫਜ਼ਲ, ਐੱਸਐੱਚਓ ਕਾਦੀਆਂ ਗਰਮੀਤ ਸਿੰਘ, ਅਬਦੁਲ ਵਾਸੇ, ਚੇਅਰਮੈਨ ਮੋਹਣ ਸਿੰਘ, ਗੁਰਮੇਜ ਸਿੰਘ, ਦਵਿੰਦਰ ਸ਼ਰਮਾ, ਸ਼ਿੰਗਾਰਾ ਸਿੰਘ, ਮਲਕੀਤ ਸਿੰਘ, ਗੁੱਲੂ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਐੱਚਡੀਐੱਫਸੀ ਬੈਂਕ ਵੱਲੋਂ 17ਵੀਂ ਸਾਲਾਨਾ ਖ਼ੂਨਦਾਨ ਮੁਹਿੰਮ 5 ਦਸੰਬਰ ਨੂੰ

**ਜਲੰਧਰ:** ਐੱਚਡੀਐੱਫਸੀ ਬੈਂਕ ਆਪਣੀ ਪ੍ਰਮੁੱਖ ਸੀਐੱਸਆਰ ਪਹਿਲਕਦਮੀ, ਪਰਿਵਰਤਨ ਦੇ ਹਿੱਸੇ ਵਜੋਂ ਆਪਣੀ ਦੇਸ਼ ਵਿਆਪੀ ਖ਼ੂਨਦਾਨ ਅਭਿਆਨ ਦੇ 17ਵੇਂ ਐਡੀਸ਼ਨ ਦਾ ਆਯੋਜਨ ਕਰੇਗਾ।ਇਹ ਖ਼ੂਨਦਾਨ ਮਹਿੰਮ 5 ਦਸੰਬਰ, 2025 ਨੂੰ ਸਵੇਰੇ 9:30 ਵਜੇ ਤੋਂ ਸ਼ਾਮ 5:30 ਵਜੇ ਤੱਕ ਭਾਰਤ ਭਰ ਦੇ 1,100 ਤੋਂ ਵੱਧ ਸ਼ਹਿਰਾਂ ਵਿੱਚ ਇੱਕੋ ਸਮੇਂ ਹੋਵੇਗੀ।ਐੱਚਡੀਐੱਫਸੀ ਬੈਂਕ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਕੈਜ਼ਾਦ ਭਰੂਚਾ ਨੇ ਕਿਹਾ ਕਿ ਇਹ ਮੁਹਿੰਮ ਕਈ ਸਾਲਾਂ ਤੋਂ ਲੋਕਾਂ ਨੂੰ ਇੱਕ ਸਾਂਝੇ ਉਦੇਸ਼ ਲਈ ਇਕੱਠੇ ਕਰ ਰਹੀ ਹੈ।ਖ਼ੂਨਦਾਨ ਕਰਨਾ ਇੱਕ ਸਧਾਰਨ ਕਾਰਜ ਹੈ ਜੋ ਕਿਸੇ ਦੇ ਜੀਵਨ ਵਿੱਚ ਤੁਰੰਤ ਅਸਰ ਕਰਦਾ ਹੈ।ਅਸੀਂ ਹਰ ਵਲੰਟੀਅਰ ਅਤੇ ਸਾਥੀ ਦੇ ਧੰਨਵਾਦੀ ਹਾਂ ਜੋ ਹਰ ਸਾਲ ਇਸ ਯਤਨ ਦਾ ਸਮਰਥਨ ਕਰਦਾ ਹੈ।ਐੱਚਡੀਐੱਫਸੀ ਬੈਂਕ ਦੇ ਕਾਰਜਕਾਰੀ ਨਿਰਦੇਸ਼ਕ ਭਾਵੇਸ਼ ਜ਼ਵੇਰੀ ਨੇ ਕਿਹਾ ਕਿ ਸਾਲਾਨਾ ਖ਼ੂਨਦਾਨ ਮੁਹਿੰਮ ਲਗਾਤਾਰ ਵਧੀ ਹੈ ਕਿਉਂਕਿ ਸਾਡੇ ਕਰਮਚਾਰੀ ਅਤੇ ਭਾਈਵਾਲ ਇਸਨੂੰ ਸਮਰਪਣ ਹਨ ਅਤੇ ਟੀਮ ਵਰਕ ਨਾਲ ਕਰਦੇ ਹਨ।

## ਸੜਕ ਹਾਦਸੇ 'ਚ ਇੱਕ ਦੀ ਮੌਤ, ਇੱਕ ਜ਼ਖ਼ਮੀ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਜੀ. ਟੀ. ਰੋਡ 'ਤੇ ਵਾਪਰੇ ਸੜਕ ਹਾਦਸੇ ਦੌਰਾਨ ਇੱਕ ਕੈਂਟਰ ਸਵਾਰ ਵਿਅਕਤੀ ਦੀ ਮੌਤ ਹੋ ਜਾਣ ਤੇ ਇੱਕ ਦੇ ਜ਼ਖ਼ਮੀ ਹੋ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਕੈਂਟਰ ਨੰਬਰ ਪੀਬੀ 02ਈਜੇ -8967 ਦਾ ਡਰਾਈਵਰ ਲਖਵੀਰ ਸਿੰਘ ਵਾਸੀ ਪਿੰਡ ਬੁੱਟਰ ਕਲਾਂ (ਮੋਗਾ), ਹਿਤੇਸ਼ ਪਲਟਾ ਵਾਸੀ ਬਰਨਾਲਾ ਅਤੇ ਦੀਪਕ ਕੁਮਾਰ ਵਾਸੀ ਫਿਰੋਜ਼ਪੁਰ ਸਮੇਤ ਕੈਂਟਰ ਲੈ ਕੇ ਮੰਡੀ ਗੋਬਿੰਦਗੜ੍ਹ ਵੱਲ ਨੂੰ ਜਾ ਰਿਹਾ ਸੀ।ਰਾਤ ਕਰੀਬ 12:30 ਵਜੇ ਉਹ ਜਦੋਂ ਸਰਹਿੰਦ ਜੀਟੀ ਰੋਡ 'ਤੇ ਮੋਟੇ ਦਾ ਢਾਬਾ ਨਜ਼ਦੀਕ ਪੁੱਜੇ ਤਾਂ ਪਿੱਛੋਂ ਤੇਜ਼ ਰਫਤਾਰੀ ਨਾਲ ਉਨ੍ਹਾਂ ਨੂੰ ਓਵਰਟੇਕ ਕਰਕੇ ਅੱਗੇ ਲੰਘੇ ਇੱਕ ਟਰੱਕ ਨੇ ਉਨ੍ਹਾਂ ਦੇ ਅੱਗੇ ਜਾ ਕੇ ਇਕਦਮ ਬਰੇਕ ਲਗਾ ਦਿੱਤੀ, ਜਿਸ ਕਾਰਨ ਇਨ੍ਹਾਂ ਦਾ ਟੈਂਕਰ ਉਕਤ ਟਰੱਕ ਦੇ ਪਿੱਛੇ ਜ਼ੋਰ ਨਾਲ ਜਾ ਟਕਰਾਇਆ।ਇਸ ਹਾਦਸੇ ਕਾਰਨ ਕੈਂਟਰ ਦਾ ਕੈਬਿਨ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਜਿਸ ਵਿੱਚ ਸਵਾਰ ਦੀਪਕ ਕੁਮਾਰ ਅਤੇ ਹਿਤੇਸ਼ ਪਲਟਾ ਦੇ ਕਾਫੀ ਸੱਟਾਂ ਵੱਜੀਆਂ ਤੇ ਹਿਤੇਸ਼ ਪਲਟਾ ਦੀ ਮੌਤ ਹੋ ਗਈ।ਲਖਵੀਰ ਸਿੰਘ ਦੇ ਬਿਆਨਾਂ 'ਤੇ ਟਰੱਕ ਦੇ ਕਥਿਤ ਡਰਾਈਵਰ ਗੁਰਸਿਮਰਨ ਸਿੰਘ ਵਾਸੀ ਸਰਹਿੰਦ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਲਾਲੀ ਡਿੱਪੂ ਵਾਲੇ ਨੂੰ ਸਦਮਾ; ਪਿਤਾ ਦਾ ਦਿਹਾਂਤ



**ਚੋਹਲਾ ਸਾਹਿਬ (ਰਮਨ ਚੱਢਾ)**-ਬੀਤੇ ਦਿਨੀਂ ਲਾਲੀ ਡਿੱਪੂ ਹੋਲਡਰ ਨੂੰ ਉਸ ਸਮੇਂ ਗਹਿਰਾ ਸਦਮਾ ਪਹੁੰਚਿਆ ਜਦ ਉਨ੍ਹਾਂ ਦੇ ਪਿਤਾ ਹੀਰਾ ਲਾਲ ਦਾ ਸੰਖੇਪ ਬਿਮਾਰੀ ਕਾਰਨ ਅਚਾਨਕ ਦਿਹਾਂਤ ਹੋ ਗਿਆ। ਇਸ ਸਮੇਂ ਹੀਰਾ ਲਾਲ ਦੇ ਪਰਿਵਾਰ ਪਤਨੀ ਚੈਂਚਲਾ ਰਾਣੀ, ਪੁੱਤਰ ਸੰਜੀਵ ਕੁਮਾਰ, ਰਾਜੀਵ ਲਾਲੀ, ਲੜਕੀਆਂ ਰਜਨੀ ਬਾਲਾ, ਬਬਤਾ ਰਾਣੀ, ਜਵਾਈ ਜੋਤੀ ਪ੍ਰਕਾਸ਼, ਅਸ਼ਵਨੀ ਕੁਮਾਰ ਨਾਲ ਵੱਖ-ਵੱਖ ਸਿਆਸੀ ਅਤੇ ਧਾਰਮਿਕ ਆਗੂਆਂ ਨੇ ਦੁੱਖ ਸਾਂਝਾ ਕੀਤਾ। ਰਾਜੀਵ ਕੁਮਾਰ ਲਾਲੀ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 2 ਦਸੰਬਰ ਦਿਨ ਮੰਗਲਵਾਰ ਨੂੰ ਡੇਰਾ ਬਾਬਾ ਘੋਲਾ ਸਿੰਘ ਮੇਨ ਬਾਜ਼ਾਰ ਚੋਹਲਾ ਸਾਹਿਬ ਵਿਖੇ ਪੈਣਗੇ।

## ਅੱਜ ਬਿਜਲੀ ਸਪਲਈ ਬੰਦ ਰਹੇਗੀ

**ਬਿਆਸ (ਪਰਮਜੀਤ ਸਿੰਘ ਰੱਖੜਾ)**-ਐਕਸੀਅਨ ਰਾਜ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੁਟਾਰੀ ਤੋਂ ਬਿਆਸ ਟਾਵਰ ਲਾਈਨ ਤੇ ਸੈਕੰਡ ਸਰਕਟ ਦੀ ਉਸਾਰੀ ਦਾ ਪੈਂਡਿੰਗ ਪਿਆ ਕੰਮ ਪੂਰਾ ਕਰਨ ਲਈ 29 ਨਵੰਬਰ ਦਿਨ ਸ਼ਨੀਵਾਰ ਨੂੰ ਸ਼ੈੱਡ ਡਾਊਨ ਮਨਜ਼ੂਰ ਕੀਤੀ ਗਈ ਹੈ ਜਿਸ ਸਮੇਂ ਦੌਰਾਨ 66 ਕੇ ਵੀ ਗਰਿਡ ਬੁਤਾਲਾ, 66 ਕੇ ਵੀ ਗਰਿਡ ਸਠਿਆਲਾ, 66 ਕੇ ਵੀ ਸੈਦਪੁਰ ,66 ਕੇ ਵੀ ਰਾਣਾ ਸ਼ੂਗਰ ਮਿੱਲ ਅਤੇ 66 ਕੇ ਵੀ ਲਿੱਦੜ, 11 ਕੇ ਵੀ ਐੱਮਈਐੱਸ ਬਿਆਸ,11 ਕੇ ਵੀ ਬਿਆਸ ਸ਼ਹਿਰੀ,11 ਕੇ ਵੀ ਭਲਾਈਪੁਰ ਅਤੇ 11 ਕੇ ਵੀ ਭਲੋਜਲਾ ਏ ਪੀ ਸਵੇਰੇ 10 ਵਜੇ ਤੋਂ ਸ਼ਾਮ 2 ਵਜੇ ਤੱਕ ਬੰਦ ਰਹਿਣਗੇ।

# ਹਲਕਾ ਮਜੀਠਾ ਨੂੰ ਮਾਨ ਸਰਕਾਰ ਵੱਲੋਂ ਤਰੱਕੀ ਲਈ ਮਿਲ ਰਹੇ ਨੇ ਖੁੱਲ੍ਹੇ ਗੱਫੇ : ਤਲਬੀਰ ਗਿੱਲ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਹਲਕਾ ਮਜੀਠਾ ਨੂੰ ਹਰ ਪੱਖ ਤੋਂ ਸੁੰਦਰ ਅਤੇ ਸੁਚੱਜਾ ਬਣਾਉਣ ਲਈ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਹਲਕੇ ਦੇ ਹਰ ਪਿੰਡ ਨੂੰ ਗਰਾਂਟ ਦੇ ਕੇ ਪਿੰਡਾਂ ਦਾ ਸਰਬਪੱਖੀ ਵਿਕਾਸ ਕਰਵਾਇਆ ਜਾਵੇਗਾ। ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਅੱਜ ਹਲਕਾ ਮਜੀਠਾ ਦੀਆਂ ਵੱਖ-ਵੱਖ 50 ਪੰਚਾਇਤਾਂ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਕਰੀਬ 3 ਕਰੋੜ 28 ਲੱਖ ਦੇ ਚੈੱਕ ਵੰਡਣ ਮੌਕੇ ਹਲਕੇ ਦੇ ਵੱਖ-ਵੱਖ ਪਿੰਡਾਂ ਤੋਂ ਜੁੜੇ ਪੰਚਾਂ ਸਰਪੰਚਾਂ ਅਤੇ ਮੋਹਤਬਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਸਰਦਾਰ ਗਿੱਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਲਕਾ ਮਜੀਠਾ ਦੇ ਵੱਖ ਵੱਖ ਵੱਖ ਕਾਰਜਾਂ ਲਈ ਦਿਲ ਖੋਲ੍ਹ ਕੇ ਦਿੱਤੀਆਂ ਜਾ ਰਹੀਆਂ ਗਰਾਂਟਾਂ ਲਈ ਉਹ ਜਿਥੇ ਮੁੱਖ ਮੰਤਰੀ ਸਾਹਿਬ ਦਾ ਦਿਲੋਂ ਧੰਨਵਾਦ ਕਰਦਾ ਹਨ ਉਥੇ ਆਪਣੇ ਭੈਣ-ਭਰਾਵਾਂ ਨਾਲ ਵਾਅਦਾ ਕਰਦਾ ਹਨ ਕਿ ਵੱਖ-ਵੱਖ ਪਿੰਡਾਂ ਦੀ ਤਰੱਕੀ ਲਈ ਕੋਈ ਕਸਰ ਨਹੀਂ ਰਹਿਣ ਦਿਆਂਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਬਾਕੀ ਰਹਿੰਦਿਆਂ ਪੰਚਾਇਤਾਂ ਨੂੰ ਵੀ ਰਾਸ਼ੀ ਜਾਰੀ ਕੀਤੀ ਜਾਵੇਗੀ। ਉਨ੍ਹਾਂ ਨੇ ਪਿੰਡਾਂ ਦੀਆਂ ਪੰਚਾਇਤਾਂ ਅਤੇ ਮੋਹਤਬਰਾਂ ਨੂੰ ਅਪੀਲ ਕੀਤੀ ਕਿ ਪਿੰਡਾਂ ਦੇ ਵਿਕਾਸ ਲਈ ਆਏ ਹੋਏ ਫੰਡ ਦੀ ਸਹੀ ਤਰੀਕੇ ਨਾਲ ਵਰਤੋਂ ਕੀਤੀ ਜਾਵੇ ਤਾਂ ਜੋ ਕਿਸੇ ਵੀ ਤਰਹਾਂ ਦੀ ਕੋਈ ਹੇਰਾਫੇਰੀ ਸਾਹਮਣੇ ਨਾ ਆਵੇ।

# ਕਵਿਤਾ ਤੇ ਕਵੀਸ਼ਰੀ ਮੁਕਾਬਲੇ 'ਚ ਅੱਵਲ ਸਥਾਨ ਹਾਸਲ



**ਚੋਹਲਾ ਸਾਹਿਬ (ਰਮਨ ਚੱਢਾ)**

ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ, ਰਾਣੀ ਵਲਾਹ ਦੇ ਵਿਦਿਆਰਥੀਆਂ ਨੇ ਦੇਸ਼ ਭਗਤ ਸੁੱਚਾ ਸਿੰਘ ਯਾਦਗਾਰ ਚੋਹਲਾ ਸਾਹਿਬ (ਗ਼ਦਰ ਲਹਿਰ) 16ਵੇਂ ਯਾਦਗਾਰ ਮੇਲੇ ਵਿੱਚ ਵੱਖ-ਵੱਖ ਸਕੂਲਾਂ ਕਾਲਜਾਂ ਦੇ ਹੋਏ ਮੁਕਾਬਲਿਆਂ ਵਿੱਚ ਆਪਣੀ ਸ਼ਾਨਦਾਰ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਕਵਿਤਾ ਅਤੇ ਕਵੀਸ਼ਰੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।ਸਮੁੱਚੀ ਸੁੱਚਾ ਸਿੰਘ ਯਾਦਗਾਰ ਪ੍ਰਬੰਧਕ ਕਮੇਟੀ ਅਤੇ ਸਰਪੰਚ ਕੇਵਲ ਸਿੰਘ ਚੋਹਲਾ ਸਾਹਿਬ ਵਲੋਂ ਬੱਚਿਆਂ ਨੂੰ ਜੇਤੂ ਇਨਾਮ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ।ਸਕੂਲ ਦੀ ਐਜੂਕੇਸ਼ਨਲ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ, ਪ੍ਰਿੰ. ਨਿਰਭੈ ਸਿੰਘ ਸੰਧੂ ਅਤੇ ਮਦਨ ਪਠਾਨੀਆਂ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਦੱਸਿਆ ਕਿ ਸਕੂਲ ਹਮੇਸ਼ਾ ਵਿਦਿਆਰਥੀਆਂ ਨੂੰ ਅਕਾਦਮਿਕ ਪੜ੍ਹਾਈ ਦੇ ਨਾਲ-ਨਾਲ ਕਲਾਤਮਕ ਅਤੇ ਸੱਭਿਆਚਾਰਕ ਮੈਦਾਨਾਂ ਵਿੱਚ ਵੀ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ।ਵਿਦਿਆਰਥੀਆਂ ਦੀ ਇਸ ਜਿੱਤ ਨਾਲ ਜਿੱਥੇ ਸਕੂਲ ਵਿੱਚ ਖ਼ੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ, ਉਥੇ ਮਾਪਿਆਂ ਨੇ ਵੀ ਇਸ ਪ੍ਰਾਪਤੀ 'ਤੇ ਖ਼ੁਸ਼ੀ ਪ੍ਰਗਟਾਈ।

# ਮਾਨਯੋਗ ਹਾਈਕੋਰਟ ਅਤੇ ਪੁਲਸ ਦੀ ਸਖਤੀ ਦੇ ਬਾਵਜੂਦ ਸੜਕਾਂ 'ਤੇ ਦੌੜ ਰਹੇ ਹਨ ਜੁਗਾੜੂ ਵਾਹਨ

**ਗੁਰਦਾਸਪੁਰ, (ਜਨਕ ਮਹਾਜਨ)**-ਮਾਨਯੋਗ ਹਾਈਕੋਰਟ ਅਤੇ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਦੀ ਸਖਤੀ ਦੇ ਬਾਵਜੂਦ ਵੀ ਸ਼ਹਿਰ ਅੰਦਰ ਜੁਗਾੜੂ ਵਾਹਨਾਂ ਲਗਾਤਾਰ ਚੱਲ ਰਹੇ ਹਨ ਅਤੇ ਰੋਜ਼ਾਨਾ ਵੱਡੀ ਗਿਣਤੀ ਵਿੱਚ ਜੁਗਾੜੂ ਵਾਹਨ ਸ਼ਹਿਰ ਦੀਆ ਸੜਕਾਂ 'ਤੇ ਸਾਮਾਨ ਦੀ ਢੋਆ ਢੁਆਈ ਕਰਦੇ ਨਜ਼ਰ ਆਉਂਦੇ ਹਨ। ਜੁਗਾੜੂ ਵਾਹਨ ਚਾਲਕਾਂ 'ਤੇ ਮਾਨਯੋਗ ਅਦਾਲਤ ਅਤੇ ਪੁਲਸ ਪ੍ਰਸ਼ਾਸਨ ਦਾ ਕੋਈ ਅਸਰ ਨਹੀਂ ਹੈ। ਪਿਛਲੇ ਦਿਨੀਂ ਪੁਲਸ ਪ੍ਰਸ਼ਾਸਨ ਵੱਲੋਂ ਕੀਤੀ ਸਖਤੀ ਦੌਰਾਨ ਜੁਗਾੜੂ ਵਾਹਨਾਂ ਦੇ ਜਿੱਥੇ ਕਾਫ਼ੀ ਚਲਾਨ ਕੱਟੇ ਗਏ ਉਥੇ ਹੀ ਇਨ੍ਹਾਂ ਨੂੰ ਬੰਦ ਕਰਨ ਦੀਆਂ ਹਦਾਇਤਾਂ ਵੀ ਕੀਤੀਆਂ ਗਈਆਂ ਹਨ ਪਰ ਇਸ ਸਭ ਦੇ ਬਾਵਜੂਦ ਜੁਗਾੜੂ ਵਾਹਨ ਪਹਿਲਾਂ ਦੀ ਤਰ੍ਹਾਂ ਸੜਕਾਂ 'ਤੇ ਬੇਪਰਵਾਹ ਹੋ ਕੇ ਚੱਲ ਰਹੇ ਹਨ। ਜੁਗਾੜੂ ਵਾਹਨਾਂ ਦੇ ਚੱਲਣ ਨਾਲ ਸਰਕਾਰ ਨੂੰ ਟੈਕਸ ਦੇ ਰਹੀਆਂ ਗੱਡੀਆਂ ਦੇ ਮਾਲਕਾਂ ਦਾ ਕਾਫੀ ਨੁਕਸਾਨ ਹੋ ਰਿਹਾ। ਇਹ ਜਗਾੜੂ ਵਾਹਨ ਸਰਕਾਰ ਨੂੰ ਕਿਸੇ ਤਰ੍ਹਾਂ ਦਾ ਕੋਈ ਟੈਕਸ ਨਹੀਂ ਦਿੰਦੇ ਅਤੇ ਨਾ ਹੀ ਇਨ੍ਹਾਂ ਦੀ ਕੋਈ ਰਜਿਸਟਰੇਸ਼ਨ ਹੁੰਦੀ ਹੈ। ਕੁਝ ਲੋਕਾਂ ਵੱਲੋਂ ਆਪਣੇ ਮੋਟਰਸਾਈਕਲਾਂ ਦੇ ਪਿੱਛੇ ਆਪਣੇ ਤੌਰ 'ਤੇ ਲੱਕੜ ਜਾਂ ਲੋਹੇ ਦੀ ਬਾਡੀ ਤਿਆਰ ਕਰਵਾ ਲਈ ਜਾਂਦੀ ਹੈ ਤੇ ਬਾਅਦ ਵਿਚ ਉਸ ਵਿਚ ਸਾਮਾਨ ਵਗੈਰਾ ਲੱਦ ਕੇ ਕੰਮਕਾਜ ਕੀਤਾ ਜਾਂਦਾ ਹੈ। ਲੋਕਾਂ ਨੇ ਆਰਟੀਓ ਗੁਰਦਾਸਪੁਰ ਅਤੇ ਜ਼ਿਲ੍ਹਾ ਪੁਲਸ ਮੁੱਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਅਜਿਹੇ ਜੁਗਾੜੂ ਵਾਹਨਾਂ ਖਿਲਾਫ ਸਖਤੀ ਨਾਲ ਨਕੇਲ ਕੱਸੀ ਜਾਵੇ।

# 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਮਾਰੋਹ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜੀਏਟ ਸਕੂਲ ਅਤੇ ਕਾਲਜ ਮਹਿਤਾ ਵਿਖੇ ਸਿੱਖ ਕੌਮ ਦੇ ਨੌਵੇਂ ਪਾਤਸ਼ਾਹ 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮ ਬੜੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ।ਕਾਲਜ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਗੁਰੂ ਸਾਹਿਬ ਦੇ ਜੀਵਨ ਦੀਆਂ ਮੁੱਖ ਘਟਨਾਵਾਂ ਕਰਤਾਰਪੁਰ ਦੀ ਜੰਗ, ਵਸੇਬਾ ਬਾਬਾ ਬਕਾਲਾ, ਆਨੰਦਪੁਰ ਸਾਹਿਬ ਵਸਾਉਣਾ, ਬਾਲਕ ਗੋਬਿੰਦ ਰਾਏ ਦਾ ਆਗਮਨ, ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ ਬਲੀਦਾਨ ਦੇਣ ਲਈ ਤਿਆਰ ਹੋਣਾ, ਗੁਰੂ ਸਾਹਿਬ ਦੇ ਸੀਸ ਤੇ ਸਰੀਰ ਸੰਭਾਲ ਸੰਬੰਧੀ ਵਿਚਾਰ-ਵਟਾਂਦਰਾ, ਸੀਸ ਮਾਰਗ, ਧੜ ਦਾ ਸਸਕਾਰ ਅਤੇ ਸ਼ਹਾਦਤ ਦੇ ਪ੍ਰਭਾਵ ਅਤੇ ਨਤੀਜੇ ਆਦਿ ਦਾ ਇਤਿਹਾਸ ਸਾਂਝਾ ਕੀਤਾ।ਇਸ ਉਪਰੰਤ ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦੁਰ ਸਾਹਿਬ ਦੀ ਸ਼ਹਾਦਤ ਸਾਨੂੰ ਸਿਖਾਉਂਦੀ ਹੈ ਕਿ ਸੱਚ, ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਅਡਿੱਗ ਰਹਿਣਾ ਕਿੰਨਾ ਮਹੱਤਵਪੂਰਨ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੀ ਸੋਚ ਨੂੰ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ।ਇਸ ਤੋਂ ਇਲਾਵਾ ਕਾਲਜ ਪ੍ਰਬੰਧਕ ਕਮੇਟੀ, ਸਟਾਫ ਅਤੇ ਵਿਦਿਆਰਥੀਆਂ ਵੱਲੋਂ ਗੁਰੂ ਸਾਹਿਬ ਦੇ ਸਿੱਖਿਆ ਅਤੇ ਸ਼ਹਾਦਤ ਨੂੰ ਨਮਨ ਕੀਤਾ ਗਿਆ।

# ਡਾ. ਪ੍ਰਭਾਕਰ ਨੇ ਸਿਵਲ ਸਰਜਨ ਦਾ ਅਹੁਦਾ ਸੰਭਾਲਿਆ

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਡਾ. ਮਹੇਸ਼ ਕੁਮਾਰ ਪ੍ਰਭਾਕਰ ਨੇ ਸਿਵਲ ਸਰਜਨ ਗੁਰਦਾਸਪੁਰ ਦੇ ਅਹੁਦੇ ਦਾ ਭਾਰ ਸੰਭਾਲ ਲਿਆ। ਸਮੂਹ ਪ੍ਰੋਗਰਾਮ ਅਫਸਰ ਅਤੇ ਸਮੂਹ ਸਟਾਫ਼ ਦਫਤਰ ਸਿਵਲ ਸਰਜਨ ਗੁਰਦਾਸਪੁਰ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਸਿਵਲ ਸਰਜਨ ਡਾਕਟਰ ਮਹੇਸ਼ ਪ੍ਰਭਾਕਰ ਨੇ ਕਿਹਾ ਕਿ ਮਰੀਜ਼ਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਦੀ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।ਸਮੂਹ ਸਿਹਤ ਸੰਸਥਾਵਾਂ ਵਿੱਚ ਮਰੀਜ਼ਾਂ ਨੂੰ ਸਰਕਾਰ ਵੱਲੋਂ ਐਲਾਨੀ ਸਹੂਲਤਾਂ ਮੁਹੱਈਆ ਕਰਵਾਇਆਂ ਜਾ ਰਹੀਆਂ ਹਨ।ਉਨ੍ਹਾਂ ਸਮੂਹ ਸਿਹਤ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਅਪਣਾ ਕੰਮ ਤਨਦੇਹੀ ਨਾਲ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਏਸੀਐੱਸ ਡਾਕਟਰ ਪ੍ਰਭਜੋਤ ਕੌਰ ਕਲਸੀ, ਜ਼ਿਲਾ ਪਰਿਵਾਰ ਭਲਾਈ ਅਫ਼ਸਰ ਡਾਕਟਰ ਤੇਜਿੰਦਰ ਕੌਰ, ਜ਼ਿਲਾ ਟੀਕਾਕਰਣ ਅਫ਼ਸਰ ਡਾਕਟਰ ਭਾਵਨਾ ਸ਼ਰਮਾ, ਜ਼ਿਲ੍ਹਾ ਤਪਦਿਕ ਅਫਸਰ ਡਾਕਟਰ ਸੁਚੇਤਨ ਅਬਰੋਲ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਗੁਰਪ੍ਰੀਤ ਕੌਰ, ਡਾਕਟਰ ਵੰਦਨਾ, ਚੀਫ਼ ਫਾਰਮੇਸੀ ਅਫਸਰ ਗੁਰਿੰਦਰ ਸਿੰਘ ਆਦਿ ਹਾਜ਼ਰ ਸਨ।



# ਆਈਟੀ ਕਾਲਜ ਵਿਖੇ ਬੀ ਐੱਸ ਐੱਫ ਨੇ ਮਨਾਇਆ ਆਪਣਾ 60ਵਾਂ ਸਥਾਪਨਾ ਦਿਵਸ



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**

ਆਈ. ਟੀ. ਕਾਲਜ ਵਿਖੇ ਸੀਮਾ ਸੁਰੱਖਿਆ ਬਲ ਵੱਲੋਂ ਆਪਣਾ 60ਵਾਂ ਸਥਾਪਨਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਬੀਐੱਸਐੱਫ ਬਾਰਡਰ ਰੇਂਜ ਦੀ 115 ਬਟਾਲੀਅਨ ਵੱਲੋਂ ਇੱਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਸਮਾਗਮ ਵਿੱਚ ਬੀਐੱਸਐੱਫ ਦੇ ਉੱਚ ਅਧਿਕਾਰੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਡਿਪਟੀ ਕਮਾਂਡੈਂਟ ਲਛਮਣ ਭੱਟੀ ਅਤੇ ਡਿਪਟੀ ਕਮਾਂਡੈਂਟ ਜਗਦੀਸ਼ ਸਿੰਘ ਯਾਦਵ ਮੁੱਖ ਤੌਰ 'ਤੇ ਹਾਜ਼ਰ ਹੋਏ।ਸੈਮੀਨਾਰ ਦੌਰਾਨ ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਬੀਐੱਸਐੱਫ ਦੇ ਗੌਰਵਮਈ ਇਤਿਹਾਸ ਅਤੇ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਬੱਚਿਆਂ ਨੂੰ ਫੌਜ ਵਿੱਚ ਭਰਤੀ ਹੋਣ ਦੀ ਪ੍ਰਕਿਰਿਆ ਅਤੇ ਸਿਖਲਾਈ ਬਾਰੇ ਵੀ ਬਾਰੀਕੀ ਨਾਲ ਸਮਝਾਇਆ ਗਿਆ, ਜਿਸ ਨਾਲ ਵਿਦਿਆਰਥੀਆਂ ਦੇ ਗਿਆਨ ਵਿੱਚ ਭਰਪੂਰ ਵਾਧਾ ਹੋਇਆ।ਅਧਿਕਾਰੀਆਂ ਨੇ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਚੇਅਰਮੈਨ ਇੰਦਰਜੀਤ ਸਿੰਘ ਨੇ ਆਉਣ ਵਾਲੇ ਉੱਚ ਅਧਿਕਾਰੀਆਂ ਦਾ ਵਿਸ਼ੇਸ਼ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਨੂੰ ਦੇਸ਼ ਭਗਤੀ ਅਤੇ ਬੀਐੱਸਐੱਫ ਦੀਆਂ ਪ੍ਰਾਪਤੀਆਂ ਅਤੇ ਬਲੀਦਾਨ ਬਾਰੇ ਦੱਸਿਆ।

# ਬਲਾਕ ਧਾਰੀਵਾਲ ਦੇ ਪਿੰਡਾਂ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾਵੇਗੀ : ਐਡਵੋਕੇਟ ਸੇਖਵਾਂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**



ਧਾਰੀਵਾਲ ਬਲਾਕ ਦੇ ਪਿੰਡਾਂ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾਵੇਗੀ ਅਤੇ ਵਿਕਾਸ ਕੰਮਾਂ ਦੀ ਰਫਤਾਰ ਹੋਰ ਤੇਜ਼ ਕੀਤੀ ਜਾਵੇਗੀ। ਇਹ ਪ੍ਰਗਟਾਵਾ ਕਾਦੀਆਂ ਹਲਕੇ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਰੰਗਲਾ ਪੰਜਾਬ ਅਤੇ ਵਿੱਤ ਕਮਿਸ਼ਨ ਅਧੀਨ ਪਹਿਲੀ ਕਿਸ਼ਤ ਦੇ ਤੌਰ 'ਤੇ 3 ਕਰੋੜ 14 ਲੱਖ ਰੁਪਏ ਦੇ ਮਨਜ਼ੂਰੀ ਪੱਤਰ ਧਾਰੀਵਾਲ ਬਲਾਕ ਦੀਆਂ ਗਰਾਮ ਪੰਚਾਇਤਾਂ ਨੂੰ ਵੱਖ-ਵੱਖ ਵਿਕਾਸ ਕਾਰਜਾਂ ਲਈ ਵੰਡੇ ਗਏ।ਇਸ ਮੌਕੇ ਬੀਡੀਪੀਓ ਕੁਲਜਿੰਦਰ ਸਿੰਘ ਚਾਹਲ, ਪਿੰਡਾਂ ਦੇ ਸਰਪੰਚ, ਪੰਚ ਅਤੇ ਮਾਰਕੀਟ ਕਮੇਟੀ ਧਾਰੀਵਾਲ ਦੇ ਚੇਅਰਮੈਨ ਭੁਪਿੰਦਰ ਸਿੰਘ ਰਿੰਕਾ ਖੁੰਡਾ ਸਮੇਤ ਹੋਰ ਵੀ ਮੋਹਤਬਰ ਸ਼ਖਸ਼ੀਅਤਾਂ ਮੌਜੂਦ ਸਨ। ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਭਰ ਅੰਦਰ ਵਿਕਾਸ ਕਾਰਜ ਜਾਰੀ ਹਨ ਅਤੇ ਉਨ੍ਹਾਂ ਵਲੋਂ ਕਾਦੀਆਂ ਹਲਕੇ ਲਈ ਦਿੱਤੇ ਗਏ ਵਿਸ਼ੇਸ਼ ਪੈਕੇਜ ਲਈ ਉਹ ਮੁੱਖ ਮੰਤਰੀ ਪੰਜਾਬ ਦਾ ਧੰਨਵਾਦ ਕਰਦੇ ਹਨ।ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਪਿੰਡਾਂ ਦੇ ਸਰਪੰਚਾਂ ਨੂੰ ਵਧੀਆ ਅਤੇ ਨਿਰਪੱਖ ਢੰਗ ਨਾਲ ਵਿਕਾਸ ਕਾਰਜ ਕਰਨ ਲਈ ਕਿਹਾ।ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਿਕਾਸ ਕਾਰਜਾਂ ਦੀ ਇਹ ਪਹਿਲੀ ਕਿਸ਼ਤ ਹੈ ਅਤੇ ਇਸ ਤੋਂ ਬਾਅਦ ਦੂਜੀ ਅਤੇ ਤੀਜੀ ਕਿਸ਼ਤ ਵੀ ਜਾਰੀ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਉਹ ਖੁਦ ਹਲਕਾ ਕਾਦੀਆਂ ਦੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰ ਰਹੇ ਹਨ ਅਤੇ ਹਲਕੇ ਦੇ ਸਰਬਪੱਖੀ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।

# ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਾਨਵੀ ਅਧਿਕਾਰਾਂ ਲਈ ਆਪਣਾ ਸੀਸ ਵਾਰਿਆ ਸੀ : ਪਾਸਲਾ, ਜਾਮਾਰਾਏ

**ਤਰਨ ਤਾਰਨ (ਪ੍ਰਿਤਪਾਲ ਸਿੰਘ)**



ਨੌਵੇਂ ਗੁਰੂ ਸ਼੍ਰੀ ਤੇਗ਼ ਬਹਾਦਰ ਜੀ ਨੇ ਕਿਸੇ ਖਾਸ ਧਰਮ ਦੀ ਰਾਖੀ ਲਈ ਨਹੀਂ, ਬਲਕਿ ਧਰਤ 'ਤੇ ਵਸਦੇ ਸਾਰੇ ਮਨੁੱਖਾਂ ਦੇ ਆਪੋ-ਆਪਣੇ ਧਰਮਾਂ ਦੀ ਆਜ਼ਾਦ ਮਰਜ਼ੀ ਨਾਲ ਪਾਲਣਾ ਕੀਤੇ ਜਾਣ ਦੇ ਮਾਨਵੀ ਅਧਿਕਾਰ ਦੀ ਰਾਖੀ ਲਈ ਆਪਣਾ ਸੀਸ ਵਾਰਿਆ ਸੀ।ਇਹ ਵਿਚਾਰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਪਿੰਡ ਰਟੌਲ ਵਿਖੇ ਸੱਦੀ ਗੁਰੂ ਸਾਹਿਬ ਦੇ 350ਵੇਂ ਜਨਮ ਦਿਵਸ ਨੂੰ ਸਮਰਪਿਤ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਪ੍ਰਗਟਾਏ।ਸਾਥੀ ਪਾਸਲਾ ਨੇ ਕਿਹਾ ਕਿ ਕੱਟੜ ਪਿਛਾਖੜੀ, ਅੰਧਰਾਸ਼ਟਰਵਾਦੀ ਸੰਗਠਨ ਆਰ. ਐੱਸ. ਐੱਸ. ਤੋਂ ਵਿਚਾਰਧਾਰਕ ਅਗਵਾਈ ਲੈਂਦੇ ਦੇਸ਼ ਦੇ ਅਜੋਕੇ ਹੁਕਮਰਾਨ ਵੀ ਦੇਸ਼ ਦੀਆਂ ਧਾਰਮਿਕ ਘੱਟ ਗਿਣਤੀਆਂ 'ਤੇ ਅੱਜ ਉਹੀ ਜ਼ੁਲਮ ਢਾਹੇ ਜਾ ਰਹੇ ਹਨ, ਜੋ ਨੌਵੇਂ ਪਾਤਸ਼ਾਹ ਦੇ ਸਮੇਂ ਉਦੋਂ ਦੇ ਮੁਗ਼ਲ ਬਾਦਸ਼ਾਹਾਂ ਨੇ ਢਾਹੇ ਸਨ। ਉਨ੍ਹਾਂ ਕਿਹਾ ਕਿ ਮਾਨਵੀ ਸਰੋਕਾਰਾਂ ਨੂੰ ਪ੍ਰਣਾਈ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਤੇ ਭਗਤੀ ਲਹਿਰ ਦੇ ਮਹਾਨ ਰਹਿਬਰਾਂ ਦੀਆਂ ਸਿੱਖਿਆਵਾਂ ਦੀ ਐਨ ਵਿਰੋਧ 'ਚ ਖੜ੍ਹਦੀ ਮਨੂਵਾਦੀ-ਸਨਾਤਨੀ ਸੋਚ ਦੇ ਪਿਛਲੱਗ ਸੰਘ ਪਰਿਵਾਰ ਤੇ ਮੋਦੀ ਸਰਕਾਰ ਪੰਜਾਬ ਦੇ ਲੋਕ ਪੱਖੀ ਤੇ ਜੁਝਾਰੂ ਵਿਰਸੇ ਦੇ ਖਾਤਮੇ ਦੀਆਂ ਸਾਜ਼ਿਸ਼ਾਂ 'ਚ ਗਲਤਾਨ ਹਨ। ਇਸੇ ਕਰਕੇ 'ਹਿੰਦ ਦੀ ਚਾਦਰ' ਕਹਾਉਂਦੇ ਗੁਰੂ ਵਲੋਂ ਮਾਨਵਤਾ ਦੀ ਰਾਖੀ ਲਈ ਉਦੋਂ ਵਿੱਢਿਆ ਮਹਾਨ ਸੰਗਰਾਮ ਅਜੋਕੇ ਸਮੇਂ 'ਚ ਹੋਰ ਵੀ ਸ਼ਿੱਦਤ ਨਾਲ ਲੜੇ ਜਾਣ ਦੀ ਲੋੜ ਆਣ ਖੜੋਤੀ ਹੈ।ਸਾਥੀ ਪਾਸਲਾ ਨੇ ਐਲਾਨ ਕੀਤਾ ਕਿ ਪਾਰਟੀ ਅੱਜ ਤੋਂ ਆਰੰਭ ਕਰਕੇ 12 ਦਸੰਬਰ ਤੱਕ ਸੂਬੇ ਦੇ ਪਿੰਡਾਂ, ਸ਼ਹਿਰਾਂ-ਕਸਬਿਆਂ ਦੇ ਮਜ਼ਦੂਰ ਮੁਹੱਲਿਆਂ 'ਚ 'ਮਨੂੰਵਾਦ ਭਜਾਓ ਬੇਗ਼ਮਪੁਰਾ ਵਸਾਓ' ਮੁਹਿੰਮ ਚਲਾਵੇਗੀ, ਜਿਸ ਤਹਿਤ ਅਜੋਕੇ ਹਾਕਮਾਂ ਦਾ ਘੱਟ ਗਿਣਤੀਆਂ, ਦਲਿਤਾਂ, ਇਸਤਰੀਆਂ ਵਿਰੋਧੀ ਅਤੇ ਅਗਾਂਹਵਧੂ ਵਿਚਾਰਾਂ ਤੇ ਵਿਗਿਆਨਕ ਸੋਚ ਦੇ ਖਾਤਮੇ ਲਈ ਬਜ਼ਿਦ, ਔਰੰਗਜ਼ੇਬੀ ਕਿਰਦਾਰ ਆਮ ਲੋਕਾਂ 'ਚ ਬੇਪਰਦ ਕੀਤਾ ਜਾਵੇਗਾ।ਸੂਬਾ ਕਮੇਟੀ ਦੇ ਸਕੱਤਰ ਕਾਮਰੇਡ ਪਰਗਟ ਸਿੰਘ ਜਾਮਾਰਾਏ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸਮੂਹ ਪੰਜਾਬੀਆਂ ਨੂੰ ਹਜ਼ਾਰਾਂ ਸ਼ਹੀਦਾਂ ਵੱਲੋਂ ਆਪਣਾ ਲਹੂ ਡੋਲ੍ਹ ਕੇ ਕਾਇਮ ਕੀਤੇ ਗਏ ਪੰਜਾਬ ਦੇ ਅਮਨ-ਚੈਨ ਨੂੰ ਮੁੜ ਤੋਂ ਲਾਂਬੂ ਲਾਉਣ ਦੀਆਂ ਕੇਂਦਰੀ ਏਜੰਸੀਆਂ ਦੇ ਹੱਥਠੋਕੇ ਤੱਤਾਂ ਤੇ ਸਮਾਜ ਵਿਰੋਧੀ ਅਨਸਰਾਂ ਦੀਆਂ ਕੁਚਾਲਾਂ ਤੋਂ ਸੁਚੇਤ ਹੋਣ ਦੀ ਲੋੜ ਹੈ।ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ ਦੀਆਂ ਪੰਜਾਬ ਵਿਰੋਧੀ ਸਾਜ਼ਿਸ਼ਾਂ ਨੂੰ ਭਾਂਜ ਦੇਣ ਅਤੇ ਸੂਬੇ ਦੇ ਦਹਾਕਿਆਂ ਤੋਂ ਲੰਬਿਤ ਮਸਲਿਆਂ ਦਾ ਹੱਲ ਲੱਭਣ ਲਈ ਸਾਰੇ ਪੰਜਾਬੀਆਂ ਦੇ ਸਾਂਝੇ, ਇਕਜੁੱਟ ਯਤਨਾਂ ਤੇ ਆਧਾਰਿਤ ਜਮਹੂਰੀ ਘੋਲ ਲੋੜੀਂਦਾ ਹੈ।ਉਨ੍ਹਾਂ ਅਮਨ-ਕਾਨੂੰਨ ਦੀ ਅਸਲੋਂ ਨਿੱਘਰ ਚੁੱਕੀ ਅਵਸਥਾ ਕਰਕੇ ਲੋਕਾਂ ਦੇ ਮਨਾਂ 'ਚ ਘਰ ਕਰ ਚੁੱਕੇ ਭੈਅ, ਨਸ਼ਾ ਤਸਕਰੀ, ਗੈਂਗਵਾਰ ਤੇ ਮਾਫੀਆ ਦਹਿਸ਼ਤ ਲਈ ਜ਼ਿੰਮੇਵਾਰ ਪੰਜਾਬ ਸਰਕਾਰ ਨੂੰ ਵੀ ਕਰੜੇ ਹੱਥੀਂ ਲਿਆ।ਪਾਰਟੀ ਦੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਲੋਕਾਂ ਦੀ ਕੰਗਾਲੀ ਲਈ ਜ਼ਿੰਮੇਵਾਰ ਨਵ-ਉਦਾਰਵਾਦੀ ਨੀਤੀ ਚੌਖਟੇ ਖਿਲਾਫ ਆਰ-ਪਾਰ ਦਾ ਯੁੱਧ ਵਿੱਢੇ ਤੋਂ ਬਗੈਰ ਭਾਰਤ ਦੀ ਕਿਰਤੀ ਲੋਕਾਈ ਦੀ ਬੇਰਹਿਮ ਸਾਮਰਾਜੀ ਤੇ ਕਾਰਪੋਰੇਟੀ ਲੁੱਟ-ਖਸੁੱਟ ਤੇ ਜਬਰ-ਵਿਤਕਰੇ ਤੋਂ ਮੁਕਤੀ ਨਹੀਂ ਹੋ ਸਕਣੀ।ਉਨ੍ਹਾਂ ਕਿਹਾ ਕਿ ਮਨੁੱਖੀ ਤੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਦਾ ਸੰਗਰਾਮ ਦੇਸ਼ ਦੇ ਸੰਵਿਧਾਨ ਅਤੇ ਜਮਹੂਰੀ, ਧਰਮ ਨਿਰਪੱਖ, ਫੈਡਰਲ ਢਾਂਚੇ ਦੀ ਰਾਖੀ ਦੇ ਘੋਲਾਂ ਨਾਲੋਂ ਨਿੱਖੜਵਾਂ ਨਹੀਂ ਲੜਿਆ ਜਾ ਸਕਣਾ।ਇਸ ਮੌਕੇ ਸੁਖਦੇਵ ਸਿੰਘ ਜਵੰਦਾ, ਕਰਮ ਸਿੰਘ ਪੰਡੋਰੀ, ਮਨਦੀਪ ਸਿੰਘ ਬੱਗੂ, ਮੀਨਾ ਕੌਰ ਸਰਪੰਚ ਚੀਮਾ ਖੁਰਦ ਨੇ ਵੀ ਵਿਚਾਰ ਰੱਖੇ।ਕਾਨਫਰੰਸ ਦੀ ਪ੍ਰਧਾਨਗੀ ਸਾਥੀ ਨਰਿੰਦਰ ਸਿੰਘ ਰਟੌਲ, ਸਰਦਾਰਾ ਸਿੰਘ ਰਟੌਲ, ਜਰਨੈਲ ਸਿੰਘ ਰਸੂਲਪੁਰ ਅਤੇ ਜਸਬੀਰ ਕੌਰ ਕੈਰੋਂਵਾਲ ਨੇ ਕੀਤੀ।

# 'ਹਕੀਕਤ-ਏ-ਜੰਨਤ' ਥੀਮ 'ਤੇ ਕਰਵਾਇਆ 28ਵਾਂ ਸਾਲਾਨਾ ਸਮਾਗਮ ਯਾਦਗਾਰੀ ਹੋ ਨਿੱਬੜਿਆ




**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਦਾ ਕਿੰਡਰ ਗਾਰਟਨ ਸੈਕਸ਼ਨ ਦੇ ਬੱਚਿਆਂ ਦਾ 28ਵਾਂ ਸਾਲਾਨਾ ਸਮਾਗਮ ਸੰਤ ਬਾਬਾ ਪਰਮਾਨੰਦ ਜੀ (ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਬਾਬਾ ਹੰਦਾਲ ਜੀ) ਦੇ ਆਸ਼ੀਰਵਾਦ ਸਦਕਾ ਸਕੂਲ ਦੇ ਸ਼ਾਨਦਾਰ ਆਟੋਡੋਰੀਅਮ ਵਿੱਚ ਕਰਵਾਇਆ ਗਿਆ।ਇਸ ਸਮਾਗਮ ਦਾ ਥੀਮ ਹਕੀਕਤ-ਏ-ਜੰਨਤ ਰੱਖਿਆ ਗਿਆ ਜਿਸ ਵਿੱਚ ਬੱਚਿਆਂ ਵੱਲੋਂ ਸਮੁੰਦਰ ਦੇ ਜੀਵ ਜੰਤੂਆਂ ਸਬੰਧੀ ਰੌਚਕ ਜਾਣਕਾਰੀ ਦਿੱਤੀ ਗਈ ਅਤੇ ਨਾਲ ਹੀ ਥੀਮ ਨਾਲ ਸੰਬੰਧਿਤ ਗਾਣਿਆਂ ਤੇ ਡਾਂਸ ਦੀਆਂ ਸ਼ਾਨਦਾਰ ਵੰਨਗੀਆਂ ਪੇਸ਼ ਕੀਤੀਆਂ ਗਈਆਂ।ਇਸ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ: ਹਰਭਜਨ ਸਿੰਘ ਈਟੀਓ (ਕੈਬਨਿਟ ਮੰਤਰੀ ਪੰਜਾਬ ਸਰਕਾਰ) ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਸਮਾਗਮ ਦੀ ਸ਼ੁਰੂਆਤ ਬੱਚਿਆਂ ਵੱਲੋਂ ਗਾਏ ਸ਼ਬਦ 'ਇਹੀ ਨਾਮ ਹੈ ਅਧਾਰਾ ਵਾਹਿਗੁਰੂ ਵਾਹਿਗੁਰੂ' ਨਾਲ ਕੀਤੀ ਗਈ। ਉਪਰੰਤ ਬੱਚਿਆਂ ਵੱਲੋਂ ਪੇਸ਼ ਕੀਤੀਆਂ ਗਈਆਂ ਡਾਂਸ ਵੰਨਗੀਆਂ ਦਾ ਸਮਾਗਮ ਵਿੱਚ ਬੈਠੇ ਬੱਚਿਆਂ ਦੇ ਮਾਤਾ ਪਿਤਾ ਅਤੇ ਸਾਰੇ ਮਹਿਮਾਨਾਂ ਨੇ ਖੂਬ ਆਨੰਦ ਮਾਣਿਆ।ਇਸ ਸਮਾਗਮ ਵਿੱਚ ਪ੍ਰਮੋਦ ਭਾਟੀਆ (ਚੇਅਰਮੈਨ ਸਪੋਰਟ ਸੈੱਲ ਪੰਜਾਬ) ਨਰੇਸ਼ ਪਾਠਕ (ਮੈਂਬਰ ਆਫ ਪੰਜਾਬ ਸੁਬਾਰਡੀਨੇਟ ਸਲੈਕਸ਼ਨ ਬੋਰਡ), ਸਰਬਜੀਤ ਸਿੰਘ ਡਿੰਪੀ (ਸ਼ਹਿਰੀ ਪ੍ਰਧਾਨ ਆਮ ਆਦਮੀ ਪਾਰਟੀ), ਬਲਦੇਵ ਸਿੰਘ ਗਾਂਧੀ, ਰਾਜੇਸ਼ ਸ਼ਰਮਾ (ਜ਼ਿਲ੍ਹਾ ਸਿੱਖਿਆ ਅਫਸਰ), ਸਰਪੰਚ ਕਿਰਪਾਲ ਸਿੰਘ ਰਾਮ ਦਿਵਾਲੀ (ਪ੍ਰਧਾਨ ਕੰਬੋਜ ਸਭਾ ਅੰਮ੍ਰਿਤਸਰ), ਡਾ: ਇਕਬਾਲ ਸਿੰਘ, ਸ. ਰਘਬੀਰ ਸਿੰਘ, ਪ੍ਰਿੰਸੀਪਲ ਅਮਨਦੀਪ ਕੌਰ (ਸੇਂਟ ਸੋਲਜਰ ਸਕੂਲ ਮਜੀਠਾ) ਅਤੇ ਸਮੂਹ ਪੱਤਰਕਾਰ ਭਾਈਚਾਰਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ! ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਡਾ: ਅਮਰਪ੍ਰੀਤ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਯਾਦਗਾਰੀ ਚਿੰਨ੍ਹ ਮੁਮੈਂਟੋ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੁਆਰਡੀਨੇਟਰ, ਨੀਲਾਕਸ਼ੀ ਗੁਪਤਾ ਕੋਆਰਡੀਨੇਟਰ, ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

# ਮਹਾਨ .ਗਦਰੀ ਬਾਬਾ ਸੁੱਚਾ ਸਿੰਘ ਦੀ ਯਾਦ 'ਚ 16ਵਾਂ ਯਾਦਗਾਰੀ ਸਮਾਗਮ

**ਚੌਹਲਾ ਸਾਹਿਬ** (ਨ ਜ ਸ) ਅਮਰੀਕਾ ਦੇ ਸ਼ਹਿਰ ਸਾਂਨਫਰਾਂਸਿਸਕੋ ਤੋਂ ਸ਼ੁਰੂ ਹੋਈ ਗ਼ਦਰ ਪਾਰਟੀ ਨੇ ਕਰਤਾਰ ਸਿੰਘ ਸਰਾਭਾ ਅਤੇ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਵਿੱਚ 1915 'ਚ ਅੰਗਰੇਜ਼ ਸਾਮਰਾਜ ਤੋਂ ਭਾਰਤ ਦੀ ਅਜ਼ਾਦੀ ਦੀ ਲੜਾਈ ਨੂੰ ਇੰਨਾ ਪ੍ਰਚੰਡ ਕਰ ਦਿੱਤਾ ਸੀ ਕਿ ਹਰ ਪਰਵਾਸੀ ਪੰਜਾਬੀ ਇਸ ਲੜਾਈ 'ਚ ਕੁੱਦਣ ਲਈ ਆਪ ਮੁਹਾਰੇ ਤਿਆਰ ਹੋ ਗਿਆ।ਅਮਰੀਕਾ ਕੈਨੇਡਾ ਆਦਿਕ ਦੇਸ਼ਾਂ ਤੋਂ ਸਾਡੇ ਅੱਠ ਹਜ਼ਾਰ ਤੋਂ ਵੱਧ ਪਰਵਾਸੀ ਭਾਰਤੀਆਂ ਤੇ ਖਾਸ ਕਰ ਪੰਜਾਬੀਆਂ ਨੇ ਅੰਗਰੇਜ ਹਕੂਮਤ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕਾਉਣ 'ਚ ਵਡਮੁੱਲਾ ਯੋਗਦਾਨ ਪਾਇਆ।ਇਸ ਲਹਿਰ ਤੋਂ ਪ੍ਰਭਾਵਿਤ ਹੋ ਕੇ ਚੋਹਲਾ ਸਾਹਿਬ ਨਿਵਾਸੀ ਬਾਬਾ ਸੁੱਚਾ ਸਿੰਘ ਉਸ ਸਮੇਂ ਅੰਗਰੇਜ਼ੀ ਫੌਜ 'ਚ ਨੌਕਰੀ ਕਰ ਰਹੇ ਸਨ, ਇਥੇ ਕਾਮਾਗਾਟਾਮਾਰੂ ਸਾਕੇ ਨੇ ਪੰਜਾਬੀਆਂ ਨੂੰ ਵਲੂੰਧ ਦਿੱਤਾ ਤਾਂ ਬਾਬਾ ਸੁੱਚਾ ਸਿੰਘ ਵੀ ਗ਼ਦਰੀਆਂ ਨਾਲ ਰਲ ਗਏ।ਚੱਲ ਰਹੇ ਸੰਘਰਸ਼ ਦੌਰਾਨ ਜਦੋਂ ਬਹੁਤ ਸਾਰੇ ਗ਼ਦਰੀ ਯੋਧੇ ਫੜੇ ਗਏ ਤਾਂ ਬਾਬਾ ਸੁੱਚਾ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਦੂਜੇ ਸਾਜਿਸ਼ ਕੇਸ ਵਿੱਚ ਉਮਰ ਕੈਦ ਜਲਾਵਤਨੀ ਦੀ ਸਜ਼ਾ ਦੇ ਕੇ ਹਜ਼ਾਰੀ ਬਾਗ ਵਿੱਚ ਭੇਜਿਆ ਗਿਆ ਜਿੱਥੇ ਉਨ੍ਹਾ ਨੇ ਸਾਥੀਆਂ ਨਾਲ ਮਿਲ ਕੇ ਉਮਰ ਕੈਦ ਭੁਗਤ ਰਹੇ ਦੂਜੇ ਸਾਥੀਆਂ ਨਾਲ ਹਜ਼ਾਰੀ ਬਾਗ ਜੇਲ੍ਹ ਤੋੜ ਕੇ ਫਰਾਰ ਹੋ ਗਏ ਸਨ ਉਹ ਦੇਸ਼ ਦੀ ਅਜ਼ਾਦੀ ਤੱਕ ਰੂਹਪੋਸ਼ ਰਹੇ ਅਤੇ ਦੇਸ਼ ਅਜ਼ਾਦ ਹੋਣ ਬਾਅਦ ਰਿਹਾ ਹੋਏ।ਅਜਿਹੇ ਲਾਸਾਨੀ ਸੂਰਬੀਰ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦੇਸ਼ ਭਗਤ ਸੁੱਚਾ ਸਿੰਘ ਯਾਦਗਾਰੀ ਸੁਸਾਇਟੀ ਚੋਹਲਾ ਸਾਹਿਬ ਵੱਲੋਂ ਚੋਹਲਾ ਸਾਹਿਬ ਵਿਖੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਮਨਾਇਆ ਗਿਆ।ਇਸ ਸਮੇਂ ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ।ਇਸ ਵਾਰ ਦਾ ਸਮੁੱਚਾ ਪ੍ਰੋਗਰਾਮ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੇ 350 ਸਾਲ ਨੂੰ ਸਮਰਪਿਤ ਕੀਤਾ ਗਿਆ। ਇਸ ਸਮੇਂ ਸਕੂਲੀ ਵਿਦਿਆਰਥੀਆਂ ਦੇ ਵੱਖ-ਵੱਖ ਤਰਾਂ ਦੇ ਮੁਕਾਬਲੇ ਕਰਵਾਏ ਗਏ। ਬੱਚਿਆਂ ਦੇ ਸੀਨੀਅਰ ਤੇ ਜੂਨੀਅਰ ਗਰੁੱਪਾਂ ਦੇ ਕੁਇਜ, ਸੁੰਦਰ ਸਿਖਾਈ, ਲੇਖ ਲਿਖਣ, ਕਵੀਸ਼ਰੀ ਤੇ ਦੇਸ਼ ਭਗਤੀ ਦੇ ਗੀਤਾਂ ਦੇ ਬਹੁਤ ਰੌਚਕ ਮੁਕਾਬਲੇ ਕਰਵਾਏ ਗਏ ਜਿੰਨਾਂ ਵਿੱਚ ਇਲਾਕੇ ਦੀਆਂ ਸਾਰੀਆਂ ਨਾਮਵਰ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਇਸ ਮੌਕੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਕਮੇਟੀ ਵੱਲੋਂ ਵਿਸ਼ੇਸ਼ ਰੂਪ ਵਿੱਚ ਪਹੁੰਚੇ ਇਤਿਹਾਸਕਾਰੀ ਚਿਰੰਜੀ ਲਾਲ ਕੰਗਣੀਵਾਲ ਨੇ ਸੰਬੋਧਿਤ ਹੁੰਦਿਆਂ ਕਿਹਾ ਕਿ ਸਾਡੇ ਮਹਾਨ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ਼ ਬਹਾਦਰ ਅਤੇ ਉਹਨਾਂ ਨਾਲ ਸ਼ਹੀਦ ਹੋਏ ਸਿੱਖਾਂ ਦੀਆਂ ਕੁਰਬਾਨੀਆਂ ਸਦਕਾ ਅੱਜ ਅਸੀਂ ਸਿਰ ਉਠਾ ਕੇ ਜਿਉਣਾਂ ਸਿੱਖਿਆ ਹੈ ਤੇ ਕਦੇ ਕਿਸੇ ਦੀ ਈਨ ਨਹੀਂ ਮੰਨੀ ਤੇ ਹਮੇਸ਼ਾ ਜਬਰ ਜੁਲਮ ਦੇ ਖਿਲਾਫ਼ ਅਵਾਜ਼ ਉਠਾਈ ਹੈ।ਬਾਬਾ ਸੁੱਚਾ ਸਿੰਘ ਦੀ ਲਾਸਾਨੀ ਘਾਲਣਾ ਨੇ ਦੱਬੇ ਕੁਚਲੇ ਲੋਕਾਂ ਨੂੰ ਜਗਾਉਣ ਵਿੱਚ ਵੱਡਾ ਯੋਗਦਾਨ ਪਾਇਆ। ਗ਼ਦਰ ਪਾਰਟੀ ਦੇ ਸੂਰਬੀਰ ਯੋਧਿਆਂ ਦੀਆਂ ਲਾਸਾਨੀ ਕੁਰਬਾਨੀਆਂ ਅੱਗੇ ਜਿੱਥੇ ਅਸੀ ਸਿਰ ਝੁਕਾਉਂਦੇ ਹਾਂ ਉੱਥੇ ਅੱਜ ਫਿਰ ਕਾਰਪੋਰੇਟਾਂ ਵੱਲੋਂ ਦੇਸ਼ ਦੀ ਕੀਤੀ ਜਾ ਰਹੀ ਲੁੱਟ ਨੂੰ ਰੋਕਣ ਲਈ ਗ਼ਦਰੀ ਬਾਬਿਆਂ ਵਰਗੇ ਜਜ਼ਬੇ ਦੀ ਲੋੜ ਹੈ।ਸੁਸਾਇਟੀ ਦੇ ਪ੍ਰਧਾਨ ਚਰਨਜੀਤ ਸਿੰਘ ਬਰਾੜ, ਖਜਾਨਚੀ ਅਮਰੀਕ ਸਿੰਘ, ਸਕੱਤਰ ਕਸ਼ਮੀਰ ਸਿੰਘ ਸੰਧੂ, ਸਰਪੰਚ ਕੇਵਲ ਕ੍ਰਿਸ਼ਨ ਨਈਅਰ, ਮਾਸਟਰ ਮਨਿਦਰ ਸਿੰਘ, ਕਮਲਵੀਰ ਸਿੰਘ ਪਨੂੰ ਅਤੇ ਡਾ. ਸ਼ੈਲੇਸ਼ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।





## ਦੋ ਨਾਬਾਲਗ ਲੜਕੀਆਂ ਜੰਮੂ-ਕਸ਼ਮੀਰ ਤੋਂ ਬਰਾਮਦ

**ਜਲੰਧਰ** (ਸੁਰਿੰਦਰ ਕੁਮਾਰ)- ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਕੁਝ ਦਿਨ ਪਹਿਲਾਂ ਲਾਪਤਾ ਹੋਈਆਂ ਦੋ ਨਾਬਾਲਗ ਲੜਕੀਆਂ ਨੂੰ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਮੁੱਕਦਮਾ ਥਾਣਾ ਡਿਵੀਜ਼ਨ ਨੰਬਰ 8, ਜਲੰਧਰ ਵਿੱਚ ਦਰਜ ਕੀਤੀ ਗਈ ਸੀ, ਜਦੋਂ ਦੋ ਨਾਬਾਲਗ ਲੜਕੀਆਂ ਉਮਰ 14 ਅਤੇ 16 ਸਾਲ ਸਕੂਲ ਤੋਂ ਵਾਪਸ ਆਉਂਦੇ ਸਮੇਂ ਲਾਪਤਾ ਹੋ ਗਈਆਂ ਸਨ। ਸੂਚਨਾ ਮਿਲਦੇ ਹੀ ਥਾਣਾ ਡਿਵੀਜ਼ਨ ਨੰਬਰ 8 ਦੀ ਪੁਲਿਸ ਟੀਮ ਨੇ ਏ.ਡੀ.ਸੀ.ਪੀ.-1 ਅਤੇ ਏ.ਸੀ.ਪੀ. ਨਾਰਥ ਦੀ ਅਗਵਾਈ ਹੇਠ ਤੁਰੰਤ ਜਾਂਚ ਸ਼ੁਰੂ ਕੀਤੀ ਅਤੇ ਕਈ ਸੰਦੇਹਜਨਕ ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਕਠੂਆ, ਜੰਮੂ ਤੇ ਕਸ਼ਮੀਰ ਵਿੱਚ ਸੰਯੁਕਤ ਕਾਰਵਾਈ ਦੌਰਾਨ ਪੁਲਿਸ ਨੇ ਦੋਵੇਂ ਨਾਬਾਲਗ ਲੜਕੀਆਂ ਨੂੰ ਸੁਰੱਖਿਅਤ ਬਰਾਮਦ ਕਰ ਲਿਆ ਅਤੇ ਘਟਨਾ ਵਿੱਚ ਸ਼ਾਮਲ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮਾਮਲੇ ਦੀ ਅੱਗੇ ਜਾਂਚ ਜਾਰੀ ਹੈ।

## ਅਹਿਰਾਣਾ ਖੁਰਦ 'ਚ ਸਾਲਾਨਾ ਭੰਡਾਰਾ ਤੇ ਸੱਭਿਆਚਾਰਕ ਮੇਲਾ

**ਕਾਲਾ ਸੰਘਿਆਂ** (ਮਨਜੀਤ ਮਾਨ) ਇਸ ਸਾਲ ਵੀ ਮੇਲੇ ਦੀ ਅਗਵਾਈ ਹਮੇਸ਼ਾ ਕਰਦੇ ਗੱਦੀਨਸ਼ੀਨ ਸੰਤ ਸੁਲਿੰਦਰ ਪਾਲ ਅਤੇ ਦਰਬਾਰ ਮੁੱਖ ਸੇਵਾਦਾਰ ਬੀਬੀ ਬਲਵਿੰਦਰ ਕੌਰ ਮੇਲੇ ਵਿੱਚ ਪਹੁੰਚੇ। ਸੂਫ਼ੀ ਗਾਇਕ ਪ੍ਰਵੇਜ਼ ਆਲਮ ਅਤੇ ਪੰਜਾਬੀ ਗਾਇਕ ਅਮਰੀਕ ਮਾਈਕਲ ਅਤੇ ਅਲੇਕਸ ਕੋਟੀ ਦੋਗਾਣਾ ਜੋੜੀ ਗਿੱਲ ਬਲਕਾਰ ਸਤਿੰਦਰ ਗਿੱਲ, ਸੂਫ਼ੀ ਗਾਇਕਾ ਲਵਿਸ਼ ਚੌਹਾਨ, ਹਮੇਸ਼ ਅਘੋਰੀਆ, ਨਵਾਬ ਗਿੱਲ, ਗਾਇਕ ਜੋੜੀ ਅਮਰੀਕ ਬਲ ਮਨਜੀਤ ਸੋਨੀਆ, ਜੀਤਾ ਪਵਾਰ, ਚੰਨੀ ਗਿੱਲ, ਗਾਇਕ ਜੋੜੀ ਧੀਰਾ ਸਿੱਧੂ ਚਾਂਦਨੀ ਸਿਤਾਰਾ, ਸਟੇਜ ਸੈਕਟਰੀ ਦੀ ਸੇਵਾ ਨਿਭਾਈ ਸਾਬੀ ਬਰਾੜ ਅਤੇ ਨਿਰਮਲ ਨਿੱਕਾ ਨੇ। ਗਾਇਕ ਰਾਜਿੰਦਰ ਰਾਜਨ, ਰਵੀ ਸਹੋਤਾ, ਸਨੀ ਜਲੰਧਰੀ, ਓਮ ਜੀਤ ਓਮੀ, ਸੁਰਜੀਤ ਬਾਲੂ ਇਹ ਸਾਰੇ ਕਲਾਕਾਰਾਂ ਨੇ ਗਾ ਕੇ ਹਾਜ਼ਰੀ ਲਗਵਾਈ ਅਤੇ ਅਲੱਗ ਅਲੱਗ ਦਰਬਾਰਾਂ ਤੋਂ ਸੰਤ ਮਹਾਪੁਰਸ਼ ਫ਼ਕੀਰ ਲੋਕ ਤੇ ਮੇਲੇ ਵਿੱਚ ਪਹੁੰਚੇ। ਬਾਬਾ ਜੀ ਦਾ ਅਟੁੱਟ ਲੰਗਰ ਵੀ ਵਰਤਾਇਆ ਗਿਆ। ਅਤੇ ਮੇਲੇ ਵਿੱਚ ਇਲਾਕੇ ਦੀਆਂ ਸੰਗਤਾਂ ਅਤੇ ਐਨ ਆਰ ਆਈ ਪਰਵਾਰਾਂ ਨੇ ਸਹਿਯੋਗ ਦਿੱਤਾ ਅਤੇ ਸੰਤ ਬਾਬਾ ਸੁਲਿੰਦਰ ਪਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ।



## ਵਿਧਾਇਕ ਡਾਕਟਰ ਚਰਨਜੀਤ ਸਿੰਘ ਦੀ ਗੱਡੀ ਦੀ ਕਾਰ ਨਾਲ ਟੱਕਰ

**ਸ੍ਰੀ ਚਮਕੌਰ ਸਾਹਿਬ** (ਗੁਰਵਿੰਦਰਪਾਲ ਸਿੰਘ ਬੌਬੀ):- ਹਲਕਾ ਵਿਧਾਇਕ ਡਾ ਚਰਨਜੀਤ ਸਿੰਘ ਦੀ ਗੱਡੀ ਇੱਥੋਂ ਦੇ ਨਹਿਰੀ ਪੁਲ 'ਤੇ ਸਾਹਮਣੇ ਤੋਂ ਆ ਰਹੀ ਇੱਕ ਕਾਰ ਵਿੱਚ ਵੱਜਣ ਕਾਰਨ ਜਿੱਥੇ ਕਾਰ ਨੁਕਸਾਨੀ ਗਈ, ਉੱਥੇ ਹੀ ਕਾਰ ਵਿੱਚ ਸਵਾਰ ਇੱਕ ਔਰਤ ਦੇ ਕਾਫੀ ਸੱਟਾਂ ਲੱਗੀਆਂ ਜਿਨ੍ਹਾਂ ਨੂੰ ਇਲਾਜ ਲਈ ਸਥਾਨਕ ਸਰਕਾਰੀ ਹਸਪਤਾਲ ਲਿਆਂਦਾ ਗਿਆ। ਹਸਪਤਾਲ ਦੇ ਡਾਕਟਰਾਂ ਵੱਲੋਂ ਉਕਤ ਜਖ਼ਮੀ ਔਰਤ ਨੂੰ ਸਰਕਾਰੀ ਹਸਪਤਾਲ ਰੂਪਨਗਰ ਵਿਖੇ ਭੇਜ ਦਿੱਤਾ ਗਿਆ ਹੈ। ਇਸ ਸਬੰਧੀ ਵਿਧਾਇਕ ਨੇ ਕੋਈ ਵੀ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ। ਮੌਕੇ 'ਤੇ ਮੌਜੂਦ ਪ੍ਰਤੱਖ ਦਰਸ਼ੀਆਂ ਅਨੁਸਾਰ ਵਿਧਾਇਕ ਡਾ ਚਰਨਜੀਤ ਸਿੰਘ ਆਪਣੀ ਸਰਕਾਰੀ ਇਨੋਵਾ ਗੱਡੀ ਨੰਬਰ ਪੀ ਵੀ- 65 ਐਫ - 0891 ਵਿੱਚ ਕਸਬਾ ਬੇਲਾ ਤੋਂ ਇੱਕ ਪ੍ਰੋਗਰਾਮ ਉਪਰੰਤ ਵਾਪਸ ਚਮਕੌਰ ਸਾਹਿਬ ਆ ਰਹੇ ਸਨ ਅਤੇ ਜਿਉਂ ਹੀ ਉਨ੍ਹਾਂ ਦੀ ਇਨੋਵਾ ਗੱਡੀ ਨੇ ਇਥੇ ਸਰਹਿੰਦ ਨਹਿਰ ਦੇ ਪੁਲ ਨੂੰ ਪਾਰ ਕੀਤਾ ਤਾਂ ਉਨ੍ਹਾਂ ਦੀ ਗੱਡੀ ਚਮਕੌਰ ਸਾਹਿਬ ਤੋਂ ਰੂਪਨਗਰ ਵੱਲ ਜਾ ਰਹੀ ਇੱਕ ਆਈ 20 ਕਾਰ ਨੰਬਰ ਪੀਬੀ 71 ਏ 7470 ਨਾਲ ਸਿੱਧੀ ਟਕਰਾ ਗਈ, ਜਿਸ ਕਾਰਨ ਕਾਰ ਵਿੱਚ ਸਵਾਰ ਪਿੰਡ ਮਾਣੇਮਾਜਰਾ ਦੀ ਵਸਨੀਕ ਔਰਤ ਜਸਪਾਲ ਕੌਰ ਗੰਭੀਰ ਸੱਟਾਂ ਲੱਗਣ ਕਾਰਨ ਜਖ਼ਮੀ ਹੋ ਗਈ। ਥਾਣਾ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਜਖ਼ਮੀ ਔਰਤ ਠੀਕ ਹਾਲਤ ਵਿੱਚ ਹਨ।



## ਸੰਵਿਧਾਨ ਦਿਵਸ 'ਤੇ ਸ੍ਰੀ ਖੁਰਾਲਗੜ੍ਹ ਵਿਖੇ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਕੀਤਾ ਯਾਦ

**ਹੁਸ਼ਿਆਰਪੁਰ** (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ) ਸੰਵਿਧਾਨ ਦਿਵਸ ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਧਰਤੀ ਇਤਿਹਾਸਕ ਅਸਥਾਨ ਸੱਚਖੰਡ ਬੇਗਮਪੁਰਾ ਸਤਿਸੰਗ ਸ੍ਰੀ ਚਰਨਛੋਹ ਖੁਰਾਲਗੜ ਸਾਹਿਬ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਪੰਜਾਬ ਨੇ ਕਿਹਾ ਕਿ ਸੰਵਿਧਾਨ ਭਾਰਤ ਦੇ ਕਰੋੜਾਂ ਆਦਿ ਵਾਸੀਆਂ, ਮੂਲ ਨਿਵਾਸੀਆਂ ਲਈ ਵਰਦਾਨ ਹੈ।ਸੰਵਿਧਾਨ ਦੇਸ਼ ਦੇ ਹਰ ਵਿਅਕਤੀ ਦੇ ਹੱਕਾਂ ਦੀ ਬਿਨਾਂ ਕਿਸੇ ਭੇਦ ਭਾਵ ਦੇ ਰਾਖੀ ਕਰਦਾ ਹੈ, ਸੰਵਿਧਾਨਕ ਕਦਰਾਂ-ਕੀਮਤਾਂ ਦੀ ਕਿਸੇ ਤਰਾਂ ਵੀ ਉਲੰਘਣਾ ਨਹੀਂ ਹੋਣੀ ਚਾਹੀਦੀ ਕਿਉਂਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਲੰਮੇ ਸਮੇਂ ਦੇ ਸੰਘਰਸ਼ ਤੋਂ ਬਾਅਦ ਸੰਵਿਧਾਨ ਦੇ ਰੂਪ ਵਿੱਚ ਦੇਸ਼ ਨੂੰ ਸਮਾਨਤਾ, ਆਜ਼ਾਦੀ ਅਤੇ ਭਾਈਚਾਰੇ ਦਾ ਪੈਗਾਮ ਸੌਂਪਿਆ ਸੀ।ਇਸ ਪਵਿੱਤਰ ਦਸਤਾਵੇਜ਼ ਦੇ ਸਿਧਾਂਤਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਵਾਉਣ ਲਈ ਸਮਾਜ ਨੂੰ ਹਮੇਸ਼ਾਂ ਯਤਨਸ਼ੀਲ ਰਹਿਣਾ ਚਾਹੀਦਾ ਹੈ। ਇਸ ਮੌਕੇ ਨਰਿੰਦਰਪਾਲ ਸਿੰਘ ਖੇਤਾਨ ਨੇ ਕਿਹਾ ਕਿ ਸੱਚਖੰਡ ਬੇਗਮਪੁਰਾ ਸਤਿਸੰਗ ਸ੍ਰੀ ਚਰਨਛੋਹ ਖੁਰਾਲਗੜ ਸਾਹਿਬ ਵਿਖੇ ਸੰਤਾਂ ਮਹਾਂਪੁਰਸ਼ਾਂ ਵੱਲੋਂ ਆਰੰਭ ਕੀਤੀ ਸੇਵਾ ਪ੍ਰਤੀ ਸੰਗਤਾਂ ਵਿੱਚ ਭਾਰੀ ਉਤਸ਼ਾਹ ਅਤੇ ਸ਼ਰਧਾ ਹੈ।ਉਨ੍ਹਾਂ ਕਿਹਾ ਡਾ.ਅੰਬੇਡਕਰ ਸਾਹਿਬ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਸਮਾਜ ਨੂੰ ਸਿੱਖਿਅਤ ਬਣਾਉਣਾ ਬਹੁਤ ਜਰੂਰੀ ਹੈ, ਜਿਸ ਲਈ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਹਮੇਸ਼ਾ ਯਤਨਸ਼ੀਲ ਹੈ।ਇਸ ਮੌਕੇ ਰਵੀ ਰਕੜਾਂ, ਰਾਹੁਲ ਧੀਰ, ਲਖਵੀਰ ਨੈਨਵਾਂ ਵੀ ਹਾਜ਼ਰ ਸਨ।



## ਸਹਾਇਕ ਕਮਿਸ਼ਨਰ ਨੇ ਅੰਗ ਦਾਨ ਦਾ ਆਨਲਾਈਨ ਸਹੁੰ ਫਾਰਮ ਭਰ ਕੇ ਪੇਸ਼ ਕੀਤੀ ਮਿਸਾਲ

**ਹੁਸ਼ਿਆਰਪੁਰ** (ਬਲਵੀਰ ਸਿੰਘ ਸੈਣੀ)- ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਅੰਗਦਾਨ ਸੰਕਲਪ ਮੁਹਿੰਮ, ਜੋ ਕਿ 19 ਨਵੰਬਰ 2025 ਤੋਂ ਪੰਜਾਬ ਭਰ ਵਿੱਚ ਸ਼ੁਰੂ ਕੀਤੀ ਗਈ ਹੈ, ਤਹਿਤ ਵੀਰਵਾਰ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਹ ਮੀਟਿੰਗ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਅਸ਼ੋਕ ਚੱਕਰ ਮੀਟਿੰਗ ਹਾਲ ਵਿੱਚ ਵਧੀਕ ਕਮਿਸ਼ਨਰ (ਜ) ਪਰਮਪ੍ਰੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਸਿਹਤ ਵਿਭਾਗ (ਨੋਡਲ ਵਿਭਾਗ ਵਜੋਂ) ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ ਅਤੇ ਅੰਗਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਨੁਮਾਇੰਦੇ ਵੀ ਮੌਜੂਦ ਸਨ।ਮੀਟਿੰਗ ਦੌਰਾਨ ਸਹਾਇਕ ਕਮਿਸ਼ਨਰ (ਜ) ਪਰਮਪ੍ਰੀਤ ਸਿੰਘ ਨੇ ਸਾਰੇ ਵਿਭਾਗਾਂ ਦੇ ਨੁਮਾਇੰਦਿਆਂ ਨੂੰ ਇਸ ਮਹੱਤਵਪੂਰਨ ਸਮਾਜਿਕ ਮੁਹਿੰਮ ਵਿੱਚ ਸਰਗਰਮ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪਰਮਪ੍ਰੀਤ ਸਿੰਘ ਨੇ ਖ਼ੁਦ ਸਭ ਤੋਂ ਪਹਿਲਾਂ ਆਨਲਾਈਨ ਅੰਗਦਾਨ ਸਹੁੰ ਫਾਰਮ ਭਰ ਕੇ ਲੋਕਾਂ ਲਈ ਇਕ ਮਿਸਾਲ ਕਾਇਮ ਕੀਤੀ। ਉਨ੍ਹਾਂ ਕਿਹਾ ਕਿ ਸਾਰੇ ਸਰਕਾਰੀ ਕਰਮਚਾਰੀ ਅਤੇ ਅਧਿਕਾਰੀ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਭਾਗ ਲੈਣ ਤਾਂ ਜੋ ਸਮਾਜ ਵਿੱਚ ਅੰਗ ਦਾਨ ਪ੍ਰਤੀ ਸਕਾਰਾਤਮਕ ਸੋਚ ਵਿਕਸਤ ਕੀਤੀ ਜਾ ਸਕੇ। ਸਹਾਇਕ ਸਿਵਲ ਸਰਜਨ ਡਾ. ਅਜੇ ਬਸਰਾ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਮੁਹਿੰਮ ਤਹਿਤ ਹੁਣ ਤੱਕ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਲੱਗਭਗ 785 ਲੋਕਾਂ ਨੇ ਆਨਲਾਈਨ ਅੰਗਦਾਨ ਸਹੁੰ ਫਾਰਮ ਭਰਿਆ ਹੈ, ਜਦੋਂ ਕਿ ਪੂਰੇ ਪੰਜਾਬ ਵਿੱਚ ਲੱਗਭਗ 9150 ਲੋਕ ਇਸ ਮੁਹਿੰਮ ਵਿੱਚ ਸ਼ਾਮਿਲ ਹੋਏ ਹਨ।



## ਸਿਰਤਾਰ ਸੰਸਥਾਨ ਨੂੰ ਸਟੇਟ ਆਫ਼ ਦ ਆਰਟ ਸੰਸਥਾਨ ਦੇ ਤੌਰ 'ਤੇ ਵਿਕਸਿਤ ਕੀਤਾ ਜਾਵੇਗਾ : ਕ੍ਰਿਸ਼ਨ ਕੁਮਾਰ ਬੇਦੀ

**ਚੰਡੀਗੜ੍ਹ** (ਕ੍ਰਿਸ਼ਨ ਗਰਗ)- ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ, ਅਨੁਸੂਚਿਤ ਜਾਤਿਆਂ ਅਤੇ ਪਿਛੜੇ ਵਰਗ ਭਲਾਈ ਅਤੇ ਅੰਤਯੋਦਿਆ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਕਿਹਾ ਕਿ ਰੋਹਤਕ ਸਥਿਤ ਸਟੇਟ ਇੰਸਟਿਚਿਊਟ ਫਾਰ ਰਿਹੈਬਿਲਿਟੇਸ਼ਨ, ਰਿਸਰਚ ਅਤੇ ਟ੍ਰੇਨਿੰਗ (ਸਿਰਤਾਰ) ਨੂੰ ਆਧੁਨਿਥ ਸੰਸਥਾਨ ਵੱਜੋਂ ਵਿਕਸਿਤ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸਿਰਤਾਰ ਸੰਸਥਾਨ ਨੂੰ ਇੱਕ ਮਜਬੂਤ ਆਧਾਰਭੂਤ ਢਾਂਚੇ ਨਾਲ ਆਧੁਨਿਕ ਸਹੂਲਤਾਂ ਨਾਲ ਵੀ ਲੈਸ ਕੀਤਾ ਜਾਵੇਗਾ ਤਾਂ ਜੋ ਇਸ ਰਾਸ਼ਟਰੀ ਪੱਧਰ 'ਤੇ ਮਹੱਤਵਪੂਰਨ ਸੰਸਥਾਨ ਵੱਜੋਂ ਪਛਾਣ ਦਿਲਾਈ ਜਾ ਸਕੇ। ਸ੍ਰੀ ਕ੍ਰਿਸ਼ਣ ਬੇਦੀ ਚੰਡੀਗੜ੍ਹ ਵਿੱਚ ਰਾਜ ਪੁਨਰਵਾਸ, ਸਿਖਲਾਈ ਅਤੇ ਸ਼ੋਧ ਸੰਸਥਾਨ (ਸਿਰਤਾਰ ਸੰਸਥਾਨ, ਰੋਹਤਕ) ਦੇ ਅਧਿਕਾਰਿਆਂ ਸੰਗ ਸ਼ਾਸੀ ਸੰਗਠਨ ਦੀ 7ਵੀਂ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਬੱਚਿਆਂ ਵਿੱਚ ਦਿਵਿਆਂਗਤਾ ਨਾਲ ਜੁੜੇ ਵਿਸ਼ੇ ਜਿਵੇਂ ਅਰਲੀ ਡਾਇਗਨੋਸਿਸ, ਅਸੇਸਮੈਂਟ, ਥੈਰਪੀ ਅਤੇ ਟ੍ਰੀਟਮੇਂਟ ਦੀ ਸਹੂਲਤਾਂ ਵੀ ਸਿਰਤਾਰ ਸੰਸਥਾਨ ਵਿੱਚ ਉਪਲਬਧ ਕਰਵਾਈ ਜਾਵੇਗੀ।

## ਸਮਰਪਣ ਕਰੋ, ਮੁੱਖ ਧਾਰਾ ਵਿੱਚ ਸ਼ਾਮਲ ਹੋਵੋ ਜਾਂ ਪੰਜਾਬ ਛੱਡੋ : ਵਿਧਾਇਕ ਭੁੱਲਰ

**ਚੰਡੀਗੜ੍ਹ** (ਗੁਰਜੀਤ ਬਿੱਲਾ)- ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿੱਚ ਗੈਂਗਸਟਰਵਾਦ, ਡਰੱਗ ਨੈੱਟਵਰਕ ਅਤੇ ਹਰ ਤਰ੍ਹਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਵਿਰੁੱਧ ਮਾਨ ਸਰਕਾਰ ਦੇ ਅਟੱਲ ਸਟੈਂਡ ਦੀ ਪੁਸ਼ਟੀ ਕੀਤੀ। ਮੀਡੀਆ ਨੂੰ ਸੰਬੋਧਨ ਕਰਦੇ ਹੋਏ ਆਪ ਵਿਧਾਇਕ ਜਗਦੀਪ ਸਿੰਘ ਗੋਲਡੀ ਕੰਬੋਜ (ਜਲਾਲਾਬਾਦ) ਅਤੇ ਰਣਬੀਰ ਸਿੰਘ ਭੁੱਲਰ (ਫਿਰੋਜ਼ਪੁਰ) ਨੇ ਆਰ ਐਸ ਐਸ ਨੇਤਾ ਦੇ ਬੇਟੇ ਨਵੀਨ ਅਰੋੜਾ ਦੇ ਹਾਲ ਹੀ ਵਿੱਚ ਹੋਏ ਕਤਲ ਵਿੱਚ ਸ਼ਾਮਲ ਮੁੱਖ ਸ਼ੂਟਰ ਦਾ ਐਨਕਾਊਂਟਰ ਕਰਨ ਲਈ ਪੰਜਾਬ ਪੁਲਿਸ ਦੀ ਪ੍ਰਸ਼ੰਸਾ ਕੀਤੀ।ਵਿਧਾਇਕ ਗੋਲਡੀ ਕੰਬੋਜ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਤੋਂ ਵਿਰਾਸਤ ਵਿੱਚ ਮਿਲੇ ਗੈਂਗਸਟਰ ਸੱਭਿਆਚਾਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਅਧੀਨ ਯੋਜਨਾਬੱਧ ਢੰਗ ਨਾਲ ਖਤਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 15 ਨਵੰਬਰ ਨੂੰ ਫਿਰੋਜ਼ਪੁਰ ਵਿੱਚ ਨਵੀਨ ਅਰੋੜਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਅਤੇ ਅੱਜ ਪੰਜਾਬ ਪੁਲਿਸ ਨੇ ਮੁੱਖ ਸ਼ੂਟਰ ਬਾਦਲ ਨੂੰ ਪੁਲਿਸ ਕਾਰਵਾਈ ਦੌਰਾਨ ਬੇਅਸਰ ਕਰ ਦਿੱਤਾ। ਕੰਬੋਜ ਨੇ ਕਿਹਾ ਕਿ ਪੰਜਾਬ ਸਰਕਾਰ ਪੰਜਾਬੀਆਂ 'ਤੇ ਕਿਸੇ ਵੀ ਹਮਲੇ ਨੂੰ ਬਰਦਾਸ਼ਤ ਨਹੀਂ ਕਰੇਗੀ, ਭਾਵੇਂ ਉਹ ਨਸ਼ਿਆਂ, ਕਾਨੂੰਨ ਵਿਵਸਥਾ ਜਾਂ ਗੈਂਗਸਟਰਵਾਦ ਨਾਲ ਸਬੰਧਤ ਹੋਵੇ। ਸੁਨੇਹਾ ਸਪੱਸ਼ਟ ਹੈ: ਜੋ ਲੋਕ ਪੰਜਾਬ ਵਿੱਚ ਰਹਿਣਾ ਚਾਹੁੰਦੇ ਹਨ ਉਨ੍ਹਾਂ ਨੂੰ ਕਾਨੂੰਨ ਦੀ ਪਾਲਣਾ ਕਰਨੀ ਪਵੇਗੀ। ਜੋ ਵੀ ਸੂਬੇ ਦੀ ਸ਼ਾਂਤੀ ਲਈ ਖ਼ਤਰਾ ਹੋਵੇਗਾ, ਉਸ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ।



## 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਖ਼ੂਨ ਦਾਨ ਕੈਂਪ ਲਗਾਇਆ



**ਫਗਵਾੜਾ** (ਡਾ. ਰਮਨ, ਜਸਵਿੰਦਰ ਢੱਡਾ)- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਹਨਾਂ ਦੇ ਨਾਲ ਸ਼ਹੀਦੀਆਂ ਦੇਣ ਵਾਲੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਖੂਨਦਾਨ ਕੈਂਪ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਗਬੋਤਰਾ ਦੀ ਦੇਖ ਰੇਖ ਹੇਠ ਲਗਾਇਆ ਗਿਆ। ਕੌਂਸਲ ਫਾਰ ਬਲੱਡ ਟਰਾਂਸਫਿਊਜਨ ਪੰਜਾਬ ਦੇ ਸਹਿਯੋਗ ਨਾਲ ਲਗਾਏ ਗਏ ਕੈਂਪ ਦੀ ਸ਼ੁਰੂਆਤ ਅਰਦਾਸ ਉਪਰੰਤ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਡਾ. ਐਮ.ਪੀ. ਸਿੰਘ, ਸੁਖਦੇਵ ਸਿੰਘ ਅਕਾਲੀ ਆਗੂ ਅਤੇ ਗੁਰਮੀਤ ਪਲਾਹੀ ਨੇ ਆਪਣੇ ਸੰਬੋਧਨ ਵਿੱਚ ਗੁਰੂ ਸਾਹਿਬ ਦੇ ਜੀਵਨ ਅਤੇ ਉਹਨਾਂ ਦੀ ਵਿਚਾਰਧਾਰਾ ਬਾਰੇ ਚਾਨਣਾ ਪਾਇਆ। ਤਾਰਾ ਚੰਦ ਚੁੰਬਰ ਨੇ ਪ੍ਰਸਾਦ ਦੀ ਸੇਵਾ ਵਰਤਾਈ ਅਤੇ ਕੈਂਪ ਦੀ ਸਫਲਤਾ ਲਈ ਗੁਰੂ ਸਾਹਿਬ ਦਾ ਓਟ ਆਸਰਾ ਮੰਗਿਆ। ਉਪਰੰਤ 48 ਖ਼ੂਨ ਦਾਨੀਆਂ ਨੇ ਆਪਣਾ ਖ਼ੂਨ ਦਾਨ ਕਰਕੇ ਮਨੁੱਖਤਾ ਦੀ ਸੇਵਾ ਵਿੱਚ ਹਿੱਸਾ ਪਾਇਆ। ਅਖੀਰ ਵਿੱਚ ਪ੍ਰਧਾਨ ਮਲਕੀਅਤ ਸਿੰਘ ਰਗਬੋਤਰਾ ਨੇ ਸਮੂਹ ਦਾਨੀ ਸੱਜਣਾਂ, ਪਤਵੰਤਿਆਂ ਅਤੇ ਸਹਿਯੋਗੀਆਂ ਦਾ ਕੈਂਪ ਨੂੰ ਸਫਲ ਬਨਾਉਣ ਵਿੱਚ ਯੋਗਦਾਨ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਹਰਬੰਸ ਲਾਲ, ਅਮਰਜੀਤ ਬਸੂਟਾ, ਰਮਨ ਨਹਿਰਾ, ਮੋਹਨ ਲਾਲ ਤਨੇਜਾ, ਸੁਧਾ ਬੇਦੀ ਸਮੇਤ ਹੋਰ ਪਤਵੰਤੇ ਹਾਜਰ ਸਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਤ ਸਾਲਾਨਾ ਗੁਰਮਤਿ ਸਮਾਗਮ 7 ਨੂੰ

**ਜੇਜੋਂ ਦੋਆਬਾ** (ਨਿਰਮਲ ਸਿੰਘ ਮੁੱਗੋਵਾਲ)- ਧੰਨ- ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਧੰਨ ਧੰਨ ਬਾਬਾ ਨਗਾਹੀਆ ਜੀ, ਬਾਬਾ ਰਤਨ ਸਿੰਘ ਜੀ ਸ਼ਹੀਦ, ਬ੍ਰਹਮ ਗਿਆਨੀ ਬਾਬਾ ਫਤਿਹ ਸਿੰਘ ਜੀ ਅਤੇ ਸੱਚਖੰਡ ਵਾਸੀ ਸੰਤ ਬਾਬਾ ਪਰਮਜੀਤ ਸਿੰਘ ਜੀ ਮਾਹਿਲਪੁਰ ਬੁੰਗੇ ਵਾਲਿਆਂ ਦੀ ਯਾਦ ਵਿੱਚ ਸਾਲਾਨਾ ਜੋੜ ਮੇਲਾ ਅਤੇ ਗੁਰਮਤਿ ਸਮਾਗਮ ਗੁਰਦੁਆਰਾ ਬੁੰਗਾ ਸਾਹਿਬ ਮਾਹਿਲਪੁਰ ਵਿਖੇ 7 ਦਸੰਬਰ ਨੂੰ ਕਰਵਾਇਆ ਜਾ ਰਿਹਾ ਹੈ। ਸੰਤ ਮਾਤਾ ਜਸਪ੍ਰੀਤ ਕੌਰ ਅਤੇ ਸੁਆਮੀ ਬਾਬਾ ਹਰਨਾਮ ਸਿੰਘ ਨੇ ਦੱਸਿਆ ਕਿ 7 ਦਸੰਬਰ ਨੂੰ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ। ਉਸ ਤੋਂ ਬਾਅਦ ਦੁਪਹਿਰ 3 ਵਜੇ ਤੱਕ ਧਾਰਮਿਕ ਦੀਵਾਨ ਸਜਣਗੇ। ਜਿਸ ਵਿੱਚ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ, ਸੰਤ ਸਮਾਜ ਦੋਆਬਾ ਨਿਰਮਲ ਮੰਡਲ ਦੇ ਸੰਤ ਮਹਾਂਪੁਰਖ, ਨਿਹੰਗ ਸਿੰਘ ਜਥੇਬੰਦੀਆਂ ਦੇ ਜਥੇਦਾਰ ਸਾਹਿਬ, ਕੀਰਤਨੀ ਜਥੇ, ਢਾਡੀ ਜਥੇ ਅਤੇ ਕਥਾਵਾਚਕ ਗੁਰਮਤਿ ਵਿਚਾਰਾਂ ਸਰਵਣ ਕਰਾਉਣਗੇ। ਗੁਰੂ ਕੇ ਲੰਗਰ ਅਟੁੱਟ ਚੱਲਣਗੇ। ਇਸ ਸਮਾਗਮ ਦੌਰਾਨ ਲੰਗਰ ਵਰਤਾਉਣ ਦੀ ਸੇਵਾ ਗੁਰਸੇਵਕ ਜਥਾ ਪਿੰਡ ਸਾਹਨੀ ਵੱਲੋਂ ਕੀਤੀ ਜਾਵੇਗੀ। ਜੋੜਿਆਂ ਦੀ ਸੇਵਾ ਪਿੰਡ ਜਾਡਲਾ ਦੇ ਸੇਵਾਦਾਰ ਕਰਨਗੇ ਅਤੇ ਪਾਰਕਿੰਗ ਦੀ ਸੇਵਾ ਬਾਬਾ ਫਤਿਹ ਸਿੰਘ ਜੀ ਗੁਰਮਤਿ ਪ੍ਰਚਾਰ ਸਭਾ ਮਾਹਿਲਪੁਰ ਵੱਲੋਂ ਹੋਵੇਗੀ।

### ਜਨਮ ਦਿਨ ਮੁਬਾਰਕ



ਕਾਮਾਕਸ਼ੀ, ਗੁਰਦਾਸਪੁਰ



ਤਨੀਸ਼ਾ, ਲੁਧਿਆਣਾ

## ਸ੍ਰੀ ਅਨੰਦਪੁਰ ਸਾਹਿਬ ਵਿਚ ਬਣਾਈ ਵਿਧਾਨ ਸਭਾ ਦੇਖਣ ਲਈ ਲੋਕਾਂ ਵਿਚ ਭਾਰੀ ਉਤਸ਼ਾਹ : ਹਰਜੋਤ ਬੈਂਸ

**ਸ੍ਰੀ ਅਨੰਦਪੁਰ ਸਾਹਿਬ** (ਅਰਵਿੰਦਰ ਸਿੰਘ ਬਿੰਦੀ)- ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ, ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਦੱਸਿਆ ਹੈ ਕਿ ਭਾਈ ਜੈਤਾ ਜੀ ਮੈਮੋਰੀਅਲ ਸ੍ਰੀ ਅਨੰਦਪੁਰ ਸਾਹਿਬ ਵਿਚ ਬਣਾਈ ਵਿਧਾਨ ਸਭਾ ਨੂੰ ਆਮ ਲੋਕਾਂ ਲਈ ਖੋਲ੍ਹਿਆ ਗਿਆ ਹੈ। ਇਸ ਤੋਂ ਇਲਾਵਾ ਲਾਈਟ ਐਂਡ ਸਾਊਡ ਸ਼ੋਅ ਅਤੇ ਡਰੋਨ ਸ਼ੋਅ ਵੀ ਲਗਾਤਾਰ 29 ਨਵੰਬਰ ਤੱਕ ਜਾਰੀ ਰਹਿਣਗੇ। ਉਨ੍ਹਾਂ ਨੇ ਦੱਸਿਆ ਕਿ ਦੂਰ ਦੁਰਾਡੀਓਂ ਆਉਣ ਵਾਲੇ ਸ਼ਰਧਾਲੂਆਂ ਦੇ ਠਹਿਰਣ ਲਈ ਟੈਂਟ ਸਿਟੀ ਵਿੱਚ ਮੁਫਤ ਵਿਵਸਥਾ ਕੀਤੀ ਗਈ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਵੱਖ ਵੱਖ ਢੁਕਵੀਆਂ ਥਾਵਾਂ 'ਤੇ ਐਲ ਈ ਡੀ ਲਗਾ ਕੇ ਗੁਰਮਤਿ ਸਮਾਗਮਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਤਾਂ ਜੋ ਸੰਗਤ ਹਰ ਥਾਂ 'ਤੇ ਇਸ ਸਹੂਲਤ ਰਾਹੀਂ ਧਾਰਮਿਕ ਸਮਾਗਮਾਂ ਨੂੰ ਵੇਖ ਸਕੇ।



## ਵਿਰੋਧੀਆਂ ਦਾ ਆਪ ਵਿਰੁੱਧ ਪ੍ਰਚਾਰ ਗੁੰਮਰਾਹਕੁਨ : ਪੰਡੋਰੀ



**ਸ਼ਾਹਕੋਟ** (ਗਿਆਨ ਸੈਦਪੁਰੀ)- ਪੰਜਾਬ ਸਰਕਾਰ ਦੇ 'ਰੰਗਲਾ ਪੰਜਾਬ' ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਸ਼ਾਹਕੋਟ ਦੀਆਂ ਪੰਚਾਇਤਾਂ ਨੂੰ ਚੈੱਕ ਵੰਡ ਸਮਾਰੋਹ ਵਿੱਚ ਕਰੋੜਾਂ ਰੁਪਏ ਦੇ ਚੈੱਕ ਵੰਡੇ ਗਏ। ਸਥਾਨਕ ਪੰਡੋਰੀ ਰਿਜ਼ਾਰਟ ਵਿੱਚ ਬਲਾਕ ਸ਼ਾਹਕੋਟ, ਲੋਹੀਆਂ ਤੇ ਮਹਿਤਪੁਰ ਦੀਆਂ ਪੰਚਾਇਤਾਂ ਨੂੰ ਕ੍ਰਮਵਾਰ 4 ਕਰੋੜ 80 ਲੱਖ, 2 ਕਰੋੜ 96 ਲੱਖ 38 ਹਜਾਰ ਅਤੇ 3 ਕਰੋੜ 28 ਲੱਖ ਦੇ ਚੈੱਕ ਭੇਂਟ ਕੀਤੇ। ਇਸ ਮੌਕੇ ਆਪ ਦੇ ਹਲਕਾ ਇੰਚਾਰਜ ਪਰਮਿੰਦਰ ਸਿੰਘ ਪੰਡੋਰੀ ਨੇ ਅਗਲੀ ਸਰਕਾਰ ਵੀ ਆਮ ਆਦਮੀ ਪਾਰਟੀ ਦੀ ਬਣਨ ਦੀ ਭਵਿੱਖਬਾਣੀ ਕਰਦਿਆਂ ਕਿਹਾ ਕਿ ਪੰਜਾਬ ਦੇ ਕਾਂਗਰਸ ਆਗੂਆਂ ਨੂੰ ਆਪਸੀ ਲੜਾਈ ਤੋਂ ਹੀ ਵਿਹਲ ਨਹੀਂ ਹੈ। ਅਕਾਲੀ ਦਲ ਉਭਰ ਨਹੀਂ ਸਕਿਆ ਤੇ ਭਾਜਪਾ ਨੂੰ ਲੋਕ ਪਸੰਦ ਨਹੀਂ ਕਰਦੇ। ਇਸ ਲਈ ਆਮ ਆਦਮੀ ਪਾਰਟੀ ਦੀ ਜਿੱਤ ਯਕੀਨੀ ਹੈ। ਚੈੱਕ ਵੰਡ ਸਮਾਰੋਹ ਨੂੰ ਆਪ ਦੇ ਹਲਕਾ ਸੰਗਠਨ ਇੰਚਾਰਜ ਹਰਜਿੰਦਰ ਸਿੰਘ ਸੀਚੇਵਾਲ, ਆਪ ਦੇ ਐਸ ਸੀ ਵਿੰਗ ਦੇ ਸੂਬਾ ਆਗੂ ਜਸਵੀਰ ਸਿੰਘ ਜਲਾਲਪੁਰੀ, ਮਾਰਕੀਟ ਕਮੇਟੀ ਸ਼ਾਹਕੋਟ ਦੇ ਚੇਅਰਮੈਨ ਬਲਬੀਰ ਸਿੰਘ ਢੰਡੋਵਾਲ ਅਤੇ ਮਾਰਕੀਟ ਕਮੇਟੀ ਲੋਹੀਆਂ ਦੇ ਚੇਅਰਮੈਨ ਸਰਬਜੀਤ ਸਿੰਘ ਚਤਰੱਥ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸ਼ਾਹਕੋਟ ਤੋਂ ਮੈਂਬਰ ਨਗਰ ਪੰਚਾਇਤ ਪ੍ਰਵੀਨ ਗਰੋਵਰ, ਕੁਲਦੀਪ ਦੀਦ, ਬਲਜਿੰਦਰ ਸਿੰਘ ਖਿੰਡਾ, ਸ਼ਮਸ਼ੇਰ ਸਿੰਘ ਸ਼ੇਰਾ, ਰੂਪ ਲਾਲ ਸ਼ਰਮਾ, ਰਾਖੀ ਮੱਟੂ ਐਮ. ਸੀ, ਬਲਾਕ ਸ਼ਾਹਕੋਟ, ਲੋਹੀਆ ਖਾਸ ਅਤੇ ਮਹਿਤਪੁਰ ਦੇ ਬੀ ਡੀ ਪੀ ਓਜ਼ ਅਤੇ ਮੁਲਾਜ਼ਮ ਵੀ ਮੌਜੂਦ ਸਨ।

### ਵਰ੍ਹੇਗੰਢ ਮੁਬਾਰਕ



ਨਿਰਮਲ ਕੁਮਾਰ ਅਤੇ ਹਰਪ੍ਰੀਤ ਕੌਰ ਨੂੰ ਵਿਆਹ ਦੀ ਵਰ੍ਹੇਗੰਢ ਦੀਆਂ ਮੁਬਾਰਕਾਂ।



ਬਲਕਾਰ ਸਿੰਘ ਅਤੇ ਅਕਵਿੰਦਰ ਕੌਰ ਵਾਸੀ ਕਪੂਰਥਲਾ ਨੂੰ ਵਿਆਹ ਦੀ 21ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।

## ਨਿਤਿਨ ਕੋਹਲੀ ਵੱਲੋਂ ਹੈਲਪਲਾਈਨ ਨੰਬਰ 0181-5018181 ਜਾਰੀ

**ਜਲੰਧਰ** (ਨ ਜ਼ ਸ) ਜਲੰਧਰ ਸੈਂਟਰਲ ਹਲਕੇ ਵਿੱਚ ਲੋਕਾਂ ਤੱਕ ਸਿੱਧੀ ਸਹਾਇਤਾ ਪਹੁੰਚਾਉਣ ਲਈ ਨਿਤਿਨ ਕੋਹਲੀ ਦਫ਼ਤਰ ਵੱਲੋਂ ਨਵਾਂ ਹੈਲਪਲਾਈਨ ਅਤੇ ਦਫ਼ਤਰੀ ਸੇਵਾ ਦੀ ਅਧਿਕਾਰਕ ਸ਼ੁਰੂਆਤ ਕੀਤੀ ਗਈ ਹੈ।ਇਸ ਪਹਿਲ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਖੇਤਰ ਦਾ ਹਰ ਵਸਨੀਕ ਸਰਕਾਰੀ ਯੋਜਨਾਵਾਂ, ਸਮਾਜਿਕ ਸੁਵਿਧਾਵਾਂ ਅਤੇ ਵਿਅਕਤੀਗਤ ਸਮੱਸਿਆਵਾਂ ਦੇ ਹੱਲ ਲਈ ਪ੍ਰਭਾਵਸ਼ਾਲੀ ਮਾਧਿਅਮ ਪ੍ਰਾਪਤ ਕਰ ਸਕੇ।ਇਹ ਪ੍ਰਬੰਧ ਨਾਗਰਿਕਾਂ ਦੀਆਂ ਸਮੱਸਿਆਵਾਂ ਨੂੰ ਸਿੱਧੇ ਸੁਣਨ ਅਤੇ ਉਹਨਾਂ ਦਾ ਤੁਰੰਤ ਹੱਲ ਮੁਹੱਈਆ ਕਰਵਾਉਣ ਲਈ ਤਿਆਰ ਕੀਤਾ ਗਿਆ ਹੈ। ਨਿਤਿਨ ਕੋਹਲੀ ਨੇ ਕਿਹਾ ਕਿ ਜਨਸੇਵਾ ਸਿਰਫ਼ ਅਧਿਕਾਰ ਜਾਂ ਪਦ ਦਾ ਮਾਮਲਾ ਨਹੀਂ, ਬਲਕਿ ਲੋਕਾਂ ਦੀ ਆਵਾਜ਼ ਨੂੰ ਸਮਝਣ ਅਤੇ ਉਹਨਾਂ ਦੀ ਜ਼ਿੰਦਗੀ ਨੂੰ ਆਸਾਨ ਬਣਾਉਣ ਦੀ ਵਚਨਬੱਧਤਾ ਦਾ ਨਤੀਜਾ ਹੈ। ਦਫ਼ਤਰ ਵਿੱਚ ਪੰਜਾਬ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਨਾਲ ਸੰਬੰਧਿਤ ਸਹਾਇਤਾ ਜਿਵੇਂ ਪੈਨਸ਼ਨ, ਬੁਜ਼ੁਰਗ ਆਧਾਰਿਤ ਸਹਾਇਤਾ, ਆਯੁਸ਼ਮਾਨ ਭਾਰਤ ਯੋਜਨਾ, ਰਾਸ਼ਨ ਕਾਰਡ, ਸਕਾਲਰਸ਼ਿਪ, ਲੇਬਰ ਕਾਰਡ, ਸਿਹਤ ਅਤੇ ਕਲਿਆਣ ਯੋਜਨਾਵਾਂ, ਸਬਸਿਡੀ, ਮਹਿਲਾ ਅਤੇ ਬਾਲ ਵਿਕਾਸ ਯੋਜਨਾਵਾਂ, ਆਰਥਿਕ ਸਹਾਇਤਾ ਅਤੇ ਪੰਜਾਬ ਸਰਕਾਰ ਦੀਆਂ ਹੋਰ ਸੇਵਾਵਾਂ ਬਾਰੇ ਸੇਵਾਵਾਂ ਦਿੱਤੀਆਂ ਜਾਣਗੀਆਂ।ਦਫ਼ਤਰ ਦੀ ਟੀਮ ਹਰ ਵਿਅਕਤੀ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਸੁਣਦੀ ਹੈ ਅਤੇ ਸੰਬੰਧਤ ਵਿਭਾਗਾਂ ਨਾਲ ਮਿਲ ਕੇ ਉਸਦਾ ਹੱਲ ਕਰਵਾਉਂਦੀ ਹੈ।ਨਿਤਿਨ ਕੋਹਲੀ ਨੇ ਕਿਹਾ ਕਿ ਜਲੰਧਰ ਸੈਂਟਰਲ ਉਹਨਾਂ ਲਈ ਸਿਰਫ਼ ਇੱਕ ਰਾਜਨੀਤਿਕ ਹਲਕਾ ਨਹੀਂ, ਬਲਕਿ ਇੱਕ ਪਰਵਾਰ ਹੈ। ਉਹਨਾਂ ਇਹ ਵੀ ਭਰੋਸਾ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਇਹ ਸੇਵਾਵਾਂ ਹੋਰ ਵਧਾਈਆਂ ਜਾਣਗੀਆਂ, ਤਾਂ ਜੋ ਨਾਗਰਿਕਾਂ ਨੂੰ ਹੋਰ ਵੱਧ ਸੁਵਿਧਾਵਾਂ ਇੱਕੋ ਥਾਂ 'ਤੇ ਹੀ ਉਪਲਬਧ ਹੋ ਸਕਣ।





ੴ ਸਤਿਗੁਰ ਪ੍ਰਸਾਦਿ

ਜੇਹਾ ਚੀਰੀ ਲਿਖਿਆ ਤੇਰਾ ਹੁਕਮੁ ਕਮਾਹਿ। ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

ਭੋਗ ਅਤੇ ਅੰਤਿਮ ਅਰਦਾਸ



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ

ਸ੍ਰ: ਕਰਨੈਲ ਸਿੰਘ ਸੋਹੀ

ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਮਿਤੀ 20-11-2025, ਦਿਨ ਵੀਰਵਾਰ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ, ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

ਸ੍ਰੀ ਸਹਿਜ ਪਾਠ ਸਾਹਿਬ ਦਾ ਭੋਗ

ਮਿਤੀ 30-11-2025 ਦਿਨ ਐਤਵਾਰ ਨੂੰ ਠੀਕ ਸਵੇਰੇ 11-30 ਤੋਂ ਦੁਪਹਿਰ 1-00 ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਨਗਰ, ਨੇੜੇ ਕੱਕੜਵਾਲ ਚੌਂਕ, ਸੰਗਰੂਰ ਰੋਡ, ਧੂਰੀ ਵਿਖੇ ਪਵੇਗਾ। ਆਪ ਜੀ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

ਦੁਖੀ ਹਿਰਦੇ :-

ਸੁਰਿੰਦਰ ਕੌਰ (ਪਤਨੀ)
ਰਮਣੀਕ-ਜਗਤਾਰ ਸਿੰਘ (ਧੀ-ਜਵਾਈ)
ਗਗਨਦੀਪ-ਸੁਖਜੀਵਨ ਸਿੰਘ (ਧੀ-ਜਵਾਈ
ਮਨਰੀਤ ਕੌਰ (ਦੋਹਤੀ)
ਅਗਮਜੋਤ ਕੌਰ (ਦੋਹਤੀ)
ਜਪਲੀਨ ਕੌਰ (ਦੋਹਤੀ)

Scan For Location

ਪਰਮਜੀਤ ਸਿੰਘ ਸੋਹੀ-ਤਰਨਦੀਪ ਕੌਰ (ਪੁੱਤਰ-ਨੂੰਹ)
ਹਰਮਨਜੀਤ ਸਿੰਘ ਸੋਹੀ (ਪੋਤਰਾ)
ਅਤੇ ਸਮੂਹ ਸੋਹੀ ਪਰਿਵਾਰ
ਰਿਸ਼ਤੇਦਾਰ ਅਤੇ ਮਿੱਤਰ
ਮੋ. 99157-14497
ਮੋ. 97796-99919

ਨੋਟ : ਵੱਖਰੇ ਕਾਰਡ ਨਹੀਂ ਭੇਜੇ ਜਾ ਰਹੇ ਜੀ।